ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਭਾਦੋਂ/ਅੱਸੂ, ਨਾਨਕਸ਼ਾਹੀ ੫੩੯ ਸਤੰਬਰ 2007

ਜਿਲਦ ੫੧ ਅੰਕ ੬

*ਸੰਪਾਦਕ*
**ਸਿਮਰਜੀਤ ਸਿੰਘ**
*ਐਮ.ਏ., ਐਮ.ਐਮ.ਸੀ.*

*ਸਹਾਇਕ ਸੰਪਾਦਕ*
**ਸੁਰਿੰਦਰ ਸਿੰਘ ਨਿਮਾਣਾ**
*ਐਮ.ਏ.,ਬੀ.ਐੱਡ.*

## ਚੰਦਾ

| | |
|---|---|
| ਸਾਲਾਨਾ (ਦੇਸ਼) | ੨੦ ਰੁਪਏ |
| ਲਾਈਫ਼ (ਦੇਸ਼) | ੨੦੦ ਰੁਪਏ |
| ਸਾਲਾਨਾ ਵਿਦੇਸ਼ | ੫੦੦ ਰੁਪਏ |
| ਲਾਈਫ਼ ਵਿਦੇਸ਼ | ੫੦੦੦ ਰੁਪਏ |
| ਪ੍ਰਤੀ ਕਾਪੀ | ੨ ਰੁਪਏ |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Amritsar-143006**

**ਫੋਨ** : 0183-2553956-59 **ਐਕਸ** 304 **ਫੈਕਸ** : 0183-2553919

website : www.sgpc.net e-mail : info@sgpc.net

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਜਾਂ ਮੋ: 98148-98001 'ਤੇ ਸੰਪਰਕ ਕਰੋ ਜੀ।

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਪਾਦਕੀ | | ੪ |
| ਸੰਪਾਦਕੀ ਨੋਟ | | ੭ |
| ਵਿਸ਼ਵ-ਮਾਨਵ ਜੀਵਨ-ਮਾਰਗ ਦਾ ਪ੍ਰੇਰਨਾ-ਸ੍ਰੋਤ... | -ਡਾ. ਜਸਬੀਰ ਸਿੰਘ ਸਾਬਰ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕਤਾ | -ਪ੍ਰੋ. ਸੀਤਲ ਸਿੰਘ | ੨੪ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਸੰਕਲਪ | -ਬੀਬੀ ਮਨਜੀਤ ਕੌਰ ਲੱਖਪੁਰ | ੨੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਅਤੇ ਨੌਂ ਧੁਨੀਆਂ | -ਸਿਮਰਜੀਤ ਸਿੰਘ | ੩੪ |
| ਜਿਨ੍ਹਾਂ ਸਿੰਘਾਂ ਨੇ ਪੁੱਠੀਆਂ ਖੱਲਾਂ ਲੁਹਾਈਆਂ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੫੧ |
| ਸਿੱਖ ਵੀਰਤਾ ਦੀ ਅਦੁੱਤੀ ਘਟਨਾ : ਸਾਕਾ ਸਾਰਾਗੜ੍ਹੀ | -ਡਾ. ਹਰਬੰਸ ਸਿੰਘ | ੫੮ |
| ਡੇਰੇਦਾਰ ਵੱਲੋਂ ਗੁਰਬਾਣੀ ਦੀ ਤੋੜ-ਮਰੋੜ ਕਿਵੇਂ? | -ਸ. ਇੰਦਰਜੀਤ ਸਿੰਘ ਗੋਗੋਆਣੀ | ੬੫ |
| ਸਿੱਖ ਇਸਤਰੀ ਦਾ ਪਰਵਾਰ ਤੇ ਪੰਥ ਪ੍ਰਤੀ ਫ਼ਰਜ਼ | -ਮੇਜਰ ਭਗਵੰਤ ਸਿੰਘ | ੬੯ |
| ਤੁਰਦੇ ਜੋ ਕੰਡਿਆਂ 'ਤੇ ਫੁੱਲਾਂ ਦਾ ਖ਼ਾਬ ਲੈ ਕੇ | -ਸ਼੍ਰੀ ਸੁਸ਼ੀਲ ਦੁਸਾਂਝ | ੭੩ |
| ਅਸ਼ਲੀਲ ਸਾਹਿਤਕਾਰਾਂ ਦਾ ਸਮਾਜ 'ਤੇ ਬੁਰਾ ਪ੍ਰਭਾਵ | -ਸ. ਚਰਨਜੀਤ ਸਿੰਘ | ੭੬ |
| ਪੰਜਾਬ ਦਾ ਬਟਵਾਰਾ ਅਤੇ ਸਿੱਖ:ਇਕ ਇਤਿਹਾਸਕ ਝਾਤ | -ਸ. ਮੁਨੀਸ਼ ਸਿੰਘ | ੭੮ |
| ਤਪਾ ਸ਼ਿਵ ਨਾਥ (ਇਕਾਂਗੀ) | -ਸ: ਦੇਵਿੰਦਰ ਸਿੰਘ | ੮੨ |
| ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ-੨੨ | -ਸ. ਬਲਵਿੰਦਰ ਸਿੰਘ ਜੌੜਾਸਿੰਘਾ | ੮੯ |
| ਕਵਿਤਾਵਾਂ | | ੯੦ |
| ਪੁਸਤਕ ਰੀਵਿਊ | | ੯੪ |
| ਖ਼ਬਰਨਾਮਾ | | ੯੬ |
| ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ | | ੯੯ |


## ਅੱਸੂ ਮਹੀਨੇ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | | |
|---|---|---|
| * ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | ੨ ਅੱਸੂ | ੧੬ ਸਤੰਬਰ |
| * ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਜੀ | ੨ ਅੱਸੂ | ੧੬ ਸਤੰਬਰ |
| * ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਜੀ | ੨ ਅੱਸੂ | ੧੬ ਸਤੰਬਰ |
| * ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | ੨ ਅੱਸੂ | ੧੬ ਸਤੰਬਰ |
| * ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | ੪ ਅੱਸੂ | ੧੮ ਸਤੰਬਰ |
| * ਜੋੜ ਮੇਲਾ ਗੁਰਦੁਆਰਾ ਕੰਧ ਸਾਹਿਬ (ਬਟਾਲਾ) | ੫ ਅੱਸੂ | ੧੯ ਸਤੰਬਰ |
| * ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | ੮ ਅੱਸੂ | ੨੨ ਸਤੰਬਰ |
| * ਬਰਸੀ ਬਾਬਾ ਬੁੱਢਾ ਜੀ (ਰਮਦਾਸ) | ੧੫ ਅੱਸੂ | ੨੯ ਸਤੰਬਰ |
| * ਜੋੜ ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | ੨੧ ਅੱਸੂ | ੫ ਅਕਤੂਬਰ |
| * ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ | ੨੫ ਅੱਸੂ | ੯ ਅਕਤੂਬਰ |
| * ਸ਼ਹੀਦੀ ਸੁਖਦੇਵ ਸਿੰਘ ਸੁੱਖਾ, ਹਰਜਿੰਦਰ ਸਿੰਘ ਜਿੰਦਾ | ੨੫ ਅੱਸੂ | ੯ ਅਕਤੂਬਰ |

# ਗੁਰਬਾਣੀ ਵਿਚਾਰ

*ਮੁੰਦਾਵਣੀ ਮਹਲਾ ੫॥*
*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥*

*(ਪੰਨਾ ੧੪੨੯)*

ਪੰਚਮ ਪਾਤਸ਼ਾਹ 'ਮੁੰਦਾਵਣੀ' ਸਿਰਲੇਖ ਅਧੀਨ ਅੰਕਤ ਇਸ ਪਾਵਨ ਸ਼ਬਦ 'ਚ ਅਧਿਆਤਮਕ ਵੱਥ ਦੀ ਮਨੁੱਖ-ਮਾਤਰ ਦੇ ਕਲਿਆਣ ਹਿਤ ਉਪਯੋਗਤਾ ਦਰਸਾਉਂਦੇ ਹਨ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਸੰਪੂਰਨਤਾ 'ਤੇ ਮਨੁੱਖਤਾ ਦੇ ਕਲਿਆਣ ਵਾਸਤੇ ਕਾਰਗਰ ਅਧਿਆਤਮਕ ਖ਼ਜ਼ਾਨਾ ਇਕੱਤਰ ਹੋਣ 'ਤੇ ਗੁਰੂ ਜੀ ਵਿਸਮਾਦ ਦੇ ਭਾਵਾਵੇਸ਼ 'ਚ ਪਰਮਾਤਮਾ ਦਾ ਧੰਨਵਾਦ ਕਰਦੇ ਹਨ।

ਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਥਾਲ ਵਿਚ ਤਿੰਨ ਵਸਤੂਆਂ 'ਸਤੁ', 'ਸੰਤੋਖੁ' ਅਤੇ 'ਵੀਚਾਰੋ' ਦ੍ਰਿਸ਼ਟਮਾਨ ਹਨ। ਇਹ ਵਸਤੂਆਂ ਪ੍ਰਭੂ-ਨਾਮ ਦੇ ਮੂਲ ਪਦਾਰਥ ਤੋਂ ਉਪਜੀਆਂ ਹਨ। ਪ੍ਰਭੂ-ਨਾਮ ਹੀ ਆਤਮਕ ਜੀਵਨ ਸੁਨਿਸਚਿਤ ਜਾਂ ਯਕੀਨੀ ਬਣਾ ਸਕਦਾ ਹੈ। ਇਹੀ ਪ੍ਰਭੂ-ਨਾਮ ਸਾਰਿਆਂ ਦਾ ਆਸਰਾ ਹੈ। ਪ੍ਰਭੂ-ਨਾਮ ਬਾਰੇ ਇਹੀ ਤੱਥ ਗੁਰੂ ਜੀ ਨੇ ਸੁਖਮਨੀ ਸਾਹਿਬ 'ਚ 'ਨਾਮ ਕੇ ਧਾਰੇ ਸਗਲੇ ਜੰਤ' ਵਾਲੀ ਪਉੜੀ 'ਚ ਵੀ ਬਹੁਤ ਵਿਸਮਾਦੀ ਰੂਪ 'ਚ ਉਜਾਗਰ ਕੀਤਾ ਹੋਇਆ ਹੈ। ਪ੍ਰਭੂ-ਨਾਮ ਦੀ ਉਪਜ ਰੂਪ ਜਿਨ੍ਹਾਂ ਤਿੰਨ ਵਸਤੂਆਂ ਦੀ ਟੋਹ ਬਖਸ਼ਿਸ਼ ਕੀਤੀ ਹੈ ਇਨ੍ਹਾਂ ਦੀ ਉਪਯੋਗਤਾ ਤੇ ਪ੍ਰਸੰਗਿਕਤਾ ਸਦੀਵੀ ਹੈ। ਐਪਰ ਗੁਰੂ ਜੀ ਦਾ ਤਤਕਾਲੀ ਪਦਾਰਥਮੁਖੀ ਯੁੱਗ ਦੇ ਪ੍ਰਸੰਗ 'ਚ ਇਨ੍ਹਾਂ ਨੂੰ ਹੋਰ ਸੁਦ੍ਰਿੜ੍ਹ ਰੂਪ 'ਚ ਅਪਣਾਉਣ ਤੇ ਕਮਾਉਣ ਪ੍ਰਤੀ ਨਿਰਮਲ ਸੰਦੇਸ਼ ਇਸ ਪਾਵਨ ਸ਼ਬਦ 'ਚ ਵਿਦਮਾਨ ਹੈ। ਸਚਿਆਰਤਾ, ਮਾਨਸਕ ਤ੍ਰਿਪਤੀ ਅਤੇ ਆਤਮਕ ਜੀਵਨ ਦੀ ਸੂਝ ਦਾ ਤ੍ਰੈ-ਗੁਣੀ ਸੂਤਰ ਮੌਜੂਦਾ ਦੌਰ 'ਚ ਮਨੁੱਖ-ਮਾਤਰ ਦਾ ਕਲਿਆਣ ਕਰਨ ਹਿਤ ਬੇਹੱਦ ਕਾਰਗਰ ਹੈ। ਇਸ ਨੂੰ ਅਪਣਾਉਣਾ ਸਾਡੀਆਂ ਸਭ ਉਲਝਣਾਂ ਦਾ ਹੱਲ ਹੈ।

ਗੁਰੂ ਜੀ ਕਥਨ ਕਰਦੇ ਹਨ ਕਿ ਥਾਲ 'ਚ ਵਿਦਮਾਨ ਆਤਮਕ ਭੋਜਨ ਦਾ ਸੇਵਨ ਕਰਨ ਵਾਲੇ ਹਰੇਕ ਪ੍ਰਾਣੀ-ਮਾਤਰ ਦਾ ਭਲਾ ਯਕੀਨੀ ਹੈ। ਸਾਨੂੰ ਇਸ ਭੋਜਨ ਦੀ ਕਦਰ ਸਮਝਾਉਣ ਹਿਤ ਗੁਰੂ ਜੀ ਜ਼ੋਰ ਦੇ ਕੇ ਕਥਨ ਕਰਦੇ ਹਨ ਕਿ ਇਹ ਚੀਜ਼ ਛੱਡੀ ਜਾਣ ਵਾਲੀ ਨਹੀਂ, ਇਹ ਇਨਸਾਨੀ ਹਿਰਦੇ 'ਚ ਸੰਭਾਲ ਕੇ ਰੱਖੋ। ਇਸ ਨਾਲ ਜੁੜ ਕੇ ਸੰਸਾਰ ਦਾ ਹਨੇਰਾ ਸਮੁੰਦਰ ਤਰਿਆ ਜਾ ਸਕਦਾ ਹੈ ਕਿਉਂ ਜੋ ਇਸ ਨਾਲ ਅੰਦਰ-ਬਾਹਰ, ਆਸੇ-ਪਾਸੇ ਪਰਮਾਤਮਾ ਦਾ ਪਾਸਾਰ ਦਿੱਸ ਪੈਂਦਾ ਹੈ। ■

ਸੰਪਾਦਕੀ

# ਗੁਰਮੀਤ ਰਾਮ ਰਹੀਮ ਸਿੰਘ ਨੂੰ ਉਸ ਦੇ ਪਾਪਾਂ ਦੀ ਸਜ਼ਾ ਮਿਲ ਕੇ ਰਹੇਗੀ!

*ਮਨੁੱਖ ਨੂੰ ਉਸ ਦੀ ਕਰਨੀ ਦਾ ਹਿਸਾਬ-ਕਿਤਾਬ ਇਕ ਦਿਨ ਦੇਣਾ ਹੀ ਪੈਂਦਾ ਹੈ। ਬੁਰਾ ਕਰਮ ਭਾਵੇਂ ਕਿੰਨਾ ਵੀ ਲੁਕਾ ਕੇ ਕੀਤਾ ਜਾਵੇ ਉਹ ਇਕ ਨਾ ਇਕ ਦਿਨ ਨਸ਼ਰ ਹੋਣਾ ਹੀ ਹੁੰਦਾ ਹੈ। ਪਾਪ ਦਾ ਬੇੜਾ ਪਾਪਾਂ ਦੇ ਭਾਰ ਨਾਲ ਹੀ ਇਕ ਦਿਨ ਡੁੱਬ ਜਾਂਦਾ ਹੈ। ਪਾਪੀ ਨੂੰ ਮਾਰਨ ਵਾਸਤੇ ਉਸ ਦੇ ਪਾਪ ਹੀ ਮਹਾਂਬਲੀ ਹੁੰਦੇ ਹਨ। ਚੋਰੀ ਦਾ ਗੁੜ ਬੜਾ ਮਿੱਠਾ ਲੱਗਦਾ ਹੈ; ਖਾਣ ਵੇਲੇ ਕੁਝ ਜ਼ਿਆਦਾ ਈ ਖਾਧਾ ਜਾਂਦੈ ਜੋ ਮਗਰੋਂ ਸਰੀਰ 'ਤੇ ਫੋੜਿਆਂ-ਫਿੰਮਣੀਆਂ ਦੇ ਰੂਪ 'ਚ ਜ਼ਾਹਰ ਹੁੰਦੈ।*

*ਲੋਕ-ਮਾਨਸਿਕਤਾ ਦਾ ਇਕ ਅਨਿੱਖੜ ਹਿੱਸਾ ਬਣੀਆਂ ਉਕਤ ਧਾਰਨਾਵਾਂ ਤੇ ਅਕੱਟ ਹਕੀਕਤਾਂ ਗੁਰਮੀਤ ਰਾਮ ਰਹੀਮ ਸਿੰਘ 'ਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਹਰਿਆਣਾ ਦੇ ਸ਼ਹਿਰ ਸਿਰਸੇ 'ਚ ਡੇਰਾ ਸੱਚਾ ਸੌਦਾ ਦੇ ਨਾਂ 'ਤੇ ਬਹੁਤ ਵੱਡੇ ਪੱਧਰ 'ਤੇ, ਅਗਿਆਨੀ ਅਤੇ ਭੋਲੇ ਲੋਕਾਂ 'ਚ ਬਹੁਪੱਖੀ ਲੁੱਟ-ਖਸੁੱਟ ਕਰਨ ਵਾਲੇ ਵੱਡੇ ਪਾਖੰਡੀ ਗੁਰਮੀਤ ਰਾਮ ਰਹੀਮ ਸਿੰਘ ਦੇ ਕਾਲੇ ਕਾਰਨਾਮੇ ਪਿਛਲੇ ਪੰਜ-ਛੇ ਸਾਲਾਂ ਤੋਂ ਸਮੇਂ-ਸਮੇਂ ਚਰਚਾ 'ਚ ਹਨ। ਇਸ ਵੱਲੋਂ ਅਗਿਆਨੀ ਤੇ ਭੋਲੇ-ਭਾਲੇ ਲੋਕਾਂ ਦੀ ਲੁੱਟ-ਖਸੁੱਟ ਕਰ ਕੇ ਅਰਬਾਂ ਦੀ ਜਾਇਦਾਦ ਬਣਾਈ ਗਈ ਹੈ। ਇਸ ਦੀ ਲੁੱਟ-ਖਸੁੱਟ ਦਾ ਇਕ ਰੂਪ ਨੌਜਵਾਨ ਕੁੜੀਆਂ ਦਾ ਜਿਸਮਾਨੀ ਸ਼ੋਸ਼ਣ ਕਰਨਾ ਹੈ। ਜ਼ਾਹਰ ਹੋਈਆਂ ਰਿਪੋਰਟਾਂ ਇਹ ਦੱਸਦੀਆਂ ਹਨ ਕਿ ਇਸ ਡੇਰੇ 'ਚ ਅੰਨ੍ਹੀ ਸ਼ਰਧਾ ਰੱਖਣ ਵਾਲੇ ਲੋਕ ਆਪਣੀਆਂ ਨੌਜਵਾਨ ਕੁੜੀਆਂ ਭੇਜਦੇ ਆ ਰਹੇ ਹਨ ਜਿਨ੍ਹਾਂ ਨੂੰ ਸਮੇਂ-ਸਮੇਂ ਗੁਰਮੀਤ ਰਾਮ ਰਹੀਮ ਸਿੰਘ ਦੀ ਕਾਮ-ਹਵਸ ਦਾ ਸ਼ਿਕਾਰ ਬਣਨਾ ਪੈਂਦਾ ਹੈ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਹ ਸਿਲਸਿਲਾ ਬੜੇ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੋਵੇਗਾ ਪਰ ਇਹ ੨੦੦੨ ਦੇ ਵਰ੍ਹੇ 'ਚ ਉਦੋਂ ਜੱਗ-ਜ਼ਾਹਰ ਹੋਇਆ ਜਦੋਂ ਇਸ ਦੀ ਸ਼ਿਕਾਰ ਬਣੀ ਇਕ ਨੌਜਵਾਨ ਕੁੜੀ ਨੇ ਆਪਣੇ ਦੁੱਖ ਦੀ ਵਿਥਿਆ ਉਸ ਸਮੇਂ ਦੇ, ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੂੰ ਇਕ ਗੁਪਤ ਪੱਤਰ ਲਿਖ ਕੇ ਦੱਸੀ। ਮਾਨਯੋਗ ਪ੍ਰਧਾਨ ਮੰਤਰੀ ਨੇ ਇਹ ਪੱਤਰ ਅਮਲੀ ਕਾਰਵਾਈ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਭੇਜ ਦਿੱਤਾ। ਹਾਈਕੋਰਟ ਨੇ ਸਿਰਸਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਆਪਣੀ ਰਿਪੋਰਟ ਦੇਣ ਲਈ ਕਿਹਾ। ਜੱਜ ਨੇ ਇਸ ਕੇਸ ਦੀ ਤਫ਼ਤੀਸ਼ ਕਿਸੇ ਆਜ਼ਾਦ ਏਜੰਸੀ ਕੋਲੋਂ ਕਰਵਾਏ ਜਾਣ ਵਾਸਤੇ ਲਿਖਿਆ। ਇਉਂ ਹਾਈਕੋਰਟ ਵੱਲੋਂ ਤਫ਼ਤੀਸ਼ ਸੀ.ਬੀ.ਆਈ. ਦੇ ਜ਼ਿੰਮੇ ਲੱਗੀ।*

*ਗੁਰਮੀਤ ਰਾਮ ਰਹੀਮ ਸਿੰਘ ਦੇ ਕੁਕਰਮ ਜੱਗ-ਜ਼ਾਹਰ ਹੋਣ ਮਗਰੋਂ ਅਖ਼ਬਾਰਾਂ ਨੇ ਇਸ ਮਾਮਲੇ ਨੂੰ ਯੋਗ ਕਵਰੇਜ ਦੇ ਕੇ ਪ੍ਰਕਾਸ਼ਤ ਕੀਤਾ ਜੋ ਲੋਕਤੰਤਰੀ ਯੁੱਗ 'ਚ ਪ੍ਰੈਸ ਦਾ ਮੁੱਖ*

*ਕਰਤਵ ਹੈ। ਸਿਰਸੇ ਦੇ ਇਕ ਪੱਤਰਕਾਰ ਸ੍ਰੀ ਰਾਮਚੰਦਰ ਛਤਰਪਤੀ ਨੇ ਜਦੋਂ ਇਸ ਕਰਤਵ ਨੂੰ ਯੋਗ ਤਵੱਜੋਂ ਸਹਿਤ ਨਿਭਾਇਆ ਤਾਂ ਗੁਰਮੀਤ ਰਾਮ ਰਹੀਮ ਸਿੰਘ ਨੇ ਉਸ ਦਾ ਕਤਲ ਕਰਵਾ ਦਿੱਤਾ। ਸ੍ਰੀ ਰਾਮਚੰਦਰ ਛਤਰਪਤੀ ਦੇ ਲੜਕੇ ਵੱਲੋਂ, ਡੇਰਾ-ਮੁਖੀ ਵੱਲੋਂ ਆਪਣੇ ਪਿਤਾ ਦੇ ਕਤਲ ਦਾ ਦੋਸ਼ ਲਾਇਆ ਗਿਆ। ਜਦੋਂ ਉਸ ਨੂੰ ਪੁਲਿਸ ਨੇ ਕੋਈ ਪੱਲਾ ਨਾ ਪਕੜਾਇਆ ਤਾਂ ਉਸ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਅਤੇ ਸੀ.ਬੀ.ਆਈ. ਪਾਸੋਂ ਤਫ਼ਤੀਸ਼ ਦੀ ਮੰਗ ਕੀਤੀ। ਇਉਂ ਹੀ ਰਣਜੀਤ ਸਿੰਘ ਡੇਰੇ ਦੀ ਹੀ ੧੦-ਮੈਂਬਰੀ ਕਮੇਟੀ ਦਾ ਮੈਂਬਰ ਸੀ। ਪ੍ਰਕਾਸ਼ਿਤ ਹੋ ਰਹੀਆਂ ਰਿਪੋਰਟਾਂ ਅਨੁਸਾਰ ਪ੍ਰਧਾਨ ਮੰਤਰੀ ਨੂੰ ਗੁੰਮਨਾਮ ਚਿੱਠੀ ਲਿਖਣ ਵਾਲੀ ਲੜਕੀ ਰਣਜੀਤ ਸਿੰਘ ਦੀ ਭੈਣ ਸੀ। ਡੇਰਾ-ਮੁਖੀ ਨੂੰ ਜਦ ਚਿੱਠੀ ਲਿਖਣ ਬਾਰੇ ਪਤਾ ਲੱਗਾ ਕਿ ਇਹ ਰਣਜੀਤ ਸਿੰਘ ਦੀ ਭੈਣ ਹੈ ਤਾਂ ਉਸ ਨੇ ਰਣਜੀਤ ਸਿੰਘ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ। ਆਪਣੀ ਭੈਣ ਨਾਲ ਹੋਈ ਜ਼ਿਆਦਤੀ ਤੇ ਹਾਲਾਤ ਦੇ ਮੱਦੇ ਨਜ਼ਰ ਉਸ ਵੱਲੋਂ ਡੇਰੇ ਪ੍ਰਤੀ ਅੰਨ੍ਹੀ ਵਫ਼ਾਦਾਰੀ ਦਾ ਦਮ ਹੋਰ ਸਮਾਂ ਨਾ ਭਰਨ ਕਰਕੇ ਡੇਰਾ-ਮੁਖੀ ਵੱਲੋਂ ਉਸ ਦਾ ਵੀ ਕਤਲ ਕਰਵਾ ਦਿੱਤਾ ਗਿਆ। ਤਫ਼ਤੀਸ਼ ਦੀ ਮੌਜੂਦਾ ਸਥਿਤੀ ਸਬੰਧੀ ਪਾਠਕ ੨ ਅਗਸਤ, ੨੦੦੭ ਦੀ 'ਅਜੀਤ' ਵਿਚ ਪ੍ਰਕਾਸ਼ਤ ਰਿਪੋਰਟ ਦੇ ਇਨ੍ਹਾਂ ਵਾਕਾਂ ਨੂੰ ਅਧਿਐਨ ਕਰਨ:*

*ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸੀ.ਬੀ.ਆਈ. ਨੇ ਜੋ ਪੂਰਕ ਦੋਸ਼ ਪੱਤਰ ਦਾਇਰ ਕੀਤਾ ਹੈ ਉਸ ਵਿਚ ਗੁਰਮੀਤ ਰਾਮ ਰਹੀਮ ਦੇ ਖਿਲਾਫ਼ ਦੋ ਲੜਕੀਆਂ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ ਅਤੇ ਰਣਜੀਤ ਸਿੰਘ ਕਤਲ ਕੇਸ ਵਿਚ ਡੇਰਾ ਮੁਖੀ ਦੇ ਖਿਲਾਫ਼ ਹੋਰਨਾਂ ਪੰਜ ਦੋਸ਼ੀਆਂ ਮੈਨੇਜਰ ਡੇਰਾ ਇੰਦਰ ਸੇਨ, ਅਵਤਾਰ ਸਿੰਘ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਅਤੇ ਸ਼ਬਦਿਲ ਸਿੰਘ ਬਾਡੀਗਾਰਡ ਨਾਲ ਮਿਲ ਕੇ ਕਤਲ ਲਈ ਸਾਜ਼ਿਸ਼ ਰਚਣ ਦਾ ਦੋਸ਼ ਹੈ ਅਤੇ ਇਸ ਦੇ ਨਾਲ ਹੀ ਪੱਤਰਕਾਰ ਛਤਰਪਤੀ ਜਿਸ ਦਾ ਕਤਲ ੨੪ ਅਕਤੂਬਰ, ੨੦੦੨ ਨੂੰ ਹੋਇਆ ਸੀ, ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਕ੍ਰਿਸ਼ਨ ਲਾਲ, ਕੁਲਦੀਪ ਸਿੰਘ ਅਤੇ ਨਿਰਮਲ ਦੇ ਖਿਲਾਫ਼ ਦੋਸ਼ ਪੱਤਰ ਦਾਇਰ ਕੀਤਾ ਹੈ।*

*੨੭ ਜੁਲਾਈ ਦੀਆਂ ਅਖ਼ਬਾਰਾਂ ਦੀਆਂ ਰਿਪੋਰਟਾਂ ਇਸ ਡੇਰਾ-ਮੁਖੀ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਵੱਲੋਂ ਡੇਰਾ-ਮੁਖੀ ਬਾਰੇ ਸਨਸਨੀਖੇਜ਼ ਇੰਕਸ਼ਾਫ਼ ਕਰਨ ਦੀ ਜਾਣਕਾਰੀ ਦਿੰਦਿਆਂ ਦੇਖੀਆਂ-ਪੜ੍ਹੀਆਂ ਜਾ ਸਕਦੀਆਂ ਹਨ। ਇੰਡੀਆ ਟੀ.ਵੀ. ਅਤੇ ਤਹਿਲਕਾ ਦੇ ਸਾਂਝੇ ਸਟਿੰਗ ਆਪ੍ਰੇਸ਼ਨ 'ਚ ਡਰਾਈਵਰ ਦੀ ਗੱਲਬਾਤ ਖੁਫ਼ੀਆ ਕੈਮਰੇ ਵਿਚ ਬੰਦ ਕੀਤੀ ਗਈ ਹੈ ਜਿਸ ਵਿਚ ਡੇਰੇ 'ਚ ਬਣੀ ਗੁਫਾ ਅੰਦਰ ਕੁੜੀਆਂ ਦੀ ਪੱਤ ਲੁੱਟੇ ਜਾਣ ਅਤੇ ਰਣਜੀਤ ਸਿੰਘ ਦੇ ਕਤਲ ਦੇ ਨਾਲ-ਨਾਲ ਡੇਰੇ 'ਚ ਕੀਤੇ ਗਏ ਕਈ ਹੋਰ ਕਤਲਾਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਆਸ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇਂ 'ਚ ਕੁੜੀਆਂ ਦੇ ਜਿਸਮਾਨੀ ਸ਼ੋਸ਼ਣ ਅਤੇ ਕਈ ਕਤਲਾਂ ਸਬੰਧੀ ਰਹੱਸ ਜੱਗ-ਜ਼ਾਹਰ ਹੋ ਜਾਣਗੇ। ਸੋਚਣ ਵਾਲੀ ਗੱਲ ਇਹ ਹੈ ਕਿ ਜਵਾਨ ਕੁੜੀਆਂ ਦੀ ਪੱਤ ਰੋਲਣ ਵਾਲੇ ਡੇਰਾ-ਮੁਖੀ ਦਾ ਇਹ ਘਿਨਾਉਣਾ ਕਾਰਾ ਕੁੜੀਆਂ ਦੇ ਮਾਪੇ ਅਤੇ ਹੋਰ ਪਰਿਵਾਰਕ ਜੀਅ ਕਿਵੇਂ ਅਤੇ ਕਿਉਂ ਸਹਿਨ ਕਰ ਰਹੇ ਹਨ! ਇਹ ਬੜਾ*

ਹੀ ਘਿਨਾਉਣਾ ਕੁਕਰਮ ਹੈ। ਇਸ ਨੂੰ ਦਰਗੁਜ਼ਰ ਕਰਨਾ ਕਿਸੇ ਤਰ੍ਹਾਂ ਵੀ ਯੋਗ ਨਹੀਂ।

ਡੇਰਾ-ਮੁਖੀ ਨੇ ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਦਾ ਸੁਆਂਗ ਉਤਾਰਨ ਸਮੇਂ ਕਈ ਹੋਰ ਕੋਝੇ ਮਨੋਰਥਾਂ ਦੀ ਪੂਰਤੀ ਦੇ ਨਾਲ-ਨਾਲ ਨਿਆਂ ਏਜੰਸੀਆਂ ਦਾ ਧਿਆਨ ਵਿਚਲਤ ਕਰਨ ਦੀ ਸੋਚੀ ਹੋਵੇ ਪਰ ਇਹ ਆਖ਼ਰੀ ਕਾਰਾ ਉਸ ਦੀ ਪਾਪਾਂ ਤੇ ਕੁਕਰਮਾਂ ਦੀ ਬੇੜੀ ਨੂੰ ਡੋਬਣ ਦਾ ਕਾਰਨ ਬਣੇਗਾ ਹੀ। ਸ਼ਾਇਦ ਅਜੇ ਸਮਾਂ ਪੂਰੀ ਤਰ੍ਹਾਂ ਪ੍ਰਪੱਕ ਹੋਣ 'ਚ ਕੁਝ ਵਕਫ਼ਾ ਬਾਕੀ ਰਹਿੰਦਾ ਹੋਵੇ। ਤਸੱਲੀ ਵਾਲੀ ਗੱਲ ਇਹ ਵੀ ਹੈ ਕਿ ਵਧੇਰੇ ਪ੍ਰਿੰਟ ਮੀਡੀਆ ਡੇਰਾ-ਮੁਖੀ ਦੇ ਕੋਝੇ ਕਾਰਿਆਂ ਨੂੰ ਦਰਸਾਉਣ ਦੇ ਆਪਣੇ ਜ਼ਿੰਮੇ ਲੱਗਦੇ ਕਰਤਵ ਨੂੰ ਕਾਫ਼ੀ ਚੰਗੀ ਤਰ੍ਹਾਂ ਨਿਭਾ ਰਿਹਾ ਹੈ। ਜੇਕਰ ਆਉਣ ਵਾਲੇ ਸਮੇਂ 'ਚ ਵੀ ਪ੍ਰਿੰਟ ਮੀਡੀਆ ਇਉਂ ਹੀ ਆਪਣਾ ਕਰਤਵ ਨਿਭਾਉਂਦਾ ਰਿਹਾ ਅਤੇ ਇਸ ਦੇ ਨਾਲ-ਨਾਲ ਇਲੈਕਟ੍ਰੋਨਿਕ ਮੀਡੀਆ ਵੀ ਇਵੇਂ ਹੀ ਸੁਹਿਰਦਤਾ ਤੇ ਨੇਕ-ਨੀਅਤੀ ਨਾਲ ਆਪਣੇ ਜ਼ਿੰਮੇ ਲੱਗਦੇ ਕਰਤਵ ਨਿਭਾਉਣ ਦੀ ਦਿਸ਼ਾ 'ਚ ਨਿੱਗਰ ਕਦਮ ਪੁੱਟਣ ਤੋਂ ਪਿਛਾਂਹ ਨਾ ਹਟਿਆ ਤਾਂ ਇਸ ਕੁਕਰਮੀ ਤੇ ਘੋਰ ਅਪਰਾਧੀ ਨੂੰ ਇਸ ਦੀਆਂ ਕੀਤੀਆਂ ਦਾ ਯੋਗ ਫਲ ਛੇਤੀ ਮਿਲਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ। ਲੋਕਤੰਤਰੀ ਯੁੱਗ 'ਚ ਸਮੁੱਚੇ ਮੀਡੀਏ ਦਾ ਦੇਸ਼ 'ਚ ਸ਼ੁੱਧ-ਸਾਫ਼ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਰਖਵਾਲੀ ਸਬੰਧੀ ਫ਼ਰਜ਼ ਵੀ ਉਨ੍ਹਾਂ ਨੂੰ ਇਸ ਦਿਸ਼ਾ 'ਚ ਕ੍ਰਿਆਸ਼ੀਲ ਹੋਣ ਵਾਸਤੇ ਪ੍ਰੇਰ ਰਿਹਾ ਹੈ। ਨਿਆਂ-ਪਾਲਿਕਾ ਤੋਂ ਆਸ ਕਰਨੀ ਚਾਹੀਦੀ ਹੈ ਕਿ ਉਹ ਦੋਸ਼ੀ ਨੂੰ ਜਿੰਨੀ ਛੇਤੀ ਹੋ ਸਕੇ ਉਸ ਦੁਆਰਾ ਕੀਤੇ ਅਪਰਾਧਾਂ ਵਾਸਤੇ ਸਜ਼ਾ ਦੇਵੇ ਤਾਂ ਜੋ ਦੇਸ਼ 'ਚ ਐਸੇ ਅਨੈਤਿਕ ਕਾਰਿਆਂ ਨੂੰ ਅੱਗੋਂ ਵਾਸਤੇ ਠੱਲ੍ਹ ਪੈ ਸਕੇ। ਡੇਰਾ-ਮੁਖੀ ਦੇ ਜਬਰ-ਜਿਨਾਹ ਦਾ ਸ਼ਿਕਾਰ ਹੋਣ ਵਾਲੀਆਂ ਕੁੜੀਆਂ ਨੂੰ ਇਸ ਸਮੇਂ ਇਸ ਕਾਮੀ ਦਰਿੰਦੇ ਵਿਰੁੱਧ ਨਿੱਤਰਨ ਤੋਂ ਕਮਜ਼ੋਰੀ ਨਹੀਂ ਦਿਖਾਉਣੀ ਚਾਹੀਦੀ। ਉਹ ਇਸ ਨੂੰ ਇਸ ਦੇ ਪਾਪਾਂ-ਕੁਕਰਮਾਂ ਦੀ ਸਜ਼ਾ ਦਿਵਾ ਕੇ ਆਪਣੀਆਂ ਹੋਰ ਅਨੇਕਾਂ ਭੈਣਾਂ ਦੀ ਇੱਜ਼ਤ-ਆਬਰੂ ਨੂੰ ਵੀ ਸੁਰੱਖਿਅਤ ਕਰਨ ਦਾ ਸੁਕਰਮ ਜਾਂ ਪੁੰਨ ਕਮਾ ਸਕਦੀਆਂ ਹਨ ਜੋ ਆਉਣ ਵਾਲੇ ਸਮੇਂ 'ਚ ਇਸ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਸਕਦੀਆਂ ਹਨ।

ਅੰਨ੍ਹੀ ਸ਼ਰਧਾ ਵੱਸ ਇਸ ਦੇ ਪਿੱਛੇ ਲੱਗੇ ਹਿੰਦੂ ਅਤੇ ਮੁਸਲਮਾਨ ਵੀਰਾਂ-ਭੈਣਾਂ ਨੂੰ ਸਨਿਮਰ ਸੁਝਾਅ ਹੈ ਕਿ ਉਹ ਇਸ ਦੀ ਖਸਲਤ ਤੋਂ ਜਾਣੂ ਹੋਣ ਵਾਸਤੇ ਇਸ ਦੁਆਰਾ ਲਿਖੀ ਕਿਤਾਬ 'ਪਾਰਸ ਦੀ ਬੱਟੀ' ਪੜ੍ਹ ਲੈਣ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਉਨ੍ਹਾਂ ਦੇ ਧਰਮ 'ਤੇ ਇਸ ਨੇ ਕਿੰਨੇ ਅਸ਼ੋਭਨੀਕ ਹਮਲੇ ਕੀਤੇ ਹਨ! ਨਾਲੇ ਉਹ ਇਹ ਵੀ ਜ਼ਰੂਰ ਦੇਖਣ ਕਿ ਇਸ ਨੇ ਜੋ ਉਨ੍ਹਾਂ ਦੇ ਅਵਤਾਰ ਅਤੇ ਪੈਗ਼ੰਬਰ ਦੇ ਨਾਮ ਆਪਣੇ ਨਾਮ ਨਾਲ ਜੋੜੇ ਹਨ ਕੀ ਇਸ ਦੇ ਕਾਲੇ ਕਾਰਿਆਂ ਨਾਲ ਉਨ੍ਹਾਂ ਅਵਤਾਰਾਂ, ਪੈਗ਼ੰਬਰਾਂ ਦੇ ਭਲੇ ਨਾਮਾਂ ਦੀ ਹੇਠੀ ਨਹੀਂ ਹੋ ਰਹੀ? ਕੀ ਰਾਮ ਅਤੇ ਰਹੀਮ ਕਿਤੇ ਇਵੇਂ ਕਰਦੇ ਸਨ? ਇਸ ਦੇ ਕਾਲੇ ਕਾਰਿਆਂ ਨੂੰ ਜੱਗ ਜ਼ਾਹਰ ਕਰ ਕੇ ਇਸ ਦੇ ਪਾਖੰਡਵਾਦ ਨੂੰ ਖ਼ਤਮ ਕਰਨਾ ਸਮੁੱਚੀ ਮਨੁੱਖਤਾ ਦੇ ਹਿੱਤ 'ਚ ਹੈ।

■

**ਸੰਪਾਦਕੀ ਨੋਟ**

# ਨਿਆਂ ਕਿ ਘੋਰ ਅਨਿਆਂ?

***ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।***
***ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ, ਇਹ ਕਦੋਂ ਤਕ ਇਥੇ ਖੜ੍ਹੇ ਰਹਿਣਗੇ?***

*੩੦ ਜੁਲਾਈ, ੨੦੦੭ ਨੂੰ ੧੯੯੫ 'ਚ ਵਾਪਰੇ ਬੇਅੰਤ ਸਿੰਘ ਕਤਲ ਕਾਂਡ 'ਚ ਫੜੇ ਕਥਿਤ ਦੋਸ਼ੀਆਂ ਵਿੱਚੋਂ ਦੋ (ਸ. ਜਗਤਾਰ ਸਿੰਘ ਹਵਾਰਾ ਅਤੇ ਸ. ਬਲਵੰਤ ਸਿੰਘ) ਨੂੰ ਅਤਿ ਸੰਗੀਨ ਦੋਸ਼ੀ ਗਰਦਾਨਦਿਆਂ ਫਾਂਸੀ ਦੀ ਸਜ਼ਾ ਸੁਣਾਉਣਾ ਅਤੇ ਤਿੰਨਾਂ (ਸ. ਗੁਰਮੀਤ ਸਿੰਘ, ਸ. ਲਖਵਿੰਦਰ ਸਿੰਘ ਅਤੇ ਸ. ਸ਼ਮਸ਼ੇਰ ਸਿੰਘ) ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣਾ ਨਾ ਕੇਵਲ ਸਿੱਖਾਂ ਦੇ ਮਨਾਂ 'ਚ ਹੀ ਸਗੋਂ ਨਿਰਪੱਖ, ਨਿਆਂਪਸੰਦ ਤੇ ਸੰਵੇਦਨਸ਼ੀਲ ਭਾਰਤੀ ਲੋਕਾਂ ਦੇ ਮਨਾਂ 'ਚ ਵੀ ਭਾਰਤੀ ਨਿਆਂਪਾਲਿਕਾ ਦੀ ਪੱਖਪਾਤ ਵਾਲੀ ਕਾਰਜ-ਪ੍ਰਣਾਲੀ ਸਬੰਧੀ ਤਿੱਖਾ ਅਹਿਸਾਸ ਉਪਜਾਉਂਦਾ ਹੈ। ਭਾਰਤੀ ਨਿਆਂ-ਪ੍ਰਣਾਲੀ ਦਰਅਸਲ ਦੇਸ਼ ਦੀ ਬਹੁਗਿਣਤੀ ਨਾਲ ਸਿੱਧੇ ਅਤੇ ਲੁਕਵੇਂ ਦੋਨਾਂ ਰੂਪਾਂ 'ਚ ਸੰਬੰਧਤ ਹੈ ਜਿਸ ਦਾ ਅਸਰ ਨਿਆਂਪਾਲਿਕਾ ਵੱਲੋਂ ਦਿੱਤੇ ਜਾਂਦੇ ਫੈਸਲਿਆਂ ਉੱਪਰ ਥੋੜ੍ਹਾ ਜਾਂ ਬਹੁਤਾ ਪੈਂਦਾ ਹੀ ਹੈ। ਦੇਸ਼ ਦੀ ਸ਼ਾਸਕ ਸ਼੍ਰੇਣੀ ਦੀ, ਦੇਸ਼ ਭਗਤ, ਅਣਖੀਲੀ ਤੇ ਸੂਰਬੀਰ ਸਿੱਖ ਕੌਮ ਪ੍ਰਤੀ ਘਿਰਣਾ ਵਾਲੀ ਮਾਨਸਿਕਤਾ ਅਜੇ ਵੀ ਕਾਰਜਸ਼ੀਲ ਹੈ। ਹਾਕਮ ਸ਼੍ਰੇਣੀ ਨੇ ਘੋਰ ਜ਼ੁਲਮ ਤੇ ਅਨਿਆਂ ਦੀ ਗਲਤ ਨੀਤੀ ਅਪਣਾਈ। ਸਿੱਖ ਨੌਜਵਾਨੀ ਦੇ ਮਨਾਂ 'ਚ ਖ਼ੁਦ ਹੀ ਗੁੱਸਾ ਭਰਿਆ। ਫਿਰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ੩੮ ਹੋਰ ਗੁਰਦੁਆਰਿਆਂ 'ਤੇ ਭਾਰਤੀ ਫੌਜ ਚੜ੍ਹਾਈ; ਦਿੱਲੀ ਅਤੇ ਕਈ ਹੋਰ ਵੱਡੇ ਸ਼ਹਿਰਾਂ 'ਚ ਸਿੱਖ ਕੌਮ ਦੀ ਨਸਲਕੁਸ਼ੀ ਦੀ ਕੋਝੀ ਕਾਰਵਾਈ ਸਰਕਾਰੀ ਤੰਤਰ ਤੇ ਸ਼ਾਸਕ ਪਾਰਟੀ ਦੇ ਸਰਕਰਦਾ ਆਗੂਆਂ ਦੀ ਅਗਵਾਈ ਅਧੀਨ ਹੋਈ ਜਿਸ 'ਚ ਦੇਸ਼ ਦਾ ਨਵਾਂ ਬਣਿਆ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਖ਼ੁਦ ਵੀ ਦੋਸ਼ੀ ਸੀ। ਦਿੱਲੀ ਤੇ ਹੋਰ ਸ਼ਹਿਰਾਂ 'ਚ ਸਿੱਖ ਕੌਮ ਦੀ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਕੀ ਸਜ਼ਾ ਦਿੱਤੀ ਗਈ ਹੈ? ਇਹ ਕੇਂਦਰੀ ਸ਼ਾਸਕ ਪਾਰਟੀ ਤੇ ਸਮੁੱਚੇ ਸਰਕਾਰੀ ਨਿਜ਼ਾਮ ਨੂੰ ਪੁੱਛਣਾ ਬਣਦਾ ਹੈ। ਬੇਅੰਤ ਸਿੰਘ ਨੇ ਪੰਜਾਬ ਦਾ ਮੁੱਖ ਮੰਤਰੀ ਹੋਣ ਸਮੇਂ ਸ਼ਾਂਤੀ ਦੀ ਬਹਾਲੀ ਦੇ ਨਾਂ ਹੇਠ ਸਿੱਖ ਨੌਜਵਾਨੀ ਅਤੇ ਸਿੱਖ ਕੌਮ ਦੀ ਨਸਲਕੁਸ਼ੀ ਦਾ ਜੋ ਦੌਰ ਚਲਾਇਆ ਉਲੇਖ ਅਧੀਨ ਬੰਬ-ਕਾਂਡ ਉਸ ਦੇ ਖਿਲਾਫ਼ ਸਿੱਖ ਨੌਜਵਾਨਾਂ ਦੇ ਪ੍ਰਤੀਕਰਮ ਦਾ ਹੀ ਇਕ ਪ੍ਰਗਟਾਵਾ ਸੀ। ਸਿੱਖ ਨੌਜਵਾਨਾਂ ਦੁਆਰਾ ਇਸ ਕਾਂਡ ਨੂੰ ਅੰਜਾਮ ਦੇਣ ਸਮੇਂ ਉਨ੍ਹਾਂ ਦੇ ਧਾਰਮਿਕ ਜਜ਼ਬਾਤ ਬੜੇ ਪੀੜਤ ਸਨ। ਮੁੱਖ ਮੰਤਰੀ ਨਾਲ ਉਨ੍ਹਾਂ ਦੀ ਕੋਈ ਜ਼ਾਤੀ ਰੰਜਸ਼ ਜਾਂ ਵੈਰ ਤਾਂ ਹੈ ਨਹੀਂ ਸੀ। ਕਿਸੇ ਵੀ ਨਿਆਂਪਾਲਿਕਾ ਨੂੰ ਨਿਆਂ ਕਰਨ ਸਮੇਂ ਐਸੇ ਪੱਖਾਂ ਨੂੰ ਮੂਲੋਂ ਹੀ ਅਣਗੌਲ ਦੇਣਾ ਠੀਕ ਨਹੀਂ ਮੰਨਿਆ ਜਾ ਸਕਦਾ। ਨਾਲੇ ਇਹ ਸਿੱਖ ਨੌਜਵਾਨ ਕਾਂਡ ਨੂੰ ਅਮਲੀ ਰੂਪ ਦੇਣ 'ਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ। ਕਾਂਡ ਨੂੰ ਅਮਲੀ ਰੂਪ ਦੇਣ ਵਾਲਾ ਸਿੱਖ ਨੌਜਵਾਨ ਤਾਂ ਖ਼ੁਦ ਵੀ ਬੰਬ-ਕਾਂਡ ਦੀ ਭੇਟ ਚੜ੍ਹ ਗਿਆ। ਸੁਪਰੀਮ ਕੋਰਟ ਤਾਂ ਕਹਿ ਰਹੀ ਹੈ ਕਿ ਫਾਂਸੀ ਵਿਰਲੇ ਕੇਸਾਂ 'ਚ ਦਿਓ। ਮਨੁੱਖੀ ਅਧਿਕਾਰ ਸੰਗਠਨ ਫਾਂਸੀ ਦੀ ਸਜ਼ਾ ਦੇ ਸਖ਼ਤ ਖ਼ਿਲਾਫ ਹਨ। ਵਰ੍ਹਿਆਂ-ਬੱਧੀ ਖੱਜਲ-ਖੁਆਰ ਕਰਕੇ ਦੋ ਸਿੱਖ ਨੌਜਵਾਨਾਂ ਨੂੰ ਫਾਂਸੀ ਅਤੇ ਤਿੰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣਾ ਨਾ ਕੇਵਲ ਸੰਬੰਧਤ ਸਿੱਖ ਨੌਜਵਾਨਾਂ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਸਗੋਂ ਸਮੁੱਚੀ ਸਿੱਖ ਕੌਮ ਨਾਲ ਇਕ ਵੱਡਾ ਧੱਕਾ ਤੇ ਅਨਿਆਂ ਹੈ। ਭਾਰਤੀ ਨਿਆਂਪਾਲਿਕਾ ਨੂੰ ਇਸ ਫ਼ੈਸਲੇ ਨੂੰ ਮੁੜ ਵਿਚਾਰ ਕੇ ਸਿੱਖ ਕੌਮ ਨੂੰ ਦੇਸ਼ ਦੀ ਮੁੱਖ ਧਾਰਾ ਤੇ ਵਿਕਾਸ-ਲੀਹ ਨਾਲ ਜੋੜਨ ਵਾਸਤੇ ਉਸਾਰੂ ਰੋਲ ਅਦਾ ਕਰਨਾ ਚਾਹੀਦਾ ਹੈ।* ■

# ਵਿਸ਼ਵ-ਮਾਨਵ ਜੀਵਨ-ਮਾਰਗ ਦਾ ਪ੍ਰੇਰਨਾ-ਸ੍ਰੋਤ : ਸ੍ਰੀ ਗੁਰੂ ਗ੍ਰੰਥ ਸਾਹਿਬ

*-ਡਾ. ਜਸਬੀਰ ਸਿੰਘ ਸਾਬਰ**

ਯੂ.ਐਨ.ਓ. ਦੀ ਜਨਰਲ ਅਸੈਂਬਲੀ ਨੇ ੧੦ ਦਸੰਬਰ, ੧੯੪੮ ਨੂੰ ਮਾਨਵ-ਅਧਿਕਾਰਾਂ (Human Rights) ਦੇ ਸੰਦਰਭ ਵਿਚ ਇਕ ਮਤਾ (ਮਤਾ ਨੰ: ੨੧੭-A) ਪਾਸ ਕਰਦਿਆਂ ਸਾਰੇ ਮੈਂਬਰ ਦੇਸ਼ਾਂ ਨੂੰ ਆਖਿਆ ਸੀ ਕਿ ਉਹ ਆਪੋ-ਆਪਣੇ ਦੇਸ਼ਾਂ ਅਤੇ ਪ੍ਰਭਾਵ-ਅਧੀਨ ਖੇਤਰਾਂ ਵਿਚ ਉਥੋਂ ਦੀਆਂ ਵਿਦਿਅਕ ਅਤੇ ਸਮਾਜਿਕ ਸੰਸਥਾਵਾਂ ਵਿਚ ਬਿਨਾਂ ਭੇਦ-ਭਾਵ ਇਹ ਸੰਦੇਸ਼ ਸੰਚਾਰਨ ਕਿ:

All human beings are born free and equal in dignity and rights. They are endowed with reason and conscience and should act towards one another in a spirit of brotherhood.

ਜੇਕਰ ਮੈਂਬਰ ਦੇਸ਼ਾਂ ਵੱਲੋਂ ਇਸ ਮਤੇ ਦੀ ਮੂਲ ਭਾਵਨਾ ਅਨੁਸਾਰ ਅਮਲ ਕੀਤਾ ਗਿਆ ਹੁੰਦਾ ਤਾਂ ਅੱਜ ਮਾਨਵ-ਸੰਸਾਰ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ। ਪਰ ਇਸ ਮਤੇ ਦੀ ਘੋਰ ਉਲੰਘਣਾ ਹੀ ਉਨ੍ਹਾਂ ਵੱਡੇ ਦੇਸ਼ਾਂ ਵੱਲੋਂ ਕੀਤੀ ਗਈ ਜੋ ਇਸ ਦੇ ਅਲੰਬਰਦਾਰ ਸਨ। ਨਤੀਜਾ ਸਾਡੇ ਸਾਹਮਣੇ ਹੈ ਕਿ ਅੱਜ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਦੇ ਬਾਵਜੂਦ ਮਾਨਵ-ਸੰਸਾਰ, ਵਿਸ਼ਵ-ਪੱਧਰ 'ਤੇ ਜਾਨ ਲੇਵਾ ਬਿਮਾਰੀਆਂ, ਨਸ਼ਿਆਂ, ਪ੍ਰਦੂਸ਼ਣ, ਆਤੰਕਵਾਦ, ਵੱਖਵਾਦ, ਧੜਾਵਾਦ, ਖਿੱਤਾਵਾਦ, ਸੰਪਰਦਾਇਕਤਾ, ਨਿੱਜਵਾਦ, ਭੁੱਖਮਰੀ, ਬੇਰੁਜ਼ਗਾਰੀ ਆਦਿ ਸਮੱਸਿਆਵਾਂ ਦਾ ਸ਼ਿਕਾਰ ਹੋਇਆ ਪਿਆ ਹੈ। ਚਿੰਤਾਜਨਕ ਮੁੱਦਾ ਜੋ ਸਾਡੇ ਸਨਮੁਖ ਹੈ ਉਹ ਇਹ ਹੈ ਕਿ ਇਹ ਸਮੱਸਿਆਵਾਂ ਮੁੱਖ ਤੌਰ 'ਤੇ ਮਾਨਵ-ਬਿਰਤੀ ਦੀ ਉਪਜ ਹਨ ਅਤੇ ਮਾਨਵ-ਸੰਸਾਰ ਦੀ ਸਲਾਮਤੀ ਲਈ ਹੀ ਖ਼ਤਰੇ ਦੀ ਘੰਟੀ ਹਨ।

ਯੂ.ਐਨ.ਓ. ਦੇ ਇਸ ਮਤੇ ਦੇ ਸੰਦਰਭ ਵਿਚ ਜੋ ਨੁਕਤਾ ਸਾਡੇ ਧਿਆਨ ਦੀ ਵਿਸ਼ੇਸ਼ ਤੌਰ 'ਤੇ ਮੰਗ ਕਰਦਾ ਹੈ ਉਹ ਇਹ ਹੈ ਕਿ ਜਿਸ ਮਾਨਵ-ਸੁਤੰਤਰਤਾ, ਬਰਾਬਰੀ ਦੇ ਹੱਕ ਅਤੇ ਭ੍ਰਾਤਰੀਭਾਵ ਦੀ ਗੱਲ ਇਸ ਮਤੇ ਵਿਚ ਕੀਤੀ ਗਈ ਹੈ ਉਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੪੦੦ ਸਾਲ ਪਹਿਲਾਂ ਹੀ ਅੰਕਤ ਕਰ ਦਿੱਤੀ ਗਈ ਸੀ ਜਦੋਂ ਕਿ ਯੂ.ਐਨ.ਓ. ਦੇ ਮਤੇ ਨੂੰ ਅੱਧੀ ਸਦੀ ਦਾ ਸਮਾਂ ਹੀ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਿਲਤ ਮਾਨਵ-ਹਿਤੂ ਸੰਦੇਸ਼ਾਂ ਉੱਤੇ

** ਰੀਟਾ. ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।*

ਵੀ ਯੂ.ਐਨ.ਓ. ਦੇ ਮੈਂਬਰ ਦੇਸ਼ਾਂ ਵਾਂਗ ਇਸ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਅਵੇਦਾਰ ਪੈਰੋਕਾਰਾਂ ਵੱਲੋਂ ਵੀ ਇਨ੍ਹਾਂ ਦੀ ਮੂਲ ਭਾਵਨਾ ਅਨੁਸਾਰ ਅਮਲ ਨਹੀਂ ਕੀਤਾ ਜਾ ਰਿਹਾ ਜਿਸ ਦੇ ਫਲਸਰੂਪ ਸਿੱਖੀ-ਸੰਸਾਰ ਦੀ ਸੂਰਤਹਾਲ ਵੀ ਚਿੰਤਾ-ਮੁਕਤ ਨਹੀਂ ਆਖੀ ਜਾ ਸਕਦੀ। ਹਾਲਾਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹਾ 'ਸੁਰਤਰੁ' ਹੈ ਜਿਸ ਤੋਂ ਮਨਬਾਂਛਤ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ। ਪਰ ਇਸ ਪ੍ਰਾਪਤੀ ਲਈ ਲੋੜੀਂਦੀ ਜੁਗਤ ਦਾ ਗਿਆਨ ਹਾਸਲ ਕਰਨਾ ਜ਼ਰੂਰੀ ਹੈ ਜਿਸ ਬਾਰੇ ਉਚੇਚਾ ਧਿਆਨ ਦਿੱਤਾ ਜਾਣਾ ਸਮੇਂ ਦੀ ਲੋੜ ਹੈ।

ਮੇਰੇ ਵਿਚਾਰ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚ ਦੇ (Totality) ਆਧਾਰ ਨੂੰ, ਆਧਾਰ ਬਣਾਏ ਬਿਨਾਂ ਇਸ ਦੇ ਕਿਸੇ ਵੀ ਪੱਖ ਨੂੰ ਠੀਕ ਪ੍ਰਸੰਗ ਵਿਚ ਸਮਝਿਆ ਤੇ ਸਮਝਾਇਆ ਨਹੀਂ ਜਾ ਸਕਦਾ। ਜਦੋਂ ਵੀ ਜਿਸ ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਪਾਵਨ ਬਾਣੀਆਂ ਦੇ ਕੁਝ ਪੱਖਾਂ ਨੂੰ ਆਧਾਰ ਬਣਾ ਕੇ ਇਸ ਦੇ ਸਮੁੱਚ ਵਾਲੇ ਆਧਾਰ ਨੂੰ ਅਣਡਿੱਠ ਕੀਤਾ ਹੈ ਤਾਂ ਉਨ੍ਹਾਂ ਦੇ ਅਧਿਐਨ ਨੇ ਸਾਰਥਕ ਸਿੱਟੇ ਕੱਢਣ ਦੀ ਥਾਂ ਅਨਰਥ ਵਧੇਰੇ ਕੀਤਾ ਹੈ। ਇਸ ਲਈ ਇਸ ਪਾਵਨ ਗ੍ਰੰਥ ਨੂੰ ਸਮਝਣ ਲਈ ਕੇਵਲ ਰਸਮੀ ਸ਼ਰਧਾ ਅਤੇ ਵਿਗਿਆਨਕ ਖੋਜ ਦੀ ਆੜ ਹੇਠ ਕੇਵਲ ਪੱਛਮੀ ਪੱਧਰ ਦੀਆਂ ਜੁਗਤਾਂ ਦੇ ਅੰਤਰਗਤ ਕੀਤਾ ਅਧਿਐਨ ਉਤਨੀ ਦੇਰ ਤਕ ਸਾਰਥਕ ਨਹੀਂ ਹੋ ਸਕਦਾ ਜਦੋਂ ਤਕ ਇਸ ਦੇ ਪਾਠ (Text) ਨੂੰ ਅੰਦਰੋਂ ਪੜ੍ਹਨ ਅਤੇ ਉਸੇ ਸੰਦਰਭ ਵਿਚ ਸਮਝਣ ਦਾ ਯਤਨ ਨਹੀਂ ਕੀਤਾ ਜਾਂਦਾ। ਇਸ ਪ੍ਰਕਿਰਿਆ ਲਈ ਵੀ ਜ਼ਰੂਰੀ ਹੈ ਕਿ ਅਜਿਹਾ ਕਰਦੇ ਸਮੇਂ ਇਸ ਦੀਆਂ ਅੰਦਰਲੀਆਂ ਸ੍ਰੋਤ-ਜੁਗਤਾਂ ਨੂੰ ਬਾਹਰਲੀਆਂ ਸ੍ਰੋਤ-ਜੁਗਤਾਂ ਨਾਲੋਂ ਪ੍ਰਮੁੱਖਤਾ ਦਿੱਤੀ ਜਾਵੇ। ਅਜਿਹਾ ਉਪਰਾਲਾ ਹੀ ਇਸ ਦੇ ਸਮੁੱਚ-ਗਿਆਨ ਨੂੰ ਪ੍ਰਸਤੁਤ ਕਰਨ ਵਿਚ ਸਹਾਈ ਹੋ ਸਕਦਾ ਹੈ। ਇਸ ਲੇਖ ਵਿਚ ਇਸੇ ਜੁਗਤ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਜੋਕੇ ਮਾਨਵ-ਜੀਵਨ ਦੇ ਸ੍ਰੋਤ ਵਜੋਂ ਸਮਝਣ ਦਾ ਜਤਨ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚ ਨੂੰ ਆਧਾਰ ਬਣਾ ਕੇ ਅੰਦਰਵਰਤੀ ਤੇ ਬਾਹਰਵਰਤੀ ਅਧਿਐਨ ਇਸ ਤੱਥ ਨੂੰ ਉਭਾਰਦਾ ਹੈ ਕਿ ਇਸ ਪਾਵਨ ਗ੍ਰੰਥ ਦਾ ਸਰੋਕਾਰ ਕੇਵਲ ਅਧਿਆਤਮਿਕ ਖੇਤਰ ਨਾਲ ਹੀ ਨਹੀਂ ਜੁੜਿਆ ਹੋਇਆ ਸਗੋਂ ਇਹ ਤਾਂ ਇਕ ਵਡਮੁੱਲਾ ਖਜ਼ਾਨਾ ਹੈ— ਸੁਚੱਜੇ ਲੋਕ ਜੀਵਨ-ਮਾਰਗ ਦਾ। ਅੱਜ ਇੱਕੀਵੀਂ ਸਦੀ ਵਿਚ ਵਿਸ਼ਵ-ਪੱਧਰ 'ਤੇ ਜਿਸ ਤਰ੍ਹਾਂ ਦਾ ਸਮਾਜਿਕ ਵਾਤਾਵਰਣ ਪਲੀਤ ਹੋਇਆ ਪਿਆ ਹੈ ਉਸ ਨੂੰ ਨਿਖਾਰਨ ਤੇ ਸਗਲੀ ਧਰਤ ਲੋਕਾਈ ਵਿਚ ਫੈਲੇ ਪ੍ਰਕਿਰਤਕ ਪ੍ਰਦੂਸ਼ਣ ਨੂੰ ਸੁਧਾਰਨ ਲਈ ਇਸ ਪਾਵਨ ਗ੍ਰੰਥ ਵਿਚਲੀ ੩੬ ਮਹਾਂਪੁਰਸ਼ਾਂ ਦੀ ਧੁਰ ਕੀ ਬਾਣੀ/ਖਸਮ ਕੀ ਬਾਣੀ/ਗੋਵਿੰਦ ਕੀ ਬਾਣੀ/ਪ੍ਰਭੂ-ਬਾਣੀ ਨੂੰ ਠੀਕ ਪ੍ਰਸੰਗ ਵਿਚ ਸਮਝਣ ਤੇ ਸਮਝਾਉਣ ਨਾਲ ਵਿਸ਼ਵ ਮਾਨਵ-ਸਮਾਜ ਦੀਆਂ ਸਮੱਸਿਆਵਾਂ ਦੇ

ਵਾਜਬ ਹੱਲ ਦਰਸਾ ਕੇ ਉਸ ਦੇ ਅਸੰਤੁਲਤ (Unbalanced) ਵਾਤਾਵਰਣ ਨੂੰ ਸੰਤੁਲਤ (balanced) ਕਰਦਿਆਂ ਵਿਸ਼ਵ-ਸ਼ਾਂਤੀ ਦੀ ਸੰਭਾਵਨਾ ਪੈਦਾ ਕੀਤੀ ਜਾ ਸਕਦੀ ਹੈ। ਨਿਰਸੰਦੇਹ ਇਸ ਪਾਵਨ ਗ੍ਰੰਥ ਦਾ ਕੇਵਲ ਕਰਮਕਾਂਡੀ ਜੁਗਤ ਅਧੀਨ ਪੂਜਾ- ਪਾਠ, ਰਸਮੀ ਸ਼ਰਧਾ ਅਤੇ ਦਿਖਾਵੇ ਮਾਤਰ ਦੀ ਆਨ-ਸ਼ਾਨ ਵਕਤੀ ਤੌਰ 'ਤੇ ਚੰਗੇ ਤਾਂ ਲੱਗ ਸਕਦੇ ਹਨ ਪਰ ਇਸ ਦੇ ਬਾਣੀਕਾਰਾਂ ਦਾ ਮਨੋਰਥ ਸਿੱਧ ਕਰਨ ਲਈ ਅੱਜ ਦੇ ਪ੍ਰਸੰਗ ਵਿਚ ਸਾਰਥਕ ਭੂਮਿਕਾ ਨਹੀਂ ਨਿਭਾ ਸਕਦੇ। ਕਿਉਂਕਿ ਇਹ ਪਰੰਪਰਾਗਤ ਜੁਗਤ, ਮਾਨਵ-ਸਮਾਜ ਨੂੰ ਉਸੇ ਬਿੰਦੂ ਵੱਲ ਲਿਜਾਂਦੀ ਹੈ ਜਿੱਥੇ ਉਹ ਪੂਰਵ-ਨਾਨਕ ਕਾਲ ਵਿਚ ਖੜੋਤਾ ਸੀ। ਵੈਸੇ ਵੀ ਅਜਿਹੀ ਕਰਮਕਾਂਡੀ ਜੁਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਮੂਲ ਭਾਵਨਾ ਦੇ ਉਲਟ ਹੈ ਜਿਸ ਨੂੰ ਸਪੱਸ਼ਟ ਰੂਪ ਵਿਚ ਨਕਾਰਿਆ ਗਿਆ ਹੈ:

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥* *(ਪੰਨਾ ੭੪੭)*

ਦਰਅਸਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ ਖੇਤਰ ਦੇ ਨਾਲ-ਨਾਲ ਵਡਮੁੱਲਾ ਖ਼ਜ਼ਾਨਾ ਹੈ— ਲੋਕ ਜੀਵਨ-ਮਾਰਗ ਦਾ। ਵਿਸ਼ਵ-ਪੱਧਰ 'ਤੇ ਜਿਸ ਤਰ੍ਹਾਂ ਦਾ ਧਾਰਮਕ, ਸਮਾਜਕ, ਆਰਥਕ ਤੇ ਰਾਜਨੀਤਿਕ ਵਾਤਾਵਰਣ ਪਲੀਤ ਹੋਇਆ ਪਿਆ ਹੈ ਉਸ ਨੂੰ ਨਿਖਾਰਨ ਅਤੇ ਸਗਲੀ ਧਰਤ ਲੋਕਾਈ ਵਿਚ ਫੈਲੇ ਪ੍ਰਕਿਰਤਕ ਪ੍ਰਦੂਸ਼ਣ ਨੂੰ ਸੁਧਾਰਨ ਲਈ ਇਸ ਪਾਵਨ ਗ੍ਰੰਥ ਵਿਚਲੀ ੩੬ ਮਹਾਂਪੁਰਸ਼ਾਂ ਦੀ ਧੁਰ ਕੀ ਬਾਣੀ/ਪ੍ਰਭੂ ਕੀ ਬਾਣੀ/ਖਸਮ ਕੀ ਬਾਣੀ/ਗੋਵਿੰਦ ਕੀ ਬਾਣੀ ਨੂੰ ਠੀਕ ਪ੍ਰਸੰਗ ਵਿਚ ਸਮਝਣ ਅਤੇ ਸਮਝਾਉਣ ਨਾਲ ਵਿਸ਼ਵ-ਮਾਨਵ-ਸਮਾਜ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਵਾਜਬ ਹੱਲ ਦਰਸਾਉਣ ਤੇ ਸੁਲਝਾਉਣ ਹਿਤ ਨਿੱਗਰ ਭੂਮਿਕਾ ਨਿਭਾਈ ਜਾ ਸਕਦੀ ਹੈ।

ਨਿਰਸੰਦੇਹ ਅਜੋਕੇ ਸਮੇਂ ਮਨੁੱਖ ਨੇ ਆਪਣੀ ਹਿੰਮਤ, ਦ੍ਰਿੜ੍ਹਤਾ ਅਤੇ ਵਿਸ਼ਵਾਸ ਨਾਲ ਵਿਸ਼ਵ-ਪੱਧਰ ਉੱਤੇ ਹੈਰਾਨੀਜਨਕ ਵਿਕਾਸ ਕੀਤਾ ਹੈ। ਨੀਲ ਗਗਨ ਦੀ ਛੱਤ ਹੇਠ ਖੁੱਲ੍ਹੇ ਮੈਦਾਨਾਂ ਵਿਚ ਰਹਿਣ ਵਾਲਾ ਅਤੇ ਕੰਦ ਮੂਲ ਖਾ ਕੇ ਜੀਵਨ-ਨਿਰਬਾਹ ਕਰਨ ਵਾਲਾ ਮਨੁੱਖ, ਅੱਜ ਏਅਰ ਕੰਡੀਸ਼ਨਡ ਘਰਾਂ ਵਿਚ ਰਹਿਣ ਅਤੇ ੩੬ ਪ੍ਰਕਾਰ ਦੇ ਭੋਜਨ ਖਾਣ ਦੇ ਸਮਰੱਥ ਹੋ ਗਿਆ ਹੈ। ਵਿਸ਼ਵੀਕਰਨ ਦੀ ਲਹਿਰ ਅਧੀਨ ਨਿਤ-ਨਵੀਆਂ ਵਿਗਿਆਨਕ ਖੋਜਾਂ ਅਤੇ ਪਦਾਰਥਕ ਸੁਖਾਂ ਨੇ ਮਾਨਵ-ਸੰਸਾਰ ਦਾ ਦ੍ਰਿਸ਼ ਹੀ ਬਦਲ ਦਿੱਤਾ ਹੈ। ਆਵਾਜਾਈ ਦੇ ਨਵੀਨ ਢੰਗ, ਕੰਪਿਊਟਰ ਅਤੇ ਸੰਚਾਰ-ਸਾਧਨਾਂ ਨੇ ਹਜ਼ਾਰਾਂ ਮੀਲਾਂ ਦੀ ਦੂਰੀ ਅਤੇ ਜਾਣਕਾਰੀ ਮਿੰਟਾਂ-ਸਕਿੰਟਾਂ ਵਿਚ ਦੇਣੀ ਅਰੰਭ ਕਰ ਦਿੱਤੀ ਹੈ। ਵਿਕਾਸ-ਗਤੀ ਦੇ ਇਸ ਦੌਰ ਵਿਚ ਸਮੁੱਚਾ ਵਿਸ਼ਵ ਇਕ ਘਰ ਵਾਂਗ ਬਣ ਗਿਆ ਹੈ ਅਤੇ ਮਨੁੱਖ ਧਰਤੀ ਦਾ ਜੀਵੜਾ ਹੁੰਦਿਆਂ ਹੋਇਆਂ ਸਪੇਸ ਯੁੱਗ ਵਿਚ ਦਾਖ਼ਲ ਹੋ ਗਿਆ ਹੈ। ਪਰ ਵਿਸ਼ਵੀਕਰਨ ਦੀ ਇਸ ਵਿਕਾਸ-ਲਹਿਰ ਦਾ ਦੁਖਦਾਈ

ਪਹਿਲੂ ਵੀ ਵਿਰਾਟ ਹੈ, ਕਿਉਂਕਿ ਪਦਾਰਥਵਾਦ ਦੇ ਇਸ ਦੌਰ ਵਿਚ ਨਿੱਜਵਾਦ ਤੇ ਨਿੱਜ ਲਾਭ ਵੀ ਵੱਡੀ ਪੱਧਰ 'ਤੇ ਫੈਲਿਆ ਹੈ ਜਿਸ ਨਾਲ ਮਾਨਵੀ ਰਿਸ਼ਤੇ ਤਿੜਕ ਰਹੇ ਹਨ। ਮਾਰੂ ਹਥਿਆਰਾਂ ਨੂੰ ਭੰਡਾਰ ਕਰਨ ਦੀ ਹੋੜ ਸੰਸਾਰ-ਅਮਨ ਲਈ ਵੱਡਾ ਖ਼ਤਰਾ ਬਣ ਗਈ ਹੈ। ਦੂਜੇ ਦੀ ਜ਼ਰ, ਜ਼ੋਰੂ, ਜ਼ਮੀਨ 'ਤੇ ਕਬਜ਼ੇ ਦੀ ਭਾਵਨਾ ਪ੍ਰਚੰਡ ਹੋ ਰਹੀ ਹੈ। ਆਪਾ-ਧਾਪੀ, ਰਿਸ਼ਵਤਖੋਰੀ, ਲੋਭ-ਲਾਲਚ, ਬੇਇਨਸਾਫ਼ੀ, ਫ਼ਿਰਕੂ-ਦੰਗੇ, ਆਤੰਕਵਾਦ, ਹਿੰਸਾ, ਜਬਰਜਨਾਹ ਆਦਿ ਦੀਆਂ ਘਟਨਾਵਾਂ ਨਿੱਤ ਵਧ ਰਹੀਆਂ ਹਨ ਜਿਸ ਦੇ ਫਲਸਰੂਪ ਮਾਨਵ-ਸਾਂਝ, ਮਾਨਵ-ਰਿਸ਼ਤੇ, ਮਾਨਵ-ਪ੍ਰੇਮ ਅਤੇ ਇਕ ਦੂਜੇ ਦਾ ਦੁੱਖ-ਦਰਦ ਸਮਝਣ ਤੇ ਵੰਡਣ ਦੀ ਭਾਵਨਾ ਸਮਾਪਤ ਹੁੰਦੀ ਜਾ ਰਹੀ ਹੈ। ਅਜਿਹੀ ਸਥਿਤੀ ਦੇ ਸਨਮੁਖ ਹੀ ਅੱਜ ਵਿਸ਼ਵ ਦੀ ਹਰ ਸੰਸਥਾ ਤੇ ਸਿਸਟਮ ਚਿੰਤਾਤੁਰ ਹੈ ਕਿ ਮਾਨਵ-ਸੰਸਾਰ ਵਿਚ ਕਿਸ ਜੁਗਤ ਨਾਲ ਸ਼ਾਂਤੀ ਸਥਾਪਤ ਕੀਤੀ ਜਾਵੇ, ਮਨੁੱਖ ਦੀ ਮਨੁੱਖ ਨਾਲ ਸਾਂਝ ਬਣਾਈ ਜਾਵੇ ਅਤੇ 'ਜੀਓ ਤੇ ਜੀਣ ਦਿਓ' ਦੀ ਭਾਵਨਾ ਮਾਨਵ-ਚੇਤਨਾ ਵਿਚ ਦ੍ਰਿੜ੍ਹ ਕੀਤੀ ਜਾਵੇ।

ਵਿਕਾਸ-ਗਤੀ ਦਾ ਦਮ ਭਰਨ ਵਾਲੀ ਇੱਕੀਵੀਂ ਸਦੀ ਦਾ ਜੇਕਰ ਲੇਖਾ-ਜੋਖਾ ਕੀਤਾ ਜਾਵੇ ਤਾਂ ਇਹ ਤੱਥ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਡੇ ਸਾਹਮਣੇ ਆ ਜਾਂਦੇ ਹਨ ਕਿ ਅਜੋਕੇ ਸਮੇਂ ਵੀ ਮਾਨਵ-ਸਮਾਜ ਦਾ ਦੋ-ਤਿਹਾਈ ਹਿੱਸਾ ਢਿੱਡੋਂ ਭੁੱਖਾ ਸੌਂਦਾ ਹੈ ਜਦੋਂ ਕਿ ਸੰਸਾਰ ਦੀਆਂ ਵੱਡੀਆਂ ਤਾਕਤਾਂ, ਲੱਗਭਗ ੧੫੦੦ ਮਿਲੀਅਨ ਡਾਲਰ ਹਰ ਸਾਲ ਹਥਿਆਰ ਬਣਾਉਣ ਅਤੇ ਇਕ ਦੂਜੇ ਨੂੰ ਲੜਾਉਣ ਉੱਤੇ ਖਰਚ ਰਹੀਆਂ ਹਨ। ਇਥੇ ਹੀ ਬਸ ਨਹੀਂ, ਹਜ਼ਾਰਾਂ ਮਿਲੀਅਨ ਡਾਲਰ, ਸ਼ਿੰਗਾਰ (Cosmetics) ਦੀਆਂ ਵਸਤਾਂ 'ਤੇ ਰੋਜ਼ਾਨਾ ਬਰਬਾਦ ਕੀਤੇ ਜਾਂਦੇ ਹਨ। ਵਿਕਸਿਤ ਹੋ ਰਹੇ ਦੇਸ਼ਾਂ ਦਾ ਅਮਨ ਤਬਾਹ ਕਰਨ ਲਈ ਲੱਖਾਂ ਮਿਲੀਅਨ ਡਾਲਰ ਆਤੰਕਵਾਦ ਫੈਲਾਉਣ ਲਈ ਖਰਚੇ ਜਾ ਰਹੇ ਹਨ। ਸਿੱਟੇ ਵਜੋਂ ਅਮੀਰ ਦੇਸ਼ ਤਾਂ ਹੋਰ ਅਮੀਰ ਹੋ ਰਹੇ ਹਨ ਪਰ ਵਿਕਾਸਸ਼ੀਲ ਦੇਸ਼ ਗ਼ਰੀਬੀ ਦਾ ਸੰਤਾਪ ਭੋਗ ਰਹੇ ਹਨ। ਸ਼ਰਤਾਂ ਸਹਿਤ ਪ੍ਰਾਪਤ ਹੁੰਦੀ ਸਹਾਇਤਾ ਨੇ ਵਿਕਾਸਸ਼ੀਲ ਦੇਸ਼ਾਂ ਦੀ ਸੁਤੰਤਰ ਸੋਚ 'ਤੇ ਰੋਕ ਲਾਈ ਹੋਈ ਹੈ। ਕੁਦਰਤੀ ਸੋਮਿਆਂ ਦੀ ਅਸੀਮ ਵਰਤੋਂ ਨੇ ਵਾਤਾਵਰਣ ਦੂਸ਼ਿਤ ਕਰ ਰੱਖਿਆ ਹੈ ਅਤੇ ਐਟਮੀ ਹਥਿਆਰਾਂ ਦੀ ਬਹੁਤਾਤ, ਇਸ ਧਰਤ-ਲੋਕਾਈ ਨੂੰ ਕਿਸੇ ਵੇਲੇ ਵੀ ਤਬਾਹ ਕਰ ਸਕਦੀ ਹੈ। ਇਸ ਲਈ ਅਜਿਹੀ ਵਿਸਫੋਟਕ ਸਥਿਤੀ ਤੋਂ ਮਾਨਵ-ਸਮਾਜ ਨੂੰ ਬਚਾਉਣ ਲਈ ਲੋੜ ਹੈ। ਅਜਿਹੇ ਸਿਧਾਂਤਾਂ ਨੂੰ ਰੋਲ-ਮਾਡਲ ਬਣਾਉਣ ਦੀ, ਜੋ ਜਨ-ਮਾਨਸ ਨੂੰ ਵਿਸ਼ਵ-ਪੱਧਰ 'ਤੇ ਸਾਵਾਂ-ਪੱਧਰਾ (Balanced) ਅਤੇ ਹਰ ਪੱਖੋਂ ਸੰਤੁਲਤ ਜੀਵਨ-ਜਿਊਣ ਦੀ ਪ੍ਰੇਰਨਾ ਦੇਣ ਵਾਲੇ ਹੋਣ। ਤੁਲਨਾਤਮਕ ਧਰਮ-ਅਧਿਐਨ ਦਾ ਵਿਦਿਆਰਥੀ ਹੋਣ ਦੇ ਨਾਤੇ ਮੈਂ ਇਹ ਗੱਲ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਅਜੋਕੇ ਸਮੇਂ ਸੰਸਾਰ ਦੇ ਮਾਨਵ ਦਾ ਬੇਸ਼ੱਕ ਕੋਈ ਵੀ ਧਾਰਮਕ ਅਕੀਦਾ ਹੋਵੇ ਪਰ ਉਸ

ਨੂੰ ਆਪਣੀਆਂ ਸਮੱਸਿਆਵਾਂ ਦੇ ਠੀਕ ਹੱਲ ਲੱਭਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਚੰਗੀ ਤਰ੍ਹਾਂ ਪੜ੍ਹਨਾ ਤੇ ਸਮਝਣਾ ਪਵੇਗਾ। ਮਿਹਨਤ ਕਰਨੀ, ਇਮਾਨਦਾਰੀ ਵਰਤਣੀ, ਬਿਨਾਂ ਕਿਸੇ ਭੇਦਭਾਵ ਦੇ ਨਾਮ ਜਪਣਾ, ਵੰਡ ਛਕਣਾ ਅਤੇ ਸਾਥੀਆਂ ਦੇ ਦੁੱਖ-ਸੁਖ ਵਿਚ ਪਰਉਪਕਾਰੀ ਭਾਵਨਾ ਨਾਲ ਸ਼ਰੀਕ ਹੋਣਾ ਅਤੇ ਨਿੱਜਵਾਦ, ਨਿੱਜ ਲਾਭ, ਹਉਂਵਾਦ, ਕੂੜਵਾਦ, ਭੰਡੀਵਾਦ ਨੂੰ ਜੀਵਨ ਵਿੱਚੋਂ ਮਨਫ਼ੀ ਕਰਨ ਵਾਲੇ ਮਾਨਵ-ਹਿਤੂ ਸਿਧਾਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਮੋਲਕ ਰਤਨ ਹਨ।

ਮੇਰੀ ਇਹ ਧਾਰਨਾ ਅਤਿਕਥਨੀ ਨਹੀਂ ਸਗੋਂ ਸੱਚ-ਅਧਾਰਤ ਤੱਥ ਹੈ ਕਿ ਸਗਲੀ ਚਿੰਤ ਮਿਟਾਉਣ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਇਕ-ਇਕ ਸ਼ਬਦ ਮਨੁੱਖ ਨੂੰ ਬਦੀ ਨਾਲੋਂ ਤੋੜ ਕੇ ਨੇਕੀ ਨਾਲ ਜੋੜਨ ਦਾ ਕਾਰਜ ਕਰਦਾ ਸਿੱਧ ਹੁੰਦਾ ਹੈ ਕਿਉਂਕਿ ਇਸ ਬਾਣੀ ਦੇ ਮੂਲ ਸਰੋਕਾਰ ਬੁਨਿਆਦੀ ਤੌਰ 'ਤੇ ਮਨੁੱਖ ਕੇਂਦਰਤ ਹਨ। ਇਸ ਵਿਚ ਅਤੀਤ ਨਾਲੋਂ ਵਰਤਮਾਨ ਜੀਵਨ-ਉਸਾਰੀ ਲਈ ਵਧੇਰੇ ਚਿੰਤਾ ਪ੍ਰਗਟਾਈ ਗਈ ਹੈ। ਸ਼ਾਇਦ ਇਸੇ ਲਈ ਕੇਵਲ ਭੌਤਿਕ ਸੁਖ ਅਤੇ ਅਧਿਆਤਮਵਾਦੀ ਉਲਾਰ ਦੀ ਥਾਂ ਮਾਨਵ-ਜੀਵਨ ਦੇ ਹਰ ਖੇਤਰ ਵਿਚ ਸਹਿਜ ਤੇ ਸੰਤੁਲਨ ਲਿਆਉਣ ਦੀ ਪ੍ਰੇਰਨਾ-ਸੁਰ, ਇਸ ਬਾਣੀ ਵਿਚ ਵਧੇਰੇ ਬਲਵਾਨ ਹੈ।

ਕੀ ਇਹ ਹੈਰਾਨੀਜਨਕ ਇਤਿਹਾਸਕ ਸੱਚ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਪਾਵਨ ਪੂਜਯ ਧਰਮ-ਗ੍ਰੰਥ ਹੈ ਹਾਲਾਂਕਿ ਇਸ ਵਿਚ ਦਰਜ ੩੬ ਬਾਣੀਕਾਰਾਂ ਵਿੱਚੋਂ ਕੇਵਲ ੬ ਸਿੱਖ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਦੀ ਬਾਣੀ ਹੀ ਦਰਜ ਹੈ ਜਦੋਂ ਕਿ ੨੬ ਬਾਣੀਕਾਰ ਅਜਿਹੇ ਹਨ ਜਿਨ੍ਹਾਂ ਦਾ ਮੁੱਢਲੇ ਰੂਪ 'ਚ ਸਿੱਖ ਧਰਮ ਨਾਲ ਕੋਈ ਸਿੱਧਾ ਨਾਤਾ ਨਹੀਂ ਜੁੜਦਾ ਅਤੇ ੪ ਬਾਣੀਕਾਰ (ਭਾਈ ਮਰਦਾਨਾ ਜੀ, ਰਾਏ ਬਲਵੰਡ ਜੀ, ਭਾਈ ਸੱਤਾ ਜੀ ਅਤੇ ਬਾਬਾ ਸੁੰਦਰ ਜੀ) ਗੁਰੂ-ਦਰਬਾਰ ਦੇ ਸੇਵਕ ਸਿੱਖ ਹਨ। ਪਰ ਇਕ ਗੱਲ ਸਪੱਸ਼ਟ ਹੈ ਕਿ ਇਹ ਸਾਰੇ ਬਾਣੀਕਾਰ ਨਿਸ਼ਠਾਵਾਨ ਅਤੇ ਆਸਤਕ ਭਾਵਨਾ ਵਾਲੀ ਵਿਚਾਰਧਾਰਾ ਦੇ ਧਾਰਨੀ ਮਹਾਂਪੁਰਸ਼ ਸਨ। ਨਿਰਸੰਦੇਹ ਇਨ੍ਹਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ, ਪੂਜਾ-ਪੱਧਤੀਆਂ ਅਤੇ ਸਾਧਨਾਵਾਂ ਵਿਚ ਆਪੋ-ਆਪਣਾ ਰੰਗ ਹੈ। ਇਸ ਦੇ ਬਾਵਜੂਦ ਇਸ ਚਿੰਤਨਧਾਰਾ ਵਿਚ, ਜਨ-ਜਨ ਦੇ ਕਲਿਆਣ ਦੇ ਲੋਕ-ਇਤਿਹਾਸ ਦੀ ਆਭਾ ਚਮਕਦੀ ਸਾਫ਼ ਦਿਖਾਈ ਦਿੰਦੀ ਹੈ। ਵਿਸ਼ੇਸ਼ਤਾ ਇਹ ਕਿ ਇਸ ਚਿੰਤਨਧਾਰਾ ਵਿਚ ਗੁਰ-ਆਸ਼ੇ ਦੀ ਸੰਸ਼ੋਧਨ ਧਾਰਾ ਵੀ ਨਾਲੋ-ਨਾਲ ਚੱਲਦੀ ਹੈ ਜੋ ਗੁਰੂ-ਆਸ਼ੇ ਦੀ ਉਦੇਸ਼-ਪੂਰਤੀ ਲਈ ਗਤੀਸ਼ੀਲ ਰਹਿੰਦੀ ਹੈ।

ਮੇਰੇ ਵਿਚਾਰ ਅਨੁਸਾਰ ਸੰਸਾਰ ਦੇ ਧਰਮ-ਖੇਤਰ ਵਿਚ ਇਹ ਪਹਿਲਾ ਧਰਮ ਗ੍ਰੰਥ ਹੈ ਜਿਸ ਵਿਚ ਬਾਰ੍ਹਵੀਂ ਤੋਂ ਸਤਾਰ੍ਹਵੀਂ ਸਦੀ ਤਕ ਦੇ ੩੬ ਬਾਣੀਕਾਰਾਂ ਦੀ ਬਾਣੀ ਦਰਜ

ਕੀਤੀ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਇਸ ਦੇ ਸੰਕਲਨ ਤੇ ਸੰਪਾਦਨ ਕਾਰਜ ਦੀ, ਮਾਨਵ-ਸਮਾਜ ਨੂੰ ਇਹ ਇਕ ਅਜਿਹੀ ਇਤਿਹਾਸਕ ਸੌਗਾਤ ਹੈ ਜੋ ਉਸ ਨੂੰ ਜੀਵਨ ਦੇ ਹਰ ਕਾਰਜ ਵਿਚ ਅੱਜ ਵੀ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੈ। ਇਸ ਪਾਵਨ ਗ੍ਰੰਥ ਦਾ ਗਹਿਰ-ਗੰਭੀਰ ਅਧਿਐਨ ਕਰਨ ਵਾਲੀ ਮਾਨਵ-ਸੋਚ, ਇਹ ਜਾਣ ਕੇ ਦੰਗ ਰਹਿ ਜਾਂਦੀ ਹੈ ਕਿ ਇਸ ਵਿਚ ਸਮਸਤ ਮਾਨਵ-ਸੰਸਾਰ ਦੀ ਸੰਸਕ੍ਰਿਤੀ, ਭਾਰਤ ਦੀਆਂ ਚਹੁੰ ਦਿਸ਼ਾਵਾਂ ਨਾਲ ਸੰਬੰਧਤ ਅਤੇ ਊਚ-ਨੀਚ ਸਮਝੇ ਜਾਂਦੇ ਬਾਣੀਕਾਰਾਂ ਦੇ ਰੱਬੀ ਬੋਲ, ਵੱਖ-ਵੱਖ ਬੋਲੀਆਂ ਵਿਚ ਪ੍ਰਾਪਤ ਹੁੰਦੇ ਹਨ। ਇਸ ਤੋਂ ਪਹਿਲਾਂ ਭਾਰਤੀ ਧਰਮ-ਗ੍ਰੰਥ, ਕੇਵਲ ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਵਿਚ ਪ੍ਰਾਪਤ ਹੁੰਦੇ ਸਨ ਜਿਨ੍ਹਾਂ ਨੂੰ ਪੜ੍ਹਨਾ ਤੇ ਸਮਝਣਾ ਜਨ-ਸਾਧਾਰਨ ਦੇ ਵੱਸ ਦਾ ਰੋਗ ਨਹੀਂ ਸੀ। ਇਨ੍ਹਾਂ ਗ੍ਰੰਥਾਂ ਦੀ ਵਿਆਖਿਆ ਮੌਲਵੀ ਤੇ ਪੰਡਤ ਇਸ ਢੰਗ ਨਾਲ ਕਰਦੇ ਸਨ ਜੋ ਉਨ੍ਹਾਂ ਦਾ ਆਪਣਾ ਅਤੇ ਵਿਸ਼ੇਸ਼ ਵਰਗ ਦਾ ਹਿੱਤ ਤਾਂ ਪਾਲਦੀ ਸੀ ਪਰ ਜਨ-ਸਾਧਾਰਨ ਦਾ ਸ਼ੋਸ਼ਣ ਹੀ ਕਰਦੀ ਸੀ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਗਈ ਭਾਸ਼ਾ ਅਜਿਹੀ ਕਿਸਮ ਦੀ ਹੈ ਜੋ ਜਨ-ਸਾਧਾਰਨ ਥੋੜ੍ਹੀ ਜਿਹੀ ਮਿਹਨਤ ਕਰਨ ਉਪਰੰਤ ਸੌਖੀ ਤਰ੍ਹਾਂ ਸਮਝ ਸਕਦਾ ਹੈ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਸਾਹਿਤਕ ਪੱਧਰ 'ਤੇ ਇਹ ਭਾਸ਼ਾ ਗੌਣ ਰੂਪ ਵਾਲੀ ਹੈ। ਬਲਕਿ ਇਸ ਬਾਣੀ ਵਿਚ ਫ਼ਾਰਸੀ, ਅਰਬੀ, ਸੰਸਕ੍ਰਿਤ, ਭੋਜਪੁਰੀ, ਰਾਜਸਥਾਨੀ, ਹਿੰਦੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਆਮ ਮਿਲ ਜਾਂਦੀ ਹੈ ਪਰ ਇਹ ਸ਼ਬਦਾਵਲੀ ਅਜਿਹੀ ਹੈ ਜੋ ਲੋਕ-ਮਾਨਸ ਜੀਵਨ ਵਿਚ ਰਚੀ-ਮਿਚੀ ਸੀ ਅਤੇ ਉਨ੍ਹਾਂ ਦੀ ਨਿੱਤ-ਵਿਵਹਾਰ ਦੀ ਬੋਲ-ਚਾਲ ਦਾ ਹਿੱਸਾ ਬਣ ਚੁੱਕੀ ਸੀ। ਸੰਖੇਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੋਕ-ਭਾਸ਼ਾ ਦਾ ਵਡਮੁੱਲਾ ਖਜ਼ਾਨਾ ਆਖਿਆ ਜਾ ਸਕਦਾ ਹੈ। ਇਕ ਗੱਲ ਹੋਰ ਜੋ ਵਿਸ਼ੇਸ਼ ਰੂਪ ਵਿਚ ਸਾਡੇ ਧਿਆਨ ਦੀ ਮੰਗ ਕਰਦੀ ਹੈ ਉਹ ਇਹ ਹੈ ਕਿ ਬੇਸ਼ੱਕ ਇਨ੍ਹਾਂ ਬਾਣੀਕਾਰਾਂ ਦਾ ਇੱਕੋ-ਇੱਕ ਉਦੇਸ਼ ਜਨ-ਕਲਿਆਣ ਸੀ। ਇਸੇ ਲਈ 'ਸਰਬੇ ਏਕੁ ਅਨੇਕੈ ਸੁਆਮੀ' ਦੇ ਸਨਮੁਖ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਨ ੧੬੦੪ ਵਿਚ ਸੰਪਾਦਨ-ਕਾਰਜ ਸੰਪੰਨ ਕਰਨ ਸਮੇਂ ਇਨ੍ਹਾਂ ਦੇ ਬਾਣੀਕਾਰਾਂ ਨੂੰ ਇਕ-ਸਮਾਨ ਸਤਿਕਾਰ ਤੇ ਅਧਿਕਾਰ ਪ੍ਰਦਾਨ ਕੀਤਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸੰਨ ੧੭੦੬ ਵਿਚ ਇਸ ਪਾਵਨ ਗ੍ਰੰਥ ਦਾ ਪੁਨਰ-ਸੰਪਾਦਨ ਕਰਦਿਆਂ 'ਧਰਮ ਹੇਤ ਸਾਕਾ' ਕਰਨ ਵਾਲੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸਲੋਕ ਸ਼ਾਮਲ ਕਰਨ ਉਪਰੰਤ ੧੭੦੮ ਈ. ਨੂੰ ਇਨ੍ਹਾਂ ਬਾਣੀਕਾਰਾਂ ਦੀ ਸਮੁੱਚੀ ਬਾਣੀ ਨੂੰ ਸ਼ਬਦ-ਗੁਰੂ ਦੇ ਰੂਪ ਵਿਚ ਗੁਰੂ-ਜੋਤਿ ਵਜੋਂ ਸਥਾਪਤ ਕਰਦਿਆਂ ਗੁਰਿਆਈ ਦੇ ਕੇ ਹਰ ਪ੍ਰਕਾਰ ਦੇ ਦਵੰਦ ਨੂੰ ਸਮਾਪਤ ਕਰ ਦਿੱਤਾ। ਇਸ ਤਰ੍ਹਾਂ ੩੬ ਬਾਣੀਕਾਰਾਂ ਵਿੱਚੋਂ ੬ ਸਿੱਖ ਗੁਰੂ ਸਾਹਿਬਾਨ, ੧੫ ਭਗਤ, ੧੧ ਭੱਟ ਅਤੇ ੪ ਗੁਰੂ-ਦਰਬਾਰ ਦੇ ਸੇਵਕ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ-ਗੁਰੂ ਵਜੋਂ ਇਕ-ਸਮਾਨ

ਗੁਰ-ਜੋਤਿ ਦੇ ਅਧਿਕਾਰੀ ਹੋ ਗਏ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ, ਬਾਬਾ ਫ਼ਰੀਦ ਜੀ ਅਤੇ ਭਗਤ ਕਬੀਰ ਜੀ ਦੀ ਬਾਣੀ ਨੂੰ ਛੱਡ ਕੇ ਬਾਕੀ ੧੩ ਭਗਤਾਂ ਦੇ ਕੁੱਲ ੧੨੨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੨੧ ਮੁੱਖ ਰਾਗਾਂ ਅਤੇ ੪ ਉਪ ਰਾਗਾਂ ਵਿਚ ਅੰਕਤ ਪ੍ਰਾਪਤ ਹੁੰਦੇ ਹਨ। ਭਗਤ ਨਾਮਦੇਵ ਜੀ ਦੇ ੬੧ ਸ਼ਬਦ ੧੯ ਰਾਗਾਂ ਵਿਚ, ਭਗਤ ਰਵਿਦਾਸ ਜੀ ਦੇ ੪੦ ਸ਼ਬਦ ੧੮ ਰਾਗਾਂ ਵਿਚ, ਭਗਤ ਤ੍ਰਿਲੋਚਨ ਜੀ ਦੇ ੪ ਸ਼ਬਦ ੩ ਰਾਗਾਂ ਵਿਚ, ਭਗਤ ਬੇਣੀ ਜੀ ਦੇ ੩ ਸ਼ਬਦ ੩ ਰਾਗਾਂ ਵਿਚ, ਭਗਤ ਧੰਨਾ ਜੀ ਦੇ ੩ ਸ਼ਬਦ ੨ ਰਾਗਾਂ ਵਿਚ, ਭਗਤ ਜੈ ਦੇਵ ਜੀ ਦੇ ੨ ਸ਼ਬਦ ੨ ਰਾਗਾਂ ਵਿਚ, ਭਗਤ ਭੀਖਨ ਜੀ ਦੇ ੨ ਸ਼ਬਦ ਇੱਕੋ ਰਾਗ ਵਿਚ, ਭਗਤ ਸੂਰਦਾਸ ਜੀ ਦਾ ਇੱਕੋ ਸ਼ਬਦ ਇੱਕੋ ਰਾਗ ਵਿਚ, ਭਗਤ ਰਾਮਾਨੰਦ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ ਅਤੇ ਭਗਤ ਪਰਮਾਨੰਦ ਜੀ ਦਾ ਇਕ-ਇਕ ਸ਼ਬਦ ਇਕ-ਇਕ ਰਾਗ ਵਿਚ ਦਰਜ ਹੈ। ਮਾਨਵ-ਸੋਚ ਵਿਚ ਇਹ ਪ੍ਰਸ਼ਨ ਉੱਠਣਾ ਸੁਭਾਵਕ ਲੱਗਦਾ ਹੈ ਕਿ ਵੱਖ-ਵੱਖ ਇਲਾਕਿਆਂ ਵਿਚ, ਵੱਖ-ਵੱਖ ਸਮਿਆਂ ਦੇ ਜੰਮਪਲ ਅਤੇ ਵੱਖ-ਵੱਖ ਜਾਤੀਆਂ ਤੇ ਪੇਸ਼ਿਆਂ ਨਾਲ ਜੁੜੇ ਇਨ੍ਹਾਂ ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਜਾਣ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਦੇਸ਼ ਕੀ ਹੋ ਸਕਦਾ ਹੈ ਅਤੇ ਇਹ ਭਗਤ ਉਸ ਉਦੇਸ਼-ਪੂਰਤੀ ਲਈ ਕਿਸ ਪ੍ਰਕਾਰ ਦੀ ਭੂਮਿਕਾ ਨਿਭਾਉਂਦੇ ਹਨ, ਇਹ ਮੁੱਦਾ ਵੀ ਵਿਚਾਰਨਾ ਬਣਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਅਤੇ ਸੰਪਾਦਨ-ਕਾਰਜ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ (ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ) ੩੦ ਭਗਤ ਸਾਹਿਬਾਨ ਦੀ ਬਾਣੀ ਸ਼ਾਮਲ ਕਰਨ ਦਾ ਮੁੱਖ, ਸਾਫ਼ ਤੇ ਸਪੱਸ਼ਟ ਕਾਰਨ ਇਹੋ ਹੈ ਕਿ ਉਹ ਸਮਕਾਲੀ ਸਮਾਜ ਵਿਚ ਧਰਮ, ਵਰਣ, ਸ਼੍ਰੇਣੀ ਅਤੇ ਭੂ-ਖੰਡ ਦੇ ਆਧਾਰ 'ਤੇ ਪਰਸਪਰ ਵਿਰੋਧੀ ਰੁਚੀਆਂ, ਨਫ਼ਰਤ ਅਤੇ ਫਲਹੀਨ ਰਸਮੀ ਪੂਜਾ-ਵਿਧੀਆਂ ਤੇ ਕਰਮ-ਕਾਂਡਾਂ ਦੇ ਕਾਰਨ ਹਉਮੈ-ਗ੍ਰਸਤ ਸ਼ਕਤੀਆਂ ਨੂੰ ਵੰਗਾਰਨ ਵਾਲੇ ਤੇ ਸੱਚੇ-ਸੁੱਚੇ ਮਾਰਗ ਦੇ ਪਾਂਧੀ ਬਣੇ ਤੇ ਬਣਾਉਣ ਵਾਲੇ ਧਾਰਮਕ-ਸਮਾਜਕ ਆਗੂਆਂ ਨੂੰ, ਹਰ ਪੱਧਰ 'ਤੇ ਹਰੇਕ ਪੱਖੋਂ ਇਕਮੁੱਠ ਕਰਨਾ ਚਾਹੁੰਦੇ ਸਨ ਤਾਂ ਜੋ ਹਉਮੈ-ਮੁਕਤ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ। ਇਸ ਉਦੇਸ਼-ਪੂਰਤੀ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਸੰਪਾਦਕੀ ਅਧਿਕਾਰ ਵਰਤਦਿਆਂ ਇਨ੍ਹਾਂ ਭਗਤ ਸਾਹਿਬਾਨ ਦੀ ਉਹੋ ਬਾਣੀ ਸ਼ਾਮਲ ਕੀਤੀ ਜੋ ਉਨ੍ਹਾਂ ਦੇ ਉਦੇਸ਼ ਦੀ ਪੂਰਤੀ ਹਿਤ ਨਿੱਗਰ ਭੂਮਿਕਾ ਨਿਭਾਅ ਸਕਦੀ ਸੀ। ਸ਼ਾਇਦ ਇਸੇ ਲਈ ਬਾਬਾ ਫ਼ਰੀਦ ਜੀ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਬਾਕੀ ਸੰਤਾਂ-ਭਗਤਾਂ ਦੀ ਪ੍ਰਾਪਤ ਹੁੰਦੀ ਸਾਰੀ ਹੋਰ ਰਚਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹਿੱਸਾ ਨਹੀਂ ਬਣ ਸਕੀ। ਗੌਰ ਤਲਬ ਹੈ ਕਿ ਇਨ੍ਹਾਂ ਸੰਤਾਂ-

ਭਗਤਾਂ ਦੇ ਪੈਰੋਕਾਰ ਵੀ ਆਪੋ-ਆਪਣੇ ਫ਼ਿਰਕੇ ਨਾਲ ਇਨ੍ਹਾਂ ਸੰਤਾਂ-ਭਗਤਾਂ ਦੀ ਉਸੇ ਬਾਣੀ ਨੂੰ ਵਧੇਰੇ ਪ੍ਰਮਾਣਿਕ ਸਵੀਕਾਰ ਕਰਦੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੋਈ ਹੈ। ਇਸ ਸੰਦਰਭ ਵਿਚ ਇਕ ਹੋਰ ਤੱਥ ਸਾਡੇ ਧਿਆਨ ਦੀ ਵਿਸ਼ੇਸ਼ ਤੌਰ 'ਤੇ ਮੰਗ ਕਰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰਾਂ ਵਿੱਚੋਂ ਕਿਸੇ ਇਕ ਨੇ ਵੀ ਇਸ ਗੱਲ 'ਤੇ ਜ਼ੋਰ ਨਹੀਂ ਦਿੱਤਾ ਕਿ ਮਨੁੱਖ ਦਾ ਕਲਿਆਣ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਆਪਣਾ ਧਿਆਨ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਰਮ-ਗ੍ਰੰਥ ਮੰਨਣ ਵਿਚ ਕੇਂਦਰਤ ਕਰੇ ਜਦੋਂ ਕਿ ਹੋਰ ਧਰਮ ਇਸ ਗੱਲ ਨੂੰ ਵਾਰ-ਵਾਰ ਕਹਿੰਦੇ ਹਨ। ਇਨ੍ਹਾਂ ਬਾਣੀਕਾਰਾਂ ਦਾ ਤਾਂ ਮੁੱਖ ਉਦੇਸ਼ ਜਨ-ਕਲਿਆਣ ਹੈ। ਮਨੁੱਖ ਨੂੰ ਆਪਣਾ ਜੀਵਨ ਉਚੇਰਾ, ਚੰਗੇਰਾ, ਸੁਚੇਰਾ ਅਤੇ ਸੋਧੇਰਾ ਬਣਾਉਣ ਲਈ ਪੂਰਨ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ ਕਿ ਉਹ ਜਿਹੜੇ ਮਰਜ਼ੀ ਰੂਹਾਨੀਅਤ ਦੇ ਮਾਰਗ ਦੀ ਪੌੜੀ ਦੇ ਡੰਡਿਆਂ 'ਤੇ ਚੜ੍ਹ ਕੇ ਆਪਣੇ ਜੀਵਨ ਨੂੰ ਸਫ਼ਲ ਕਰੇ ਕਿਉਂਕਿ ਇਹ ਮਾਨਸ ਜਨਮ ਦੁਰਲਭ ਹੈ ਜਿਸ ਦੀ ਪ੍ਰਾਪਤੀ ਹਿਤ ਦੇਵਤੇ ਵੀ ਤਰਸਦੇ ਹਨ।

ਇਸ ਪ੍ਰਸੰਗ ਵਿਚ ਇਹ ਗੱਲ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧੁਰ ਕੀ ਬਾਣੀ, ਅਜੋਕੇ ਯੁੱਗ ਦੀ ਵਿਨਾਸ਼ਕਾਰੀ ਟੈਕਨਾਲੋਜੀ ਅਤੇ ਪੂੰਜੀਵਾਦੀ ਪ੍ਰਬੰਧ ਨਾਲ ਜੁੜੀ ਵਿਚਾਰਧਾਰਾ ਨੂੰ ਤਾਂ ਮੁੱਢੋਂ-ਸੁੱਢੋਂ ਨਕਾਰਦੀ ਹੈ। ਹੋਲਿਸਟਿਕ ਤੇ ਈਕੋਲੋਜੀਕਲ ਰੁਖ਼ ਵਾਲੀ ਵਿਚਾਰਧਾਰਾ ਨੂੰ ਪਿਆਰਦੀ ਤੇ ਪ੍ਰਚਾਰਦੀ ਹੈ ਪਰ ਅਜਿਹੇ ਵਿਗਿਆਨ ਨਾਲ ਜੋ ਮਾਨਵ-ਹਿਤੈਸ਼ੀ ਕਾਰਜ ਕਰਨ ਦੇ ਸਮਰੱਥ ਹੈ ਉਸ ਨਾਲ ਕੋਈ ਵਿਰੋਧ ਨਹੀਂ ਪ੍ਰਗਟਾਉਂਦੀ। ਇਹੋ ਕਾਰਨ ਹੈ ਕਿ ਇਸ ਅਦੁੱਤੀ ਪਾਵਨ ਗ੍ਰੰਥ ਦੇ ਬਾਣੀਕਾਰ ਨਾ ਤਾਂ ਕੁਦਰਤ ਨੂੰ ਬੇਜਾਨ ਮਸ਼ੀਨੀ ਢਾਂਚਾ ਪ੍ਰਵਾਨ ਕਰਦੇ ਹਨ ਅਤੇ ਨਾ ਹੀ ਇਸ ਦੇ ਸ਼ੋਸ਼ਣ ਕਰਨ ਦੀ ਆਗਿਆ ਦਿੰਦੇ ਹਨ, ਕਿਉਂਕਿ ਕੁਦਰਤ ਤਾਂ ਸੱਚੇ ਪਾਤਸ਼ਾਹ ਦੀ ਰਚਨਾ ਹੈ *'ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।'* ਇਸ ਕੁਦਰਤ ਨੂੰ ਸਾਧਾਰਨ ਕਿਸਮ ਦੇ ਨਿਊਟਨਵਾਦੀ ਨਿਯਮਾਂ ਅਧੀਨ ਚੱਲਣ ਵਾਲਾ ਮਸ਼ੀਨੀ ਪੁਰਜਾ ਮੰਨਣਾ ਬੜੀ ਵੱਡੀ ਭੁੱਲ ਹੈ। ਸੱਚੀ ਗੱਲ ਤਾਂ ਇਹ ਹੈ ਕਿ ਉਹ ਕਰਤਾ ਇਸ ਕੁਦਰਤ ਦੇ ਕਣ-ਕਣ ਵਿਚ ਆਪ ਵਾਸਾ ਕਰਦਾ ਹੈ:

*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥* *(ਪੰਨਾ ੪੬੪)*

ਇਸ ਦ੍ਰਿਸ਼ਟੀ ਤੋਂ ਕੁਦਰਤ ਨਾਲ ਜੁੜੀ ਹਰ ਵਸਤ ਪ੍ਰਭੂ-ਕਿਰਤ ਹੋਣ ਕਾਰਨ ਪਿਆਰਨ ਤੇ ਸਤਿਕਾਰਨ ਯੋਗ ਹੈ। ਅਸੀਂ ਵੇਖਦੇ ਹਾਂ ਕਿ ਅਜੋਕਾ ਮਾਨਵ ਵਿਸ਼ਵ ਪੱਧਰ 'ਤੇ ਆਪਣੀ ਗੱਲ ਕਹਿਣ ਦਾ ਇੱਛਕ ਹੀ ਨਹੀਂ ਸਗੋਂ ਹਰ ਜੁਗਤ ਨਾਲ ਉਸਨੂੰ ਮਨਵਾਉਣ ਦਾ ਆਦੀ ਬਣਦਾ ਜਾ ਰਿਹਾ ਹੈ ਭਾਵੇਂ ਉਸ ਦੀ ਗੱਲ ਜਾਇਜ਼ ਹੈ ਜਾਂ ਨਾਜਾਇਜ਼। ਉਹ ਦੂਸਰੇ ਦੀ ਗੱਲ ਨਾ ਤਾਂ ਸੁਣਨ ਲਈ ਹੀ ਤਿਆਰ ਹੈ ਤੇ ਨਾ ਆਪਣੀ ਗੱਲ ਨੂੰ ਲਾਗੂ ਕਰਵਾਉਣ ਸਮੇਂ ਦੂਸਰੇ ਦੇ ਜਜ਼ਬਾਤਾਂ ਤੇ ਹਾਲਾਤ ਦੀ ਪਰਵਾਹ

ਹੀ ਕਰਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਅਜਿਹੀ ਰੁਚੀ ਨੂੰ ਸਵੀਕਾਰ ਨਹੀਂ ਕਰਦੇ। ਇਨ੍ਹਾਂ ਬਾਣੀਕਾਰਾਂ ਦਾ ਵਿਸ਼ਵਾਸ ਅਤੇ ਕਾਰਜ-ਸ਼ੈਲੀ ਤਾਨਾਸ਼ਾਹੀ ਜਾਂ ਸ਼ਾਸਤਰਾਰਥ ਵਾਲੀ ਨਹੀਂ ਸਗੋਂ ਇਸ ਦੀ ਬੁਨਿਆਦ ਸੰਵਾਦ ਹੈ। ਬਿਨਾਂ ਸੋਚ-ਸਮਝ ਦੇ ਨਸਲੀ, ਮਜ਼ਹਬੀ ਜਾਂ ਰਾਜਨੀਤਿਕ ਤੁਅੱਸਬ ਕਰਕੇ ਕਿਸੇ ਨਾਲ ਨਫ਼ਰਤ ਕਰਨੀ ਪਾਪ ਮੰਨਦਿਆਂ ਇਹ ਬਾਣੀਕਾਰ *'ਹਮ ਸਭਨਾ ਕੇ ਸਾਜਨ'* ਅਤੇ *'ਏਕੁ ਪਿਤਾ ਏਕਸ ਕੇ ਹਮ ਬਾਰਿਕ'* ਦਾ ਸੁਰ-ਸੰਗੀਤ ਛੇੜਦੇ ਹਨ। ਇਸੇ ਲਈ ਇਸ ਗ੍ਰੰਥ ਦੇ ਪ੍ਰਮੁੱਖ ਬਾਣੀਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕਸੁਰਤਾ, ਸਹਿਨਸ਼ੀਲਤਾ ਅਤੇ ਅਮਨ-ਸਥਾਪਤੀ ਲਈ ਵਿਸ਼ਵ-ਮਾਨਵ ਨੂੰ ਸੰਦੇਸ਼ ਦਿੱਤਾ ਕਿ:

*ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥ (ਪੰਨਾ ੬੬੧)*

ਇਥੇ ਸੰਦੇਸ਼ ਹੈ ਕਿ ਪਹਿਲਾਂ ਦੂਸਰੇ ਦੀ ਗੱਲ ਸੁਣੋ ਅਤੇ ਉਸ ਦੇ ਜਜ਼ਬਾਤਾਂ ਨੂੰ ਬਿਨਾਂ ਠੇਸ ਪਹੁੰਚਾਏ ਮਾਨਵ-ਭਲਾਈ ਹਿੱਤ ਆਪਣੀ ਗੱਲ ਕਹੋ। ਸੱਚੀ ਗੱਲ ਹੈ ਵੀ ਇਹੋ ਕਿ ਗਿਆਨ ਉਦੋਂ ਹੀ ਗਤੀਮਾਨ ਹੁੰਦਾ ਹੈ ਜਦੋਂ ਦੋ ਵਿਚਾਰਧਾਰਾਵਾਂ ਸੰਵਾਦ ਵਿਚ ਆਉਣ। ਇਸੇ ਲਈ ਬਾਬਾ ਫਰੀਦ ਜੀ ਵੀ ਸਪੱਸ਼ਟ ਰੂਪ ਵਿਚ ਮਨੁੱਖ ਨੂੰ ਸਾਵਧਾਨ ਕਰਦੇ ਹਨ:

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ (ਪੰਨਾ ੧੩੮੪)*

ਇਹ ਜੀਵਨ-ਜੁਗਤ ਇਕ ਅਜਿਹੀ ਮਾਨਸਿਕ ਅਵਸਥਾ ਹੈ ਜੋ ਵੱਖ-ਵੱਖ ਸੱਭਿਆਚਾਰਾਂ ਦੇ ਮਨੁੱਖਾਂ ਅੰਦਰ ਆਪਸੀ ਸਾਂਝ ਪੈਦਾ ਕਰਦੀ ਹੈ ਅਤੇ ਉਹ ਇਸ ਜੁਗਤ ਅਧੀਨ ਸਾਂਝੀ ਕਿਸਮਤ ਅਤੇ ਸਾਂਝੇ ਵਿਸ਼ਵਾਸ ਦੇ ਭਾਈਵਾਲ ਬਣ ਜਾਂਦੇ ਹਨ। ਦਰਅਸਲ ਆਦਿ-ਮਾਨਵ ਇਸੇ ਬਿਰਤੀ ਦਾ ਅਨੁਸਾਰੀ ਸੀ। ਪਰ ਸਮਾਂ ਪਾ ਕੇ ਇਹ ਭਾਵਨਾ ਹੌਲੀ-ਹੌਲੀ ਮੱਧਮ ਪੈਂਦੀ ਗਈ ਅਤੇ ਅੱਜ ਇਹ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਫਿਰਕੂ ਦੰਗਿਆਂ ਅਤੇ ਨਸਲੀ ਵਿਤਕਰਿਆਂ ਦੀ ਭਾਵਨਾ ਨੂੰ ਭਾਂਪਦਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵ-ਸੰਸਾਰ ਨੂੰ ਜੋ ਪ੍ਰਥਮ ਸੰਦੇਸ਼ ਦਿੱਤਾ, ਉਸ ਦਾ ਅਨੁਸਰਣ ਕਰਨਾ ਅਜੋਕੇ ਸਮੇਂ ਦੇ ਮਨੁੱਖ ਦੀ ਵੱਡੀ ਲੋੜ ਹੈ। ਸੁਲਤਾਨਪੁਰ ਵਿਚ ਆਪ ਜੀ ਦਾ ਪਰਮ ਸੰਦੇਸ਼ ਸੀ:

*ਨਾ ਕੋ ਹਿੰਦੂ ਨ ਮੁਸਲਮਾਨ॥*

ਇਹੋ ਗੱਲ ਆਪ ਜੀ ਨੇ ਮੱਕੇ ਵਿਚ ਹਾਜ਼ੀਆਂ ਨੂੰ ਉਨ੍ਹਾਂ ਦੇ ਪ੍ਰਸ਼ਨ ਦਾ ਉੱਤਰ ਦੇਣ ਸਮੇਂ ਆਖੀ ਕਿ:

*ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?*
*ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।*

*(ਭਾਈ ਗੁਰਦਾਸ ਜੀ, ਵਾਰ ੧:੩੩)*

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਮਾਨਵ-ਸੰਸਾਰ ਵਿਚ ਇਕਸੁਰਤਾ, ਸਹਿਨਸ਼ੀਲਤਾ ਅਤੇ ਅਮਨ-ਸ਼ਾਂਤੀ ਦਾ ਪੈਗਾਮ ਦੇਣ ਲਈ ਚਾਰ ਉਦਾਸੀਆਂ ਕੀਤੀਆਂ ਗਈਆਂ। ਇਹ ਉਦਾਸੀਆਂ ਭਾਰਤ, ਮੱਕਾ, ਮਦੀਨਾ, ਬਗਦਾਦ, ਰੂਸ ਅਤੇ ਸ੍ਰੀ ਲੰਕਾ ਦੇ ਉਨ੍ਹਾਂ ਪ੍ਰਸਿੱਧ ਸਥਾਨਾਂ ਨਾਲ ਸੰਬੰਧਿਤ ਹਨ ਜੋ ਹਿੰਦੂ ਧਰਮ, ਇਸਲਾਮ, ਸੂਫ਼ੀਆਂ ਅਤੇ ਜੋਗੀਆਂ ਦੇ ਗੜ੍ਹ ਸਮਝੇ ਜਾਂਦੇ ਸਨ। ਆਪ ਜੀ ਆਪਣੀ ਵਿਚਾਰਧਾਰਾ ਦੇ ਸੰਚਾਰ ਲਈ ਖ਼ੁਦ ਵੱਖ-ਵੱਖ ਧਰਮਾਂ ਦੇ ਆਗੂਆਂ ਕੋਲ ਪੁੱਜੇ ਅਤੇ ਗਿਆਨ-ਚਰਚਾ ਦੀ ਜੁਗਤ ਰਾਹੀਂ ਆਪਣਾ ਮਾਨਵ-ਹਿਤੂ ਸੰਦੇਸ਼ ਦੇਣ ਤੋਂ ਪਹਿਲਾਂ ਉਨ੍ਹਾਂ ਦੀ ਗੱਲ ਸੁਣੀ ਅਤੇ ਫੇਰ ਆਪਣੀ ਸੁਣਾਈ।

ਨਿਰਸੰਦੇਹ ਮਨੁੱਖਾਂ ਵਿਚ ਖ਼ਿਆਲਾਂ, ਗੁਣਾਂ, ਧਾਰਮਕ ਵਿਚਾਰਾਂ, ਰਹੁ-ਰੀਤਾਂ ਅਤੇ ਨਸਲਾਂ ਕਰਕੇ ਭੇਦ ਹੁੰਦਾ ਹੈ। ਕੰਮ ਦੇ ਲਿਹਾਜ਼ ਨਾਲ ਸੰਸਾਰਕ ਪਦਵੀਆਂ ਅੱਡ-ਅੱਡ ਹੁੰਦੀਆਂ ਹਨ, ਪਰ ਇਸ ਦੇ ਬਾਵਜੂਦ ਮਨੁੱਖ ਦੀ ਬਣਤਰ ਅਤੇ ਮਨੁੱਖਤਾ ਦਾ ਸਰੂਪ ਇਕ ਹੀ ਹੁੰਦਾ ਹੈ, ਉਸ ਦੇ ਸੁਭਾਵਕ ਗੁਣ ਅੱਡ-ਅੱਡ ਨਹੀਂ ਹੁੰਦੇ। ਹਰੇਕ ਮਨੁੱਖ ਵਿਚ ਪ੍ਰਭੂ ਨੇ ਗੁਣ ਭਰੇ ਹਨ ਅਤੇ ਵਿਕਾਸ ਕਰਨ ਦੀ ਸ਼ਕਤੀ ਬਖਸ਼ੀ ਹੈ। ਇਹ ਠੀਕ ਹੈ ਕਿ ਸ੍ਰਿਸ਼ਟੀ-ਰਚਨਾ ਵਿਚ ਬੜਾ ਭੇਦ ਹੈ। ਗੁਣ, ਕਰਮ ਅਤੇ ਸੁਭਾਅ ਕਰਕੇ ਸਾਰੇ ਮਨੁੱਖ ਇੱਕੋ ਜਿਹੇ ਨਹੀਂ ਹੋ ਸਕਦੇ, ਪਰ ਫਿਰ ਵੀ ਰੰਗ-ਬਿਰੰਗੀ ਇਹ ਭਿੰਨਤਾ ਮਨੁੱਖ ਨੂੰ ਮਨੁੱਖਤਾ ਦੇ ਸੂਤਰ ਵਿਚ ਇਕ-ਸਮਾਨ ਪਰੋ ਕੇ ਰੱਖਦੀ ਹੈ। ਇਸੇ ਲਈ ਤਾਂ ਨੀਵਾਂ ਕਰਮ ਕਰਨ ਵਾਲੇ ਸੇਵਾਦਾਰ/ਸੇਵਕ/ਦਾਸ ਆਪਣੇ ਗੁਣ-ਕਰਮ ਕਾਰਨ ਉੱਚ ਪਦਵੀ ਪ੍ਰਾਪਤ ਕਰ ਕੇ ਭਾਈ ਲਹਿਣਾ ਜੀ ਤੋਂ ਸਿੱਖਾਂ ਦੇ ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਬਣ ਗਏ। ਮਾਨਵ-ਸੰਸਾਰ ਦੇ ਇਤਿਹਾਸ ਵਿਚ ਇਹ ਅਜਿਹਾ ਕ੍ਰਾਂਤੀਕਾਰੀ ਮੋੜ ਸੀ ਜਿਸ ਨੇ ਸਾਧਾਰਨ ਮਾਨਵ ਨੂੰ ਬਲ ਪ੍ਰਦਾਨ ਕੀਤਾ, ਸਿਰ ਉੱਚਾ ਕਰ ਕੇ ਜੀਵਨ ਜਿਊਣ ਦਾ। ਕਿਉਂਕਿ ਇਸ ਤੋਂ ਪਹਿਲਾਂ ਤਾਂ ਮਾਨਵ-ਸਮਾਜ ਵਿਚ ਪ੍ਰਚਲਤ ਵਰਣ-ਵਿਵਸਥਾ ਅਧੀਨ ਸੇਵਾ/ਸੇਵਾਦਾਰ ਦਾ ਕੰਮ ਉੱਪਰਲੇ ਤਿੰਨ ਵਰਗਾਂ ਦੀ ਸੇਵਾ ਕਰਨ ਤਕ ਹੀ ਸੀਮਤ ਸੀ। ਦਾਸ ਹੁੰਦਿਆਂ ਗੁਰੂ-ਪਦ ਦੀ ਪ੍ਰਾਪਤੀ ਕਰਨ ਬਾਰੇ ਕਦੇ ਕੋਈ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਬਾਣੀਕਾਰ ਨੇ ਇਹ ਚਮਤਕਾਰ ਕਰ ਕੇ ਇਕ ਨਵਾਂ ਇਤਿਹਾਸ ਰਚ ਦਿੱਤਾ।

ਸਿੱਖ ਧਰਮ ਦੇ ਤੀਸਰੇ ਗੁਰੂ, ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖਾਂ ਵਿਚ ਹਰ ਪ੍ਰਕਾਰ ਦੀ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਸਮਾਪਤ ਕਰਦਿਆਂ ਪੰਗਤ-ਸਿਸਟਮ ਨੂੰ ਸੰਸਥਾਈ ਰੂਪ ਦਿੱਤਾ ਜਿਸ ਦੇ ਅੰਤਰਗਤ ਹਰੇਕ ਮਾਨਵ ਨੂੰ ਪਹਿਲੋਂ ਲੰਗਰ ਵਿਚ ਇੱਕੋ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣਾ ਪੈਂਦਾ ਸੀ। ਇਸੇ ਲਈ ਬਾਦਸ਼ਾਹ ਅਕਬਰ ਨੇ ਵੀ ਲੰਗਰ ਵਿਚ ਆਮ ਲੋਕਾਂ ਵਿਚ ਬੈਠ ਕੇ ਪਰਸ਼ਾਦਾ ਛਕਿਆ ਸੀ। ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਨੇ ਤਾਂ ਅਨੂਪ ਰਾਮਦਾਸ

ਪੁਰ ਨਗਰੀ ਵਸਾਉਣ ਸਮੇਂ ਬਿਨਾਂ ਭਿੰਨ-ਭੇਦ, ਵੱਖ-ਵੱਖ ਧਰਮਾਂ, ਕਿੱਤਿਆਂ ਦੇ ੫੨ ਕਿਸਮ ਦੇ ਲੋਕ ਇਥੇ ਵਸਾਏ ਜਿਨ੍ਹਾਂ ਨੂੰ ਆਪੋ-ਆਪਣੇ ਧਰਮ-ਕਰਮ ਦੀ ਪੂਰਨ ਆਜ਼ਾਦੀ ਸੀ। ਦਰਅਸਲ ਸਿੱਖ ਧਰਮ ਵਿਚ ਫਿਰਕਾਪ੍ਰਸਤੀ, ਨਫ਼ਰਤ, ਅਤੇ ਮਾਨਵ-ਵੰਡ ਪੈਦਾ ਕਰਨ ਵਾਲੇ ਤੱਤਾਂ ਨੂੰ ਮੂਲੋਂ ਹੀ ਅਪ੍ਰਵਾਨ ਕਰਦਿਆਂ ਹਰੇਕ ਧਰਮ ਦੀ ਅਧਾਰਸ਼ਿਲਾ ਸੱਚ ਉੱਤੇ ਟਿਕਾਈ ਗਈ ਹੈ। ਸੱਚਾ ਧਰਮ ਹਮੇਸ਼ਾਂ ਮਾਨਵਤਾ ਦੀ ਸੇਵਾ ਤੇ ਭਲਾਈ ਦੀ ਚਾਹਨਾ ਕਰਿਆ ਕਰਦਾ ਹੈ:

*ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*

*(ਪੰਨਾ ੧੧੮੮)*

ਇਹੋ ਕਾਰਨ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਸਮੁੱਚੇ ਦੁਖੀ ਸੰਸਾਰ ਦੇ ਭਲੇ ਲਈ ਪ੍ਰਭੂ ਅੱਗੇ ਅਰਦਾਸ ਕਰਦੇ ਹਨ ਕਿ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥* *(ਪੰਨਾ ੮੫੩)*

ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਸਮੇਂ ਇਸ ਦੇ ਚਹੁੰ ਪਾਸੀਂ ਦਰਵਾਜ਼ੇ ਰੱਖ ਦਿੱਤੇ। ਇਹ ਚਾਰ ਦਰਵਾਜ਼ੇ ਚਹੁੰ ਵਰਣਾਂ ਦੇ ਮਨੁੱਖਾਂ ਨੂੰ ਚਹੁੰ ਦਿਸ਼ਾਵਾਂ ਤੋਂ, ਬਿਨਾਂ ਭਿੰਨ-ਭੇਦ ਹਰ ਪ੍ਰਕਾਰ ਦੇ ਇਕ ਸਮਾਨ ਸਤਿਕਾਰ, ਅਧਿਕਾਰ ਤੇ ਪਿਆਰ ਦੇਣ ਦੇ ਸੂਚਕ ਹਨ। ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਸਾਰ ਦੇ ਧਾਰਮਕ ਸਾਹਿਤ-ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ-ਕਾਰਜ, ਇਕ ਇਤਿਹਾਸਕ ਕਾਰਨਾਮਾ ਹੈ। ਸਿੱਖ ਧਰਮ ਦੇ ਇਸ ਪਾਵਨ ਗ੍ਰੰਥ ਵਿਚ ਜਿੱਥੇ ਛੇ ਸਿੱਖ ਗੁਰੂ ਸਾਹਿਬਾਨ ਦੀ ਧੁਰ ਕੀ ਬਾਣੀ ਦਰਜ ਹੈ ਉਥੇ ਨਾਲ ਹੀ ੩੦ ਹੋਰ ਸੰਤ-ਭਗਤਾਂ ਦੀ ਬਾਣੀ ਵੀ ਦਰਜ ਹੈ। ਸੰਸਾਰ ਦੇ ਕਿਸੇ ਧਾਰਮਕ ਗ੍ਰੰਥ ਵਿੱਚੋਂ ਅਜਿਹੀ ਮਿਸਾਲ ਨਹੀਂ ਮਿਲਦੀ। ਇਨ੍ਹਾਂ ਵਿਚ ਹਿੰਦੂ ਅਤੇ ਇਸਲਾਮ ਧਰਮ ਦੇ ਅਜਿਹੇ ਸੰਤ ਪੁਰਸ਼ ਸ਼ਾਮਲ ਹਨ ਜਿਨ੍ਹਾਂ ਵਿਚ ਤਥਾਕਥਿਤ ਉੱਚ ਜਾਤਾਂ ਦੇ ਭਗਤ ਪੀਪਾ ਜੀ, ਭਗਤ ਜੈਦੇਵ ਜੀ ਅਤੇ ਤਥਾਕਥਿਤ ਨਿਮਨ ਜਾਤਾਂ ਦੇ ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਾਈ ਮਰਦਾਨਾ ਜੀ, ਭਾਈ ਸੱਤਾ ਜੀ, ਭਾਈ ਬਲਵੰਡ ਰਾਏ ਜੀ ਆਦਿ ਵੀ ਸ਼ਾਮਲ ਹਨ। ਇਨ੍ਹਾਂ ੩੬ ਬਾਣੀਕਾਰਾਂ ਦੀ ਇਹ ਬਾਣੀ ੩੧ ਮੁੱਖ ਅਤੇ ੩੫ ਉਪ-ਰਾਗਾਂ ਵਿਚ ਮਾਨਵ-ਪ੍ਰੇਮ ਦਾ ਸੰਦੇਸ਼ ਸੰਚਾਰਦਿਆਂ ਆਖਦੀ ਹੈ ਕਿ:

*ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥*
*ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥* *(ਪੰਨਾ ੧੭)*

ਕਿਉਂਕਿ ਸੱਚੀ ਗੱਲ ਹੈ ਹੀ ਇਹ ਕਿ:

*ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ॥* *(ਪੰਨਾ ੯੬)*

ਇਸ ਸੰਦਰਭ ਵਿਚ ਮਾਨਵ-ਸੰਸਾਰ ਦੇ ਹਰੇਕ ਮਾਨਵ ਨੂੰ ਕਬੀਰ ਸਾਹਿਬ ਦੇ ਇਹ ਬੋਲ ਪੱਲੇ ਬੰਨ੍ਹ ਲੈਣੇ ਚਾਹੀਦੇ ਹਨ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥*
*ਲੋਗਾ ਭਰਮਿ ਨ ਭੂਲਹੁ ਭਾਈ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ ਰਹਾਉ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥*
*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥*
*ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥*

*(ਪੰਨਾ ੧੩੪੯-੫੦)*

ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੀ *'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸੈ ਬਾਹਰਾ ਜੀਉ'* ਦੀ ਧੁਨ ਅਜਿਹਾ ਮਾਹੌਲ ਸਿਰਜਦੀ ਹੈ ਜੋ ਮਾਨਵ-ਰਿਸ਼ਤਿਆਂ ਨੂੰ ਪੱਕਿਆਂ ਕਰਨ ਵਾਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਬਾਣੀਕਾਰਾਂ ਦੀ ਵੱਡੀ ਵਡਿਆਈ ਤੇ ਅਚਰਜ ਸ਼ੋਭਾ ਇਸ ਤੱਥ ਵਿਚ ਵੀ ਹੈ ਕਿ ਇਹ ਸਾਰੇ ਬਾਣੀਕਾਰ ਲੋਕਾਂ ਨੂੰ ਇਕ ਦੂਜੇ ਨੂੰ ਸਮਝਣ, ਦੂਜੇ ਦੀਆਂ ਭਾਵਨਾਵਾਂ ਨੂੰ ਸਹਾਰਨ, ਪਿਆਰਨ ਅਤੇ ਅਮਨ-ਚੈਨ ਨਾਲ ਰਹਿਣ ਦੀ ਭਾਵਨਾ ਜਾਗ੍ਰਿਤ ਕਰਨ ਲਈ ਯਤਨਸ਼ੀਲ ਰਹੇ। ਮਨੁੱਖ ਨੂੰ ਮਨੁੱਖ ਨਾਲ ਜੋੜਨ ਅਤੇ ਮੈਤ੍ਰੀਭਾਵ ਦਾ ਵਾਯੂਮੰਡਲ ਸਿਰਜਣ ਵਿਚ ਇਹ ਸਾਰੇ ਬਾਣੀਕਾਰ ਪੂਰੀ ਤਰ੍ਹਾਂ ਸਰਗਰਮ ਸਨ। ਇਨ੍ਹਾਂ ਬਾਣੀਕਾਰਾਂ ਦਾ ਸਪੱਸ਼ਟ ਮੱਤ ਸੀ ਕਿ ਦੂਜਿਆਂ ਦੇ ਔਗੁਣ ਵੇਖਣ ਦੀ ਥਾਂ ਉਨਾਂ ਦੇ ਗੁਣਾਂ ਨਾਲ ਸਾਂਝ ਪਾਉਣੀ ਹੀ ਅਕਲਮੰਦੀ ਹੈ:

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* *(ਪੰਨਾ ੭੬੬)*

ਇਸੇ ਲਈ ਬਾਬਾ ਫਰੀਦ ਜੀ ਨੇ ਫ਼ੁਰਮਾਨ ਕੀਤਾ ਸੀ:

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*

ਅਜਿਹਾ ਕਰਨ ਵਾਲਾ ਮਨੁੱਖ ਹੀ ਉਸ ਅਵਸਥਾ ਨੂੰ ਪੁੱਜ ਸਕਦਾ ਹੈ ਜਿੱਥੇ:

*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥* *(ਪੰਨਾ ੧੩੮੨)*

ਇਸ ਸੰਦਰਭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਇਥੋਂ ਤਕ ਆਖਦੇ ਹਨ ਕਿ ਹੇ ਮਾਨਵ, ਤੂੰ:

*ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥* *(ਪੰਨਾ ੩੨੨)*

ਕਿਉਂਕਿ ਲੁਕ-ਛਿਪ ਕੇ ਕੁਕਰਮ, ਰਿਸ਼ਵਤ, ਠੱਗੀ, ਚੋਰੀ ਆਦਿ ਕਰਨ ਵਾਲੇ ਪ੍ਰਾਣੀ ਇਹ ਸਮਝਦੇ ਹਨ ਕਿ ਉਨ੍ਹਾਂ ਨੂੰ ਕੋਈ ਨਹੀਂ ਵੇਖਦਾ, ਪਰ ਉਹ ਪਰਮਾਤਮਾ ਦੀਆਂ ਨਜ਼ਰਾਂ ਤੋਂ ਨਹੀਂ ਬਚ ਸਕਦੇ। ਇਸੇ ਲਈ ਕਬੀਰ ਸਾਹਿਬ ਅਜਿਹੇ ਪ੍ਰਾਣੀਆਂ ਨੂੰ ਸਾਵਧਾਨ ਕਰਦੇ ਹਨ :

*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥* *(ਪੰਨਾ ੬੫੬)*

ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਮਨੁੱਖ ਨੂੰ ਉਪਦੇਸ਼ ਦਿੱਤਾ:

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥* *(ਪੰਨਾ ੯੧੮)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੂਸਰੇ ਦੀ ਜ਼ਰ, ਜ਼ੋਰੂ, ਜ਼ਮੀਨ ਨੂੰ ਹਥਿਆਉਣ ਦੀ ਰੁਚੀ ਨੂੰ ਮੁੱਢੋਂ ਹੀ ਨਕਾਰਦਿਆਂ ਇਸ ਨੂੰ ਮੁਸਲਮਾਨਾਂ ਲਈ ਸੂਅਰ ਦਾ ਮਾਸ ਅਤੇ ਹਿੰਦੂਆਂ ਲਈ ਗਊ ਦਾ ਮਾਸ ਖਾਣ ਦੇ ਬਰਾਬਰ ਪਾਪ-ਕਰਮ ਦੱਸਿਆ ਗਿਆ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥* *(ਪੰਨਾ ੧੪੧)*

ਇਸ ਲਈ ਸਿੱਖ ਧਰਮ ਵਿਚ ਨਾਮ ਜਪਣ ਦੇ ਨਾਲ-ਨਾਲ ਕਿਰਤ ਕਰਨ ਤੇ ਵੰਡ ਛਕਣ ਦੀ ਪਰੰਪਰਾ ਪ੍ਰਚੱਲਤ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥*
*(ਪੰਨਾ ੧੨੪੫)*

ਸਿੱਖ ਧਰਮ ਦਾ ਮਨੁੱਖਤਾ ਨੂੰ ਉਪਦੇਸ਼ ਹੀ ਇਹ ਹੈ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥* *(ਪੰਨਾ ੫੨੨)*

ਕਿਉਂਕਿ ਉੱਦਮੀ ਤੇ ਉਤਸ਼ਾਹੀ ਮਾਨਵ-ਚੇਤਨਾ ਹੀ ਇਕਸੁਰਤਾ, ਸਹਿਨਸ਼ੀਲਤਾ ਅਤੇ ਸ਼ਾਂਤੀ-ਮਾਰਗ ਦੀ ਪਾਂਧੀ ਬਣ ਸਕਦੀ ਹੈ। ਅਜਿਹੀ ਚੇਤਨਾ ਹੀ :

*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥* *(ਪੰਨਾ ੮੧੫)*

ਦੀ ਧਾਰਨੀ ਬਣ ਕਥਨੀ ਤੇ ਕਰਨੀ ਵਿਚ ਇਕਸੁਰਤਾ ਲਿਆ ਸਕਦੀ ਹੈ। ਕਥਨੀ ਤੇ ਕਰਨੀ ਵਿਚ ਇਕਸੁਰਤਾ ਨਾ ਰੱਖਣ ਵਾਲੇ ਇਸ ਕਾਰਜ-ਖੇਤਰ ਵਿਚ ਸਫਲ ਨਹੀਂ ਹੋ ਸਕਦੇ:

*- ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥* *(ਪੰਨਾ ੮੮੧)*
*- ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥ ਬਾਤਨ ਹੀ ਅਸਮਾਨੁ ਗਿਰਾਵਹਿ॥*
*(ਪੰਨਾ ੩੩੨)*
*- ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥* *(ਪੰਨਾ ੪੭੩)*

ਇਸ ਲਈ ਸੱਚਾ ਮਨੁੱਖ ਉਹੋ ਹੈ ਜਿਸ ਦੇ ਹਿਰਦੇ ਅੰਦਰ ਪਾਪ-ਕਰਮ ਦੀ ਭਾਵਨਾ ਪੈਦਾ ਹੀ ਨਾ ਹੋਵੇ:

*ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ॥* *(ਪੰਨਾ ੧੯੮)*

ਕਹਿਣ ਨੂੰ ਤਾਂ ਸਾਰੇ ਆਗੂ ਮੁੱਦਤਾਂ ਤੋਂ ਆਖਦੇ ਆ ਰਹੇ ਹਨ ਕਿ ਸਾਰੇ ਮਨੁੱਖ ਬਰਾਬਰ ਹਨ ਪਰ ਅਮਲੀ ਤੌਰ 'ਤੇ ਉਹ ਇਸ ਪਾਸੇ ਇੱਕ ਕਦਮ ਵੀ ਪੁੱਟਣ ਲਈ ਤਿਆਰ ਨਹੀਂ ਹੋਏ। ਉਹ ਹਾਲੇ ਤਕ ਇਹ ਸੱਚ ਪ੍ਰਵਾਨ ਕਰਨ ਨੂੰ ਰਾਜ਼ੀ ਨਹੀਂ ਹੋ ਰਹੇ ਕਿ ਕੁਦਰਤ ਦੀਆਂ ਬੇਪਨਾਹ ਦਾਤਾਂ ਉੱਤੇ ਮਾਲਕੀ ਸਾਰੇ ਮਨੁੱਖਾਂ ਦੀ ਹੈ, ਕਿਸੇ ਇੱਕ ਫਿਰਕੇ ਜਾਂ ਵਿਸ਼ੇਸ਼ ਵਿਅਕਤੀ ਦੀ ਨਹੀਂ। ਗੁਰਬਾਣੀ ਕਿਸੇ ਨੂੰ ਗ਼ੁਲਾਮ ਬਣਾਉਣ ਤੇ ਆਪੂੰ ਮਾਲਕ ਬਣ ਬੈਠਣ ਦੀ ਜੁਗਤ ਨੂੰ ਪ੍ਰਵਾਨ ਨਹੀਂ ਕਰਦੀ। ਗੁਰਬਾਣੀ ਹਰੇਕ ਮਨੁੱਖ ਨੂੰ ਮਾਨਸਕ ਆਜ਼ਾਦੀ, ਸਮਾਨ ਅਧਿਕਾਰ ਤੇ ਸਤਿਕਾਰ ਦੇਣ ਦੀ ਹਾਮੀ ਭਰਦੀ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਨੇ ਕੁਦਰਤ ਦੀ ਹਰ ਸ਼ੈਅ ਬਿਨਾਂ ਭਿੰਨ-ਭੇਦ ਦੇ ਰਚੀ ਹੈ। ਫੇਰ ਇਹ ਜਮਾਤ-ਵੰਡ, ਨਸਲ-ਵੰਡ, ਕੌਮੀਅਤ-ਵੰਡ ਦਾ ਭਿੰਨ-ਭੇਦ ਕਿਸ ਆਧਾਰ 'ਤੇ ਕੀਤਾ ਜਾਂਦਾ ਹੈ? ਕੁਦਰਤ ਦੇ ਹਰ ਸੋਮੇ ਜਦੋਂ ਬਿਨਾਂ ਭਿੰਨ-ਭੇਦ ਆਪਣੀ ਰਹਿਮਤ ਵੰਡਦੇ ਹਨ, ਸੂਰਜ ਹਰੇਕ ਵਰਣ ਤੇ ਵਸੀਲੇ ਸਭ ਲਈ ਸਮਾਨ ਹਨ ਜੋ ਮਨੁੱਖ ਨਾਲ ਸਮਾਨਤਾ ਨੂੰ ਹਰ ਪੱਧਰ 'ਤੇ ਸਵੀਕਾਰਦੇ ਹਨ ਤਾਂ ਫਿਰ ਮਨੁੱਖ ਵੱਲੋਂ ਮਨੁੱਖਾਂ ਵਿਚ ਵੰਡੀਆਂ ਕਿਉਂ ਪਾਈਆਂ ਜਾਂਦੀਆਂ ਹਨ? ਇਹ ਇਕ ਅਜਿਹਾ ਮਸਲਾ ਹੈ ਜਿਸ ਦਾ ਅਜੋਕੇ ਮਨੁੱਖ ਕੋਲ ਕੋਈ ਜੁਆਬ ਨਹੀਂ ਭਾਵੇਂ ਉਹ ਕਿਸੇ ਵੀ ਵਰਣ ਜਾਂ ਧਰਮ ਨਾਲ ਸੰਬੰਧਤ ਹੈ। ਗੁਰਬਾਣੀ ਵਿਚ ਪੂਰੀ ਸ਼ਿੱਦਤ ਨਾਲ ਮਾਨਵ-ਬਰਾਬਰੀ ਦੀ ਪੂਰੀ ਤਰ੍ਹਾਂ ਵਕਾਲਤ ਕੀਤੀ ਗਈ ਹੈ ਪਰ ਇਹ ਮਸਲਾ ਜਿਉਂ ਦਾ ਤਿਉਂ ਕਾਇਮ ਹੈ।

ਮੇਰੇ ਵਿਚਾਰ ਅਨੁਸਾਰ ਮਾਨਵ-ਸਮਾਜ ਵਿਸ਼ਵ-ਪੱਧਰ 'ਤੇ ਜਿਨ੍ਹਾਂ ਵਿਰਾਟ ਸਮੱਸਿਆਵਾਂ ਦਾ ਅਜੋਕੇ ਸਮੇਂ ਸੰਤਾਪ ਭੋਗ ਰਿਹਾ ਹੈ, ਉਨ੍ਹਾਂ ਦੇ ਨਿਵਾਰਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਿਲੱਖਣ ਕਿਸਮ ਦਾ ਪਉੜੀ-ਵਿਧਾਨ ਪ੍ਰਾਪਤ ਹੁੰਦਾ ਹੈ। ਇਹ ਪਉੜੀ-ਵਿਧਾਨ ਹੀ ਵਿਸ਼ਵ-ਵਿਆਪੀ ਇਨ੍ਹਾਂ ਵਿਰਾਟ ਸਮੱਸਿਆਵਾਂ ਦੇ ਸਮਾਧਾਨ ਲਈ 'ਰੋਲ ਮਾਡਲ' ਵਜੋਂ ਨਿੱਗਰ ਤੇ ਸਾਰਥਕ ਭੂਮਿਕਾ ਨਿਭਾ ਸਕਦਾ ਹੈ।

੧. **ਧਾਰਮਿਕ ਸਹਿਹੋਂਦ :** ਅੱਜ ਵਿਸ਼ਵ ਦੀ ਸਭ ਤੋਂ ਵੱਡੀ ਤੇ ਗੰਭੀਰ ਸਮੱਸਿਆ ਆਪੋ ਆਪਣੇ ਧਰਮ ਦੀ ਸਰਦਾਰੀ ਨੂੰ ਸਥਾਪਤ ਕਰਨ ਦੀ ਹੈ ਹਾਲਾਂਕਿ ਪਰਮਾਤਮਾ ਇੱਕ ਹੈ, ਧਰਮ ਵੀ ਇੱਕ ਹੀ ਹੁੰਦਾ ਹੈ ਅਤੇ ਪਰਮਾਤਮਾ ਘਟ-ਘਟ ਵਾਸੀ ਤੇ ਸਰਬਵਿਆਪੀ ਹੁੰਦਾ ਹੈ ਪਰ ਫੇਰ ਵੀ ਫਿਰਕੂ ਦੰਗੇ ਭੜਕਦੇ ਹਨ। ਇਸ ਸਮੱਸਿਆ ਦਾ ਸਮਾਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੜਾ ਸਾਰਥਕ ਹੈ :

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥* *(ਪੰਨਾ ੮੭੫)*

ਵੈਸੇ ਵੀ 'ਧਰਮ' ਦੀ ਅਸਲ ਪਰਿਭਾਸ਼ਾ ਦੇ ਅੰਤਰਗਤ ਇਹ ਕਿਸੇ ਇੱਕ ਫ਼ਿਰਕੇ ਜਾਂ ਵਿਅਕਤੀ ਵਿਸ਼ੇਸ਼ ਦਾ ਹੋ ਹੀ ਨਹੀਂ ਸਕਦਾ। ਧਰਮ ਤਾਂ ਉਦੋਂ ਧਰਮ

ਬਣਦਾ ਹੈ ਜਦੋਂ ਬਾਬਾ ਫਰੀਦ ਜੀ ਦੇ ਅਲਾਹੀ ਬੋਲਾਂ ਅਨੁਸਾਰ *'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ'* ਦੀ ਸ਼ਰਤ ਪੂਰੀ ਕੀਤੀ ਜਾਵੇ। ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਰੂਪ ਵਿਚ ਇਸ ਦਾ ਨਿਰਣਾ ਕੀਤਾ ਕਿ *'ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥'* ਇਸ ਪਰਿਭਾਸ਼ਾ ਦੇ ਸਨਮੁਖ ਮੰਦਰ, ਮਸਜਿਦ, ਚਰਚ, ਗੁਰਦੁਆਰੇ ਆਦਿ ਨੂੰ ਆਪੋ ਆਪਣੀ ਮਲਕੀਅਤ ਦੱਸਣ ਵਾਲੇ ਆਗੂਆਂ ਨੂੰ ਸੇਧ ਲੈਣ ਦੀ ਲੋੜ ਹੈ।

**੨. ਕੁਰੱਪਸ਼ਨ ਦੇ ਖ਼ਾਤਮੇ ਲਈ :** ਅੱਜ ਸਮੁੱਚਾ ਵਿਸ਼ਵ ਕੁਰੱਪਸ਼ਨ ਦੀ ਮਾਰ ਹੇਠ ਹੈ ਜਿਸ ਬਾਰੇ ਬਾਣੀ ਫ਼ਰਮਾਉਂਦੀ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ (ਪੰਨਾ ੧੪੧)*

**੩. ਸ੍ਵੈਮਾਨ**

*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ ੧੪੨)*

**੪. ਹੱਕ-ਹਲਾਲ ਦੀ ਕਿਰਤ-ਕਮਾਈ**

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥*

*(ਪੰਨਾ ੧੨੪੫)*

**੫. ਸਾਂਝੀਵਾਲਤਾ**

*– ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਪੰਨਾ ੯੭)*

*– ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥ (ਪੰਨਾ ੬੭੧)*

*– ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*

*(ਪੰਨਾ ੧੨੯੯)*

**੬. ਮਾਨਵ-ਬਰਾਬਰੀ**

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਪੰਨਾ ੧੪੨੭)*

**੭. ਸੰਵਾਦ/ਵਿਚਾਰ-ਚਰਚਾ**

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*

*(ਪੰਨਾ ੧੧੮੫)*

**੮. ਏਡਜ਼**

*ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥*

*(ਪੰਨਾ ੧੧੬੪-੬੫)*

**੯. ਨਿੰਦਾ-ਚੁਗਲੀ**

*– ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ (ਪੰਨਾ ੭੫੫)*

*– ਹਮ ਨਹੀ ਚੰਗੇ ਬੁਰਾ ਨਹੀ ਕੋਇ॥ (ਪੰਨਾ ੭੨੮)*

## ੧੦. ਵੈਰ-ਵਿਰੋਧ

*ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥ (ਪੰਨਾ ੩੮੬)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਇਸ ਪਉੜੀ-ਵਿਧਾਨ ਦਾ ਹੀ ਪ੍ਰਤੀਫਲ ਹੈ ਕਿ ੧੯੪੭ ਵਿਚ ਪੰਜਾਬ-ਵੰਡ ਸਮੇਂ ਜਿਸ ਤਰ੍ਹਾਂ ਦੇ ਫਿਰਕੂ ਦੰਗਿਆਂ ਨੇ ਮਾਨਵਤਾ ਦੀ ਚਿੱਟੀ ਚਾਦਰ ਲਹੂ-ਲੁਹਾਨ ਕੀਤੀ ਸੀ ਉਸ ਨੂੰ ਮੁੜ ਸਫੈਦ ਕਰਨਾ ਸੰਭਵ ਨਹੀਂ ਸੀ ਲੱਗਦਾ। ਪਰ ਸਿੱਖ ਧਰਮ ਦੀ ਸਹਿਨਸ਼ੀਲਤਾ, ਇਕਸੁਰਤਾ, ਅਮਨ-ਸ਼ਾਂਤੀ ਅਤੇ ਪ੍ਰੇਮ-ਪਿਆਰ ਦੀ ਸੁਰ ਨੇ ਇਕ ਵਾਰ ਫੇਰ ਮਾਨਵ-ਪਿਆਰ ਦੀਆਂ ਗੰਢਾਂ ਪੀਡੀਆਂ ਕਰ ਦਿੱਤੀਆਂ ਅਤੇ ਸਾਰੇ ਫ਼ਿਰਕੇ ਇਨਸਾਨਾਂ ਵਾਂਗ ਮਿਲ-ਜੁਲ ਕੇ ਰਹਿੰਦਿਆਂ ਮੁੜ ਤੋਂ ਖੁਸ਼ਹਾਲ ਜੀਵਨ ਬਸਰ ਕਰਨ ਲੱਗ ਪਏ। ਪਰੰਤੂ ਅਫ਼ਸੋਸ! ੧੯੭੮ ਅਤੇ ੧੯੮੪ ਦੀਆਂ ਵਾਰਦਾਤਾਂ ਨੇ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਫਿਰ ਲਾਂਬੂ ਲਾ ਦਿੱਤੇ। ਇਕ ਵਾਰ ਤਾਂ ਇੰਜ ਲੱਗਣ ਲੱਗ ਪਿਆ ਸੀ ਕਿ ਪੰਜਾਬ ਦੀ ਇਕ ਹੋਰ ਫ਼ਿਰਕੂ ਵੰਡ ਹੋ ਜਾਏਗੀ ਪਰ *'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ'* (ਪੰਨਾ ੧੧੮੫) ਦੇ ਸਨਮੁਖ ਮੁੜ ਕੇ ਇਕਸੁਰਤਾ, ਸਮਸੁਰਤਾ, ਸਹਿਨਸ਼ੀਲਤਾ ਅਤੇ ਸ਼ਾਂਤੀ ਪਰਤ ਆਈ ਹੈ। ਪਹਿਲਾਂ ਵਾਂਗ ਹੀ ਗੁਰਦੁਆਰਿਆਂ ਵਿਚ ਕਥਾ-ਕੀਰਤਨ ਹੁੰਦਾ ਹੈ, ਲੰਗਰ ਵਿਚ ਪਰਸ਼ਾਦੇ ਛਕਾਏ ਜਾਂਦੇ ਹਨ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਦੀ ਹਰ ਵਰਗ ਦੇ ਮਨੁੱਖ ਦੀ ਦਿਲੀ ਇੱਛਾ ਹੁੰਦੀ ਹੈ। ਫ਼ਿਰਕੂ ਭਾਵਨਾ ਅਲੋਪ ਹੋ ਗਈ ਹੈ ਅਤੇ ਸਹਿਨਸ਼ੀਲਤਾ ਤੇ ਸਾਂਝੀਵਾਲਤਾ ਸੁਣਾਈ ਦੇ ਰਹੀ ਹੈ।

ਮਾਨਵ-ਸੰਸਾਰ ਦੇ ਹਰੇਕ ਮਨੁੱਖ ਨੂੰ ਖੁਸ਼ਹਾਲ ਅਤੇ ਮਾਨਵ-ਸਾਂਝ ਨੂੰ ਮਜ਼ਬੂਤ ਕਰਨ ਲਈ ਮਾਨਵ-ਚੇਤਨਾ ਵਿਚ ਸਹਿਨਸ਼ੀਲਤਾ (Tolerance), ਇਕਸੁਰਤਾ (Understanding) ਅਤੇ ਅਮਨ-ਚੈਨ (Peace) ਦੀ ਭਾਵਨਾ ਪੈਦਾ ਕਰਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰੰਤਰ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲਈ ਲੋੜ ਹੈ ਇਨ੍ਹਾਂ ਬਾਣੀਕਾਰਾਂ ਦੀ ਉਹ ਜੁਗਤ ਅਪਣਾਉਣ ਦੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ-ਪ੍ਰਬੰਧ ਵਿਚ ਵੀ ਉੱਤਰੀ ਤੇ ਦੱਖਣੀ ਪੱਧਤੀ ਦੇ ਰਾਗਾਂ ਨੂੰ ਇਕ-ਸਮਾਨ ਸਤਿਕਾਰ ਦੇਣ ਵਾਲੀ ਹੈ। ਇਥੋਂ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੁੱਚਾ ਰਾਗ-ਪ੍ਰਬੰਧ ਵੀ ਭਾਰਤੀ ਸੰਗੀਤ ਜਗਤ ਵਿਚ ਪ੍ਰਚਲਤ ਰਾਗ, ਰਾਗਨੀ ਸੰਗੀਤ-ਪੱਧਤੀ ਨੂੰ ਅਪ੍ਰਵਾਨ ਕਰਦਿਆਂ ਹਰੇਕ ਰਾਗਨੀ ਨੂੰ ਵੀ 'ਰਾਗ' ਦੀ ਉਪਾਧੀ ਦਿੰਦਿਆਂ ਸੰਗੀਤ-ਜਗਤ ਵਿਚ 'ਗੁਰਮਤਿ ਸੰਗੀਤ' ਦੀ ਇਕ ਵਿਲੱਖਣ ਸੰਗੀਤ-ਪੱਧਤੀ ਦੀ ਆਧਾਰਸ਼ਿਲਾ ਰੱਖਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਵੱਖ-ਵੱਖ ਧਰਮਾਂ, ਸੰਸਕ੍ਰਿਤੀਆਂ, ਸੱਭਿਆਚਾਰਾਂ,

***(ਬਾਕੀ ਸਫ਼ਾ ੨੮ 'ਤੇ)***

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕਤਾ

*-ਪ੍ਰੋ. ਸੀਤਲ ਸਿੰਘ**

'ਸ੍ਰੀ ਗੁਰੂ ਗ੍ਰੰਥ ਸਾਹਿਬ' ਸਮੁੱਚੇ ਵਿਸ਼ਵ ਤੇ ਸਿੱਖ ਧਰਮ ਦਾ ਮਹਾਨਤਮ ਗ੍ਰੰਥ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ੧੬੬੧ ਬਿ./ਸੰਨ ੧੬੦੪ ਈ. ਵਿਚ ਕੀਤੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਨ ਪਵਿੱਤਰ ਗ੍ਰੰਥ ਨੂੰ 'ਗੁਰੂ' ਦੀ ਪਦਵੀ ਪ੍ਰਦਾਨ ਕੀਤੀ। ਇਸ ਵਿਚ ੬ ਗੁਰੂ ਸਾਹਿਬਾਨ, ਗੁਰੂ ਘਰ ਦੇ ੪ ਨਿਕਟਵਰਤੀ ਗੁਰਸਿੱਖਾਂ, ੧੧ ਭੱਟਾਂ ਤੇ ੧੫ ਭਗਤਾਂ ਦੀ ਬਾਣੀ ਦਰਜ ਹੈ। ਇਹ ਸਾਰੇ ਸੰਤ, ਭਗਤ ਤੇ ਭੱਟ ਵੱਖ-ਵੱਖ ਧਰਮਾਂ, ਜਾਤਾਂ, ਫ਼ਿਰਕਿਆਂ ਅਤੇ ਇਲਾਕਿਆਂ ਨਾਲ ਸੰਬੰਧਤ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਮੂਲ ਆਧਾਰ ਅਧਿਆਤਮਿਕਤਾ ਹੈ ਜਿਸ ਵਿਚ ਪਰਮਾਤਮਾ, ਜੀਵਾਤਮਾ, ਸ੍ਰਿਸ਼ਟੀ, ਮਾਇਆ ਅਤੇ ਮੁਕਤੀ ਉੱਤੇ ਬਲ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮਨੁੱਖ ਦੇ ਜੀਵਨ ਵਿਚ ਨੈਤਿਕ ਮੁੱਲਾਂ ਦੀ ਸਥਾਪਨਾ ਕਰਦੇ ਹੋਏ ਸਦਗੁਣਾਂ ਨੂੰ ਅਪਣਾਉਣ ਤੇ ਔਗੁਣਾਂ ਨੂੰ ਤਿਆਗਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਨੈਤਿਕਤਾ ਅਧਿਆਤਮਿਕਤਾ ਦੀ ਮੂਲ ਚੂਲ ਹੈ।

ਨੈਤਿਕਤਾ ਵਿਚ ਦਇਆ, ਸਬਰ, ਸੰਤੋਖ, ਧੀਰਜ, ਸੰਜਮਤਾ, ਨਿਮਰਤਾ, ਸਹਿਣਸ਼ੀਲਤਾ, ਦਾਨ-ਪੁੰਨ ਤੇ ਸੇਵਾ ਆਦਿ ਦੇ ਗੁਣ ਆ ਜਾਂਦੇ ਹਨ। ਨੈਤਿਕਤਾ ਇਕ ਪਾਸੇ ਜੀਵ-ਆਤਮਾ ਨੂੰ ਮੂਲ ਸ੍ਰੋਤ ਪਰਮਾਤਮਾ ਨਾਲ ਜੋੜਨ ਵਿਚ ਸਹਾਇਕ ਹੁੰਦੀ ਹੈ ਅਤੇ ਦੂਜੇ ਪਾਸੇ ਸੰਸਾਰ ਵਿਚ ਰਹਿੰਦਿਆਂ ਨਿਮਰਤਾ, ਸਬਰ, ਸੰਤੋਖ ਦਾ ਧਾਰਨੀ ਤੇ ਪਰਉਪਕਾਰੀ ਹੋ ਕੇ ਇਕ ਆਦਰਸ਼ ਸਮਾਜ ਸਿਰਜਣ ਦਾ ਕਾਰਨ ਵੀ ਬਣਦੀ ਹੈ। ਜਿਥੋਂ ਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨੈਤਿਕਤਾ ਦਾ ਸੰਬੰਧ ਹੈ ਇਸ ਵਿਚ ਨੈਤਿਕਤਾ ਤੇ ਧਰਮ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਡਾ. ਅਵਤਾਰ ਸਿੰਘ ਅਨੁਸਾਰ:

"ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਪਰਮਾਤਮਾ ਦੀ ਹੋਂਦ ਦਾ ਦ੍ਰਿੜ੍ਹ ਵਿਸ਼ਵਾਸੀ ਹੈ। ਮਨੁੱਖਾ-ਜੀਵਨ ਦਾ ਭਾਵ ਅਤੇ ਕੀਮਤ ਇਸ ਵਿਸ਼ਵਾਸ ਦੇ ਸੱਚ ਤੋਂ ਹੀ ਉਪਜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਇਕ ਸਰਸਰੀ ਨਜ਼ਰ ਵੀ ਪਾਠਕ ਨੂੰ, ਬਿਨਾਂ ਕਿਸੇ ਸੰਕੋਚ ਦੇ ਇਸ ਨਿਸ਼ਚੇ 'ਤੇ ਪਹੁੰਚਾ ਦਿੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਧਾਰਨਾ ਵਾਹਿਗੁਰੂ ਪ੍ਰਤੀ ਡੂੰਘੀ ਤੇ ਤੀਬਰ ਪ੍ਰੇਮਾ-ਭਗਤੀ ਅਤੇ ਉਸ ਦੇ ਹੁਕਮ ਪ੍ਰਤੀ

**ਲੈਕਚਰਾਰ, ਜੇ.ਸੀ.ਡੀ.ਏ.ਵੀ. ਕਾਲਜ, ਦਸੂਹਾ (ਹੁਸ਼ਿਆਰਪੁਰ)*

ਰਜ਼ਾ ਵਿਚ ਰਹਿਣ 'ਤੇ ਆਧਾਰਿਤ ਹੈ। ਇਸ ਤਰ੍ਹਾਂ ਨੈਤਿਕ ਸਿਧਾਂਤਾਂ ਦਾ ਢਾਂਚਾ ਵਾਹਿਗੁਰੂ ਵਿਚ ਅਟੁੱਟ ਵਿਸ਼ਵਾਸ ਅਤੇ ਉਸ ਦੇ ਹੁਕਮ ਪ੍ਰਤੀ ਪਿਆਰ ਦੀ ਮਜ਼ਬੂਤ ਨੀਂਹ 'ਤੇ ਖੜ੍ਹਾ ਹੈ। ਇਸ ਅਨੁਸਾਰ ਕੇਵਲ ਉਹ ਕਰਮ ਹੀ ਉਚਿਤ ਹਨ ਜਿਹੜੇ ਮਨੁੱਖ ਨੂੰ ਵਾਹਿਗੁਰੂ ਪ੍ਰਾਪਤੀ ਦੇ ਰਸਤੇ 'ਤੇ ਅੱਗੇ ਵਧਾਉਣ।...ਜਗਿਆਸੂ ਦਾ ਜੀਵਨ ਨੈਤਿਕ ਆਚਰਨ ਵਾਲਾ ਹੋਣਾ ਚਾਹੀਦਾ ਹੈ। ਅਨੈਤਿਕ ਵਿਅਕਤੀ ਨਾ ਵਾਹਿਗੁਰੂ ਪ੍ਰਤੀ ਪ੍ਰੇਮ ਦੇ ਯੋਗ ਹੁੰਦਾ ਹੈ ਅਤੇ ਨਾ ਹੀ ਉਸ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਵਾਹਿਗੁਰੂ ਦੀ ਹੋਂਦ ਵਿਚ ਨਿਸ਼ਚਾ ਅਤੇ ਨੈਤਿਕ ਜੀਵਨ ਆਪਸ ਵਿਚ ਜ਼ਰੂਰੀ ਅਤੇ ਪ੍ਰਯੋਜਨਮਈ ਸੰਬੰਧ ਰੱਖਦੇ ਹਨ।"[੧]

ਇਸ ਤਰ੍ਹਾਂ ਨੈਤਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਮਹੱਤਵਪੂਰਨ ਤੇ ਅਨਿੱਖੜਵਾਂ ਅੰਗ ਹੈ। ਗੁਰਬਾਣੀ ਵਿਚ ਆਚਰਨ-ਉੱਚਤਾ ਨੂੰ ਬਹੁਤ ਜ਼ਿਆਦਾ ਉਚੇਰਾ ਦੱਸਿਆ ਗਿਆ ਹੈ:

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* *(ਪੰਨਾ ੬੨)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ ਸਾਹਿਬ' ਦੀ ਪਹਿਲੀ ਪਉੜੀ ਵਿਚ ਹੀ ਇਹ ਪ੍ਰਸ਼ਨ ਉਠਾਇਆ ਹੈ ਕਿ *"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥"* (ਪੰਨਾ ੧) 'ਸਚਿਆਰਾ' ਹੋਣ ਲਈ 'ਕੂੜ ਦੀ ਪਾਲ' ਨੂੰ ਤੋੜਨਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਹ ਹੀ ਜੀਵਾਤਮਾ ਪਰਮਾਤਮਾ ਦੇ ਮਿਲਾਪ ਵਿਚ ਰੁਕਾਵਟ ਬਣਦੀ ਹੈ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪ੍ਰਸ਼ਨ ਦਾ ਉੱਤਰ ਦਿੰਦੇ ਹਨ ਕਿ 'ਕੂੜ ਦੀ ਪਾਲ' ਨੂੰ ਪਰਮਾਤਮਾ ਦੇ 'ਹੁਕਮ ਤੇ ਰਜ਼ਾ' ਵਿਚ ਰਹਿ ਕੇ ਹੀ ਤੋੜਿਆ ਜਾ ਸਕਦਾ ਹੈ:

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* *(ਪੰਨਾ ੧)*

ਗੁਰਬਾਣੀ ਅਨੁਸਾਰ ਜੀਵਾਤਮਾ ਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ; ਜੋ ਅੰਤਰ ਦਿੱਸਦਾ ਹੈ ਉਹ ਮਾਇਆ ਕਾਰਨ ਹੈ। ਜੀਵ ਮਾਇਆ ਕਾਰਨ ਵਿਸ਼ੇ-ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਫਸ ਕੇ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ। ਨਤੀਜੇ ਵਜੋਂ ਜਨਮ-ਮਰਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ:

– *ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥*
*(ਪੰਨਾ ੯੩੨)*

– *ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥*
*ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥* *(ਪੰਨਾ ੪੮੬)*

ਜਿੱਥੇ ਗੁਰਬਾਣੀ ਵਿਚ ਜੀਵ ਨੂੰ ਇਨ੍ਹਾਂ ਵਿਸ਼ੇ-ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਉੱਤੇ ਜ਼ੋਰ ਦਿੱਤਾ ਗਿਆ ਹੈ ਉਥੇ ਗੁਰਬਾਣੀ ਦੇ ਪ੍ਰਸਿੱਧ ਮਹਾਂਵਾਕ *"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥"* (ਪੰਨਾ ੪੬੬) ਅਨੁਸਾਰ ਜੇ

ਇਨ੍ਹਾਂ 'ਤੇ ਕਾਬੂ ਪਾ ਕੇ, ਇਨ੍ਹਾਂ ਨੂੰ ਵੱਸ ਵਿਚ ਕਰ ਕੇ ਸਾਕਾਰੀ ਰੂਪ ਵਿਚ ਸਹਾਇਤਾ ਲਈ ਜਾਵੇ ਤਾਂ ਇਹ ਦੁਸ਼ਮਣ ਨਹੀਂ ਸਗੋਂ ਦੋਸਤ ਹੋ ਨਿੱਬੜਦੇ ਹਨ।

ਗੁਰਬਾਣੀ ਵਿਚ ਦਇਆ, ਸਬਰ, ਸੰਤੋਖ ਤੇ ਸੰਜਮ ਆਦਿ ਨੈਤਿਕ ਗੁਣਾਂ ਨੂੰ ਧਾਰਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*
*ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥* *(ਪੰਨਾ ੪੭੧)*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਨਿਮਰਤਾ ਤੇ ਮਿੱਠੇ ਬੋਲ ਸਾਰੀਆਂ ਚੰਗਿਆਈਆਂ ਦਾ ਨਿਚੋੜ ਹਨ। ਆਪ ਸਿੰਮਲ ਰੁੱਖ ਦੇ ਦ੍ਰਿਸ਼ਟਾਂਤ ਰਾਹੀਂ ਇਕ ਉਚੇਰੇ ਸਦਾਚਾਰੀ ਜੀਵਨ ਦਾ ਉਪਦੇਸ਼ ਦਿੰਦੇ ਹਨ:

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥* *(ਪੰਨਾ ੪੭੦)*

ਗੁਰਬਾਣੀ ਅਨੁਸਾਰ ਫਿੱਕੇ ਬੋਲ ਬੋਲਣ ਨਾਲ ਮਨੁੱਖ ਦਾ ਤਨ ਤੇ ਮਨ ਵੀ ਫਿੱਕਾ ਹੋ ਜਾਂਦਾ ਹੈ। ਇਹੋ ਜਿਹੇ ਫਿੱਕੇ ਬੋਲ ਬੋਲਣ ਵਾਲੇ ਨੂੰ ਪਰਮਾਤਮਾ ਦੀ ਦਰਗਾਹ ਵਿਚ ਵੀ ਸਥਾਨ ਨਹੀਂ ਮਿਲਦਾ:

– *ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥* *(ਪੰਨਾ ੪੭੩)*

– *ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥* *(ਪੰਨਾ ੧੩੮੪)*

ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਸੰਦੇਸ਼ ਵੀ ਉਪਰੋਕਤ ਗੁਣਾਂ ਨੂੰ ਸਪੱਸ਼ਟ ਕਰਦਾ ਹੈ। ਗੁਰਬਾਣੀ ਵਿਚ ਚੰਗੇਰੇ ਮਨੁੱਖ ਲਈ ਉੱਦਮ ਤੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਨ 'ਤੇ ਬਲ ਦਿੱਤਾ ਗਿਆ ਹੈ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥* *(ਪੰਨਾ ੫੨੨)*

ਨਾਲ ਹੀ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥*
*(ਪੰਨਾ ੧੨੪੫)*

ਦਾ ਸੰਦੇਸ਼ ਦਿੰਦਿਆਂ ਦੂਸਰਿਆਂ ਦੇ ਹੱਕ ਮਾਰਨ ਵਾਲੇ ਨੂੰ ਭੰਡਿਆ ਗਿਆ ਹੈ। ਜਿਸ ਤਰ੍ਹਾਂ ਹਿੰਦੂਆਂ ਲਈ ਗਊ ਦਾ ਮਾਸ ਖਾਣਾ ਅਤੇ ਮੁਸਲਮਾਨਾਂ ਲਈ ਸੂਰ ਦਾ ਮਾਸ ਖਾਣਾ ਧਰਮ ਅਨੁਸਾਰ ਵਿਵਰਜਤ ਹੈ, ਉਸੇ ਤਰ੍ਹਾਂ ਗੁਰਬਾਣੀ ਅਨੁਸਾਰ ਦੂਸਰਿਆਂ ਦੇ ਹੱਕਾਂ ਨੂੰ ਖੋਹਣਾ ਵੀ ਪਾਪ ਹੈ:

– *ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥* (*ਪੰਨਾ ੧੪੧*)

– *ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥* (*ਪੰਨਾ ੧੪੦*)

ਗੁਰਬਾਣੀ ਵਿਚ ਹਰ ਪ੍ਰਕਾਰ ਦੇ ਰੰਗ, ਨਸਲ, ਧਰਮ, ਫ਼ਿਰਕੇ ਅਤੇ ਜਾਤ ਆਧਾਰਿਤ ਭੇਦ-ਭਾਵ ਤੇ ਈਰਖਾ ਨੂੰ ਨਕਾਰਿਆ ਗਿਆ ਹੈ ਅਤੇ ਸਰਬਸਾਂਝੀਵਾਲਤਾ ਨੂੰ ਸਵੀਕਾਰਿਆ ਤੇ ਉਭਾਰਿਆ ਗਿਆ ਹੈ:

– *ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥* (*ਪੰਨਾ ੧੩੪੯*)

– *ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*
(*ਪੰਨਾ ੧੨੯੯*)

ਸਦੀਆਂ ਤੋਂ ਭਾਰਤੀ ਸਮਾਜ ਵਿਚ ਇਸਤਰੀ ਦੀ ਸਮਾਜਿਕ ਹਾਲਤ ਬਹੁਤ ਹੀ ਤਰਸਯੋਗ ਤੇ ਅਪਮਾਨਜਨਕ ਰਹੀ ਹੈ। ਉਸ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਹੱਕਾਂ ਤੋਂ ਵਾਂਝਿਆ ਰੱਖਿਆ ਗਿਆ ਹੈ। ਇਥੋਂ ਤਕ ਕਿ ਉਸ ਨੂੰ ਆਦਮੀ ਦੇ ਪੈਰ ਦੀ ਜੁੱਤੀ ਤਕ ਕਿਹਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਜਬਰ, ਜ਼ੁਲਮ ਤੇ ਅੱਤਿਆਚਾਰ ਦੇ ਖ਼ਿਲਾਫ਼ ਆਵਾਜ਼ ਉਠਾਉਂਦੇ ਹੋਏ ਸਮਾਜ ਵਿਚ ਉਸ ਨੂੰ ਬਰਾਬਰੀ ਦਾ ਦਰਜਾ ਦਿੱਤਾ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* (*ਪੰਨਾ ੪੭੩*)

ਮੱਧਕਾਲੀਨ ਸਮਾਜ ਵਿਚ ਬਹੁਤ ਸਾਰੀਆਂ ਸਮਾਜਿਕ ਕੁਰੀਤੀਆਂ ਪ੍ਰਚੱਲਿਤ ਸਨ ਜਿਵੇਂ ਸਤੀ ਪ੍ਰਥਾ, ਕੁੜੀ ਮਾਰਨਾ ਤੇ ਪਰਦਾ ਆਦਿ। ਗੁਰਬਾਣੀ ਵਿਚ ਇਨ੍ਹਾਂ ਸਮਾਜਿਕ ਕੁਰੀਤੀਆਂ ਦਾ ਖੰਡਨ ਕੀਤਾ ਗਿਆ ਹੈ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ ਅਸਲ ਸਤੀ ਇਸਤਰੀਆਂ ਤਾਂ ਉਹ ਹਨ ਜਿਨ੍ਹਾਂ ਸਾਊਪੁਣਾ ਤੇ ਸੰਤੋਖ ਜਿਹੇ ਗੁਣਾਂ ਨੂੰ ਧਾਰਨ ਕੀਤਾ ਹੁੰਦਾ ਹੈ, ਜੋ ਆਪਣੇ ਪਤੀ ਦੀ ਸੇਵਾ ਕਰਦੀਆਂ ਤੇ ਉਸ ਦੀ ਯਾਦ ਨੂੰ ਮਨ ਵਿਚ ਵਸਾ ਕੇ ਰੱਖਦੀਆਂ ਹਨ:

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥*
*ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥*
*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥* (*ਪੰਨਾ ੭੮੭*)

ਗੁਰਬਾਣੀ ਵਿਚ ਨਿੰਦਿਆ ਤੋਂ ਬਚਣ ਲਈ ਆਦਰਸ਼ ਸੇਧ ਬਖਸ਼ੀ ਗਈ ਹੈ:

*ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥*
*ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥*
*(ਪੰਨਾ ੩੦੮)*

ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ, ਦਾਨ, ਸੁਕਰਮ ਤੇ ਪਰਉਪਕਾਰ ਆਦਿ ਨੈਤਿਕ ਗੁਣਾਂ ਦੀ ਵੀ ਚਰਚਾ ਕੀਤੀ ਗਈ ਹੈ।

ਉਪਰੋਕਤ ਸਮੁੱਚੀ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*" (ਪੰਨਾ ੬੨) ਕਹਿ ਕੇ ਜੀਵ ਦੇ ਜੀਵਨ ਵਿਚ ਨੈਤਿਕ ਮੁੱਲਾਂ ਦੇ ਮਹੱਤਵ ਨੂੰ ਪ੍ਰਗਟਾਇਆ ਗਿਆ ਹੈ। ਇਨ੍ਹਾਂ ਨੈਤਿਕ ਗੁਣਾਂ 'ਤੇ ਚੱਲਦਿਆਂ ਹੀ ਜੀਵ ਆਪਣੇ ਮੂਲ ਸ੍ਰੋਤ ਪਰਮਾਤਮਾ ਨਾਲ ਮਿਲਾਪ ਕਰ ਸਕਦਾ ਹੈ।

**ਹਵਾਲੇ ਅਤੇ ਟਿੱਪਣੀਆਂ :**

੧. ***ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕ ਸਿਧਾਂਤ- ਇਕ ਦਾਰਸ਼ਨਿਕ ਸਰਵੇਖਣ,*** *ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ ੧੯੭੬, ਸੰਪਾਦਕ ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰ. ਯੂ. ਪਟਿਆਲਾ, ਪੰਨਾ ੧੬੩.*

■

## *ਵਿਸ਼ਵ-ਮਾਨਵ ਜੀਵਨ-ਮਾਰਗ ਦਾ ਪ੍ਰੇਰਨਾ-ਸ੍ਰੋਤ*

*(ਸਫ਼ਾ ੨੩ ਦਾ ਬਾਕੀ ਹਿੱਸਾ)*

ਬੋਲੀਆਂ, ਇਲਾਕਿਆਂ ਤੇ ਜਾਤਾਂ ਦੇ ਲੋਕਾਂ ਨੂੰ ਇਕ-ਸਮਾਨ ਸਤਿਕਾਰ ਤੇ ਅਧਿਕਾਰ ਦਿੰਦਿਆਂ ਇਕ-ਸਮਾਨ ਹੀ ਪੂਜਿਆ ਜਾਂਦਾ ਹੈ।

ਅੱਜ ਜਦੋਂ ਕਿ ਸਮੁੱਚਾ ਵਿਸ਼ਵ ਆਪੋ ਆਪਣੇ ਦੇਸ਼ਾਂ ਤੇ ਕੌਮਾਂ ਦੀ ਖੁਸ਼ਹਾਲੀ ਦੀ ਸੋਚ ਕਾਰਨ ਆਪਸੀ ਅੰਤਰ-ਵਿਰੋਧਾਂ ਦਾ ਸ਼ਿਕਾਰ ਹੋਣ ਕਾਰਨ ਤਬਾਹੀ ਦੇ ਕੰਢੇ 'ਤੇ ਖੜ੍ਹਾ ਹੈ ਤਾਂ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਪਿਆਰੇ ਤੇ ਸਾਂਝ ਸੁਰ ਵਾਲੇ ਸੰਦੇਸ਼ '*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ*' ਨੂੰ ਠੀਕ ਪ੍ਰਸੰਗ ਵਿਚ ਵਿਸ਼ਵ-ਪੱਧਰ 'ਤੇ ਪ੍ਰਸਾਰਨ, ਸੰਚਾਰਨ ਅਤੇ ਅਪਣਾਉਣ ਦੀ ਤਾਂ ਜੋ ਮਾਨਵ-ਚੇਤਨਾ ਵਿਚ ਸਹਿਨਸ਼ੀਲਤਾ, ਇਕਸੁਰਤਾ ਤੇ ਅਮਨ-ਸ਼ਾਂਤੀ ਦੀ ਭਾਵਨਾ ਪੈਦਾ ਹੋ ਸਕੇ। ਅਜਿਹਾ ਉਪਰਾਲਾ ਹੀ ਮਨੁੱਖਤਾ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਮਾਨਵ-ਸਮਾਜ ਦੇ ਜੀਵਨ-ਮਾਰਗ ਦਾ ਪ੍ਰੇਰਨਾ-ਸ੍ਰੋਤ ਬਣ ਕੇ ਵਿਸ਼ਵ-ਸਮੱਸਿਆਵਾਂ ਦਾ ਸਮਾਧਾਨ ਕਰ ਸਕਦਾ ਹੈ।

■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਦਾ ਸੰਕਲਪ

*-ਬੀਬੀ ਮਨਜੀਤ ਕੌਰ ਲੱਖਪੁਰ**

ਸੇਵਾ ਅਤੇ ਸਿਮਰਨ ਸਿੱਖ ਧਰਮ ਦੇ ਮਹਾਨ ਥੰਮ੍ਹ ਹੋਣ ਦੇ ਨਾਲ-ਨਾਲ ਇਕ ਦੂਜੇ ਨਾਲ ਪਰਸਪਰ ਸਬੰਧਤ ਵੀ ਹਨ। ਸੇਵਾ ਨੂੰ ਹਰੇਕ ਧਰਮ ਵਿਚ ਕਿਸੇ ਨਾ ਕਿਸੇ ਰੂਪ ਵਿਚ ਅਪਣਾਇਆ ਅਤੇ ਸਤਿਕਾਰਿਆ ਗਿਆ, ਪਰ ਜੋ ਮਹਾਨਤਾ ਇਸ ਨੂੰ ਸਿੱਖ ਧਰਮ ਵਿਚ ਪ੍ਰਾਪਤ ਹੈ ਉਨੀ ਹੋਰ ਕਿਸੇ ਧਰਮ ਵਿਚ ਨਹੀਂ। ਉਸ ਤਰ੍ਹਾਂ ਤਾਂ ਨਿਰਸੁਆਰਥ ਕਿਸੇ ਭਲੇ ਹਿਤ ਕੀਤੇ ਕਾਰਜ ਨੂੰ ਪਰਉਪਕਾਰ ਵੀ ਕਿਹਾ ਜਾਂਦਾ ਹੈ ਪਰ ਗੁਰਮਤਿ ਪਰਉਪਕਾਰ ਸ਼ਬਦ ਨੂੰ ਹਉਮੈ ਪੈਦਾ ਕਰਨਾ ਮੰਨਦੀ ਹੈ, ਇਸ ਲਈ ਇਸ ਸ਼ਬਦ ਨੂੰ ਜ਼ਿਆਦਾ ਮਹਾਨਤਾ ਨਾ ਦਿੰਦੇ ਹੋਏ ਗੁਰਮਤਿ ਇਸ ਦੀ ਥਾਂ ਸੇਵਾ ਨੂੰ ਮਹਾਨਤਾ ਬਖਸ਼ਦੀ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਦਰਗਾਹ ਵਿਚ ਮਾਣ ਪ੍ਰਾਪਤ ਕਰਨ ਦਾ ਵਸੀਲਾ ਹੀ ਸੇਵਾ ਨੂੰ ਦਰਸਾਇਆ ਹੈ:

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥* *(ਪੰਨਾ ੨੬)*

ਗੁਰਬਾਣੀ ਵਿਚ ਸੇਵਾ ਦੀ ਪਰਿਭਾਸ਼ਾ ਦੇ ਅਰਥ ਇਹ ਦੱਸਦੇ ਹਨ ਕਿ ਹਉਮੈ ਦਾ ਤਿਆਗ ਕਰ ਕੇ ਖ਼ੁਦ ਨੂੰ ਸਤਿਗੁਰ ਦੇ ਸਨਮੁਖ ਅਰਪਨ ਕਰਨਾ; ਹਰੇਕ ਦੀ ਨਿਰਸੁਆਰਥ ਹੋ ਕੇ ਤਨ, ਮਨ, ਧਨ ਨਾਲ ਕੀਤੀ ਗਈ ਮੱਦਦ ਜਾਂ ਸ਼ੁਭ ਕਰਮ; ਆਪਣੇ ਗੁਰੂ ਦੀ ਆਗਿਆ ਦਾ ਪਾਲਨ ਕਰਨ ਦੇ ਨਾਲ ਗੁਰੂ-ਸੇਵਾ ਵਿਚ ਆਪਾ ਅਰਪਨ ਕਰਨਾ, ਪੱਖਾ ਝੱਲਣਾ, ਝਾੜੂ ਫੇਰਨਾ, ਮਨ ਦੀ ਈਰਖਾ, ਵੈਰ-ਵਿਰੋਧ ਦੀ ਭਾਵਨਾ ਨੂੰ ਖ਼ਤਮ ਕਰ ਕੇ ਨਾ ਕੋਈ ਵੈਰੀ ਅਤੇ ਨਾ ਕੋਈ ਬੇਗਾਨਾ ਹੈ ਅਤੇ ਸਾਰੇ ਇਨਸਾਨ ਇਕ ਨੂਰ ਤੋਂ ਉਪਜੇ ਹਨ, ਦੀ ਭਾਵਨਾ ਤਹਿਤ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਜਾਣ ਦਸਵੰਧ ਨਾਲ ਲੋੜਵੰਦਾਂ, ਗ਼ਰੀਬਾਂ, ਅਨਾਥਾਂ ਦੀ ਸਹਾਇਤਾ ਕਰਨਾ ਆਦਿ ਨਿਸ਼ਕਾਮ ਸੇਵਾ ਦੇ ਮਹਾਨ ਥੰਮ੍ਹ ਹਨ। ਇਨ੍ਹਾਂ ਸੇਵਾਵਾਂ ਵਿੱਚੋਂ ਕਿਸੇ ਪ੍ਰਕਾਰ ਦੀ ਵੀ ਕੀਤੀ ਗਈ ਸੇਵਾ ਉੱਤਮ ਸੇਵਾ ਹੈ। ਗੁਰਬਾਣੀ ਤਾਂ ਸੇਵਾ ਦੀ ਮਹਾਨਤਾ ਇਥੋਂ ਤਕ ਬਿਆਨ ਕਰਦੀ ਹੈ ਕਿ ਸੇਵਾ-ਵਿਹੂਣੇ ਮਨੁੱਖ ਅਤੇ ਹਉਮੈ-ਵਸ ਕੀਤੀ ਸੇਵਾ ਨੂੰ ਕਿਸੇ ਪ੍ਰਕਾਰ ਦੇ ਫਲ ਦੀ ਪ੍ਰਾਪਤੀ ਨਹੀਂ ਅਤੇ ਕਾਮਨਾ-ਰਹਿਤ ਹੋ ਕੇ ਸੇਵਾ ਕਰਨੀ ਸ਼ੁਭ ਕਰਨੀਆਂ ਦਾ ਸਾਰ ਹੈ:

*- ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ॥*
*ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥* *(ਪੰਨਾ ੯੯੨)*

** ਪਿੰਡ ਲੱਖਪੁਰ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ। ਮੋਬਾ: ੯੮੧੫੬-੧੪੯੫੬*

*– ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ॥*

*(ਪੰਨਾ ੧੭੨)*

ਇਸੇ ਸਬੰਧ ਵਿਚ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਸਿਰੀ ਰਾਗ ਵਿਚ ਫ਼ਰਮਾਉਂਦੇ ਹਨ:

*– ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥ (ਪੰਨਾ ੨੭)*

*– ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥*
*ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥*

*(ਪੰਨਾ ੭੩)*

ਤਨ, ਮਨ, ਧਨ ਤਿੰਨ ਤਰ੍ਹਾਂ ਦੀ ਸੇਵਾ ਜੋ ਗੁਰਮਤਿ ਵਿਚ ਅੱਗੇ ਚੱਲ ਕੇ ਦੋ ਹਿੱਸਿਆਂ ਵਿਚ ਵੰਡੀ ਜਾਂਦੀ ਹੈ, ਇਕ ਸੁਕਾਮ ਸੇਵਾ ਜੋ ਕੁਝ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ ਜਾਂ ਫਲ ਦੀ ਪ੍ਰਾਪਤੀ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ ਅਤੇ ਨਿਸ਼ਕਾਮ ਸੇਵਾ, ਜੋ ਸਭ ਤੋਂ ਉੱਤਮ ਸੇਵਾ ਮੰਨੀ ਗਈ ਹੈ, ਜੋ ਇੱਛਿਆ-ਰਹਿਤ ਹੋ ਕੇ ਕੀਤੀ ਜਾਂਦੀ ਹੈ, ਜਿਸ ਨੂੰ ਕਰਨ ਦੇ ਪਿੱਛੇ ਕਿਸੇ ਫਲ ਦੀ ਪ੍ਰਾਪਤੀ ਦੀ ਲਾਲਸਾ ਨਹੀਂ ਹੁੰਦੀ। ਜਿਸ ਤਰ੍ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਹੈ:

*– ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥*

*(ਪੰਨਾ ੨੮੬)*

*– ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥*

*(ਪੰਨਾ ੩੯੧)*

*– ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ॥ (ਪੰਨਾ ੬੩੫)*

ਇਥੋਂ ਤਕ ਕਿ ਗੁਰਗੱਦੀ ਦੀ ਬਖਸ਼ਿਸ਼ ਵੀ ਸੇਵਾ-ਭਾਵਨਾ ਨੂੰ ਮੁੱਖ ਰੱਖ ਕੇ ਕੀਤੀ ਗਈ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਕੇ ਅਤੇ ਹੁਕਮ ਅੰਦਰ ਰਹਿ ਕੇ ਭਾਈ ਲਹਿਣਾ ਜੀ, ਗੁਰਗੱਦੀ ਦੇ ਮਾਲਕ ਬਣਾ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਨਿਵਾਜੇ ਗਏ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਸੰਗਤ ਲਈ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਆਪਣੇ ਹੱਥੀਂ ਤਿਆਰ ਕੀਤੇ ਗਏ ਲੰਗਰ ਨੂੰ ਪੰਗਤ ਵਿਚ ਵਰਤਾਉਣ ਦੀ ਸੇਵਾ ਦੀ ਮਹਾਨ ਘਾਲਣਾ ਅਤੇ ਨੇਕੀ ਲਈ ਆਪਣੀ ਮਿਸਾਲ ਆਪ ਸਨ ਜਿਸ ਦਾ ਵਰਣਨ ਗੁਰਬਾਣੀ ਵਿਚ ਗੁਰੂ-ਘਰ ਦੇ ਰਬਾਬੀ ਭਾਈ ਬਲਵੰਡ ਜੀ ਦੁਆਰਾ ਵਾਰ ਰਾਮਕਲੀ ਵਿਚ ਕੀਤਾ ਗਿਆ ਹੈ:

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ (ਪੰਨਾ ੯੬੭)*

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰ 'ਤੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ

ਵਡੇਰੀ ਉਮਰ ਦੇ ਹੋਣ ਦੇ ਬਾਵਜੂਦ ਵੀ ਬਿਰਧ ਅਵਸਥਾ ਵਿਚ ਦੁਨੀਆਂਦਾਰੀ ਦੀ ਪਰਵਾਹ ਨਾ ਕਰਦੇ ਹੋਏ ੧੧ ਸਾਲ ਤਕ ਪੂਰਨ ਸੁਚੇਤ ਅਤੇ ਨਿਰਮਾਣ ਹੋ ਕੇ ਰਿਸ਼ਤੇ ਵਿਚ ਆਪਣੇ ਕੁੜਮ ਲੱਗਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਅਤੇ ਗੁਰੂ ਸਾਹਿਬ ਦੇ ਇਸ਼ਨਾਨ ਹਿੱਤ ਬਿਆਸ ਦਰਿਆ ਤੋਂ ਰੋਜ਼ ਸਵੇਰੇ ਜਲ ਲਿਆਉਂਦੇ ਰਹੇ। ਇਸ਼ਨਾਨ ਕਰਵਾਉਣ ਉਪਰੰਤ ਲੰਗਰ ਦੀ ਸੇਵਾ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਦਰ-ਘਰ ਤੋਂ ਤੀਜੀ ਪਾਤਸ਼ਾਹੀ ਨਿਮਾਣਿਆਂ ਦੇ ਮਾਣ ਅਤੇ ਨਿਥਾਵਿਆਂ ਦੀ ਥਾਂ ਦੀ ਪਦਵੀ ਪ੍ਰਾਪਤ ਕਰ ਗੁਰਗੱਦੀ ਦੇ ਮਾਲਕ ਵਜੋਂ ਨਿਵਾਜੇ ਗਏ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅੰਦਰ ਭਾਈ ਜੇਠਾ ਜੀ ਗੁਰਗੱਦੀ ਦੇ ਮਾਲਕ ਬਣੇ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਦਰ-ਘਰ ਪ੍ਰਵਾਨ ਹੋਏ ਅਤੇ ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਜੋ ਆਪ ਜੀ ਨੂੰ ਆਪਣੇ ਵਡੇਰਿਆਂ ਦੀ ਬਖਸ਼ਿਸ਼ ਸਦਕਾ ਵਿਰਸੇ ਵਿਚ ਪ੍ਰਾਪਤ ਹੋਈ, ਜੋ ਸੇਵਾ ਗੁਰੂ ਅਰਜਨ ਦੇਵ ਜੀ ਦੁਆਰਾ ਲਾਹੌਰ ਵਿਚ ਕਾਲ ਪੈਣ ਉਪਰੰਤ ਪੀੜਤਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਗਈ, ਅਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਹਿਤ ਆ ਰਹੀ ਕਾਬਲ ਦੀ ਸੰਗਤ ਲਈ ਰਸਤੇ ਵਿਚ ਰੁਕ ਜਾਣ ਕਰਕੇ ਮਾਤਾ ਗੰਗਾ ਜੀ ਦੁਆਰਾ ਤਿਆਰ ਕੀਤਾ ਗਿਆ ਲੰਗਰ ਆਪ ਆਪਣੇ ਸੀਸ 'ਤੇ ਰੱਖ ਕੇ ਸੰਗਤ ਨੂੰ ਛਕਾਉਣ ਸੰਗਤ ਕੋਲ ਚਲੇ ਜਾਣਾ ਅਤੇ ਸੰਗਤਾਂ ਦੇ ਜੋੜੇ ਝਾੜ, ਪੱਖਾ ਝਲ ਸਾਰੀ ਰਾਤ ਸੰਗਤ ਦੀ ਸੇਵਾ ਕਰਕੇ ਸੇਵਾ ਨੂੰ ਉੱਤਮ ਕਰਮ ਮੰਨ ਕੇ ਮਿਸਾਲ ਕਾਇਮ ਕੀਤੀ। ਸਿੱਖ ਧਰਮ ਇਕ ਐਸਾ ਧਰਮ ਹੈ ਜੋ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਦੂਜੇ ਦੀ ਇੱਜ਼ਤ ਅਤੇ ਹਿੱਤਾਂ ਦੀ ਰਾਖੀ ਕਰਨ ਵਿਚ ਹੀ ਮਾਣ ਕਰਦਾ ਹੈ। ਜੋ ਮਿਸਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖੀ ਤਹਿਤ ਸੀਸ ਦੇ ਕੇ ਕਾਇਮ ਕੀਤੀ ਉਸ ਤਰ੍ਹਾਂ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਗੁਰਬਾਣੀ ਦਾ ਫ਼ਰਮਾਨ ਹੈ:

- *ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
  *ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥* *(ਪੰਨਾ ੭੫੭)*
- *ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥*
  *ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥* *(ਪੰਨਾ ੨੮)*
- *ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ॥*
  *(ਪੰਨਾ ੮੬੧)*

ਜਪੁਜੀ ਸਾਹਿਬ ਅਨੁਸਾਰ:

*ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥*
*(ਪੰਨਾ ੩)*

ਕਿਉਂਕਿ ਧਰਮ ਦਇਆ ਤੋਂ ਉਪਜਿਆ ਹੋਇਆ ਦਇਆ ਦਾ ਪੁੱਤਰ ਹੈ ਅਤੇ ਧਰਮ ਵਿੱਚੋਂ ਸੰਤੋਖ ਪ੍ਰਾਪਤ ਹੁੰਦਾ ਹੈ ਅਤੇ ਸੰਤੋਖ ਤੋਂ ਸੇਵਾ, ਸੇਵਾ ਤੋਂ ਭਗਤੀ ਅਤੇ ਭਗਤੀ ਤੋਂ ਗਿਆਨ ਪ੍ਰਾਪਤ ਹੁੰਦਾ ਹੈ, ਕਿਉਂਕਿ ਧਰਮ ਇਨਸਾਨ ਨੂੰ ਉੱਚੇ-ਸੁੱਚੇ ਆਚਰਨ ਵਾਲਾ ਬਣਾ ਕੇ ਲੋਕਾਈ ਦੀ ਸੇਵਾ ਵਿਚ ਲਗਾਉਣ ਦੇ ਨਾਲ-ਨਾਲ ਪ੍ਰਭੂ ਨਾਲ ਵੀ ਜੋੜਦਾ ਹੈ, ਇਸ ਲਈ ਸੇਵਾ ਐਸੀ ਉੱਤਮ ਚੀਜ਼ ਹੈ ਜੋ ਇਨ੍ਹਾਂ ਸਾਰੇ ਸ਼ੁਭ ਕਰਮਾਂ ਦਾ ਮੂਲ ਆਧਾਰ ਹੈ, ਜੋ ਅਨੰਦ ਨੂੰ ਜਨਮ ਦਿੰਦੀ ਹੈ। ਦਇਆ ਤੋਂ ਬਿਨਾਂ ਕੀਤੀ ਗਈ ਸੇਵਾ ਨਿਰਾ ਵਪਾਰ ਹੈ ਅਤੇ ਪਾਖੰਡਵਾਦ ਨੂੰ ਜਨਮ ਦਿੰਦੀ ਹੈ। ਇਕ ਆਦਰਸ਼ਕ ਸੇਵਕ ਕਿਸ ਤਰ੍ਹਾਂ ਬਣਨਾ ਹੈ ਅਤੇ ਸੇਵਾ ਲਈ ਸੰਤੋਖ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਕਿਸ ਤਰ੍ਹਾਂ ਬਣਾਉਣਾ ਹੈ, ਇਸ ਲਈ ਵਾਹਿਗੁਰੂ ਦੇ ਸਿਮਰਨ ਨੂੰ ਆਪਣੇ ਧੁਰ ਅੰਦਰ ਵਸਾ ਕੇ ਸੇਵਕ ਨੂੰ ਮੰਦੇ ਕੰਮਾਂ ਦਾ ਤਿਆਗ ਕਰ ਕੇ ਸੱਚ ਦਾ ਧਾਰਨੀ ਬਣਨਾ ਹੈ ਅਤੇ ਸੱਚੀ-ਸੁੱਚੀ ਦਸਾਂ ਨਹੁੰਆਂ ਦੀ ਕਿਰਤ ਦੇ ਨਾਲ-ਨਾਲ ਨਿਸ਼ਕਾਮ ਸੇਵਾ ਕਰ ਕੇ ਜੀਵਨ ਸਫਲ ਕਰਨਾ ਹੈ:

- *ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥*
  *ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥* *(੪੬੬-੬੭)*
- *ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥*
  *(ਪੰਨਾ ੨੯੨)*

ਸਿੱਖ ਧਰਮ ਦੇ ਤਿੰਨ ਮੁੱਢਲੇ ਅਸੂਲ ਇਹੀ ਹਨ—ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਕਿਰਤ ਭਾਵੇਂ ਕੋਈ ਵੀ ਹੋਵੇ ਉਹ ਦਸਾਂ ਨਹੁੰਆਂ ਦੀ ਨੇਕ ਕਮਾਈ ਦੀ ਹੋਣੀ ਚਾਹੀਦੀ ਹੈ। *"ਘਾਲਿ ਖਾਇ ਕਿਛੁ ਹਥਹੁ ਦੇਇ"* ਦੇ ਸਿਧਾਂਤ ਅਨੁਸਾਰ ਉਸ ਵਿੱਚੋਂ ਸੇਵਾ ਤਹਿਤ ਭੁੱਖੇ-ਪਿਆਸੇ ਨੂੰ ਅੰਨ-ਜਲ ਛਕਾਉਣਾ, ਕਿਸੇ ਰੋਗੀ ਦੇ ਇਲਾਜ ਲਈ ਕੀਤੀ ਸੇਵਾ ਅਤੇ ਮਾਨਵ-ਜਾਤੀ ਦੀ ਭਲਾਈ ਦੀ ਖ਼ਾਤਰ ਕੀਤੇ ਗਏ ਕਾਰਜਾਂ ਵਿਚ ਲੋੜ ਅਨੁਸਾਰ ਤਨ, ਮਨ ਅਤੇ ਧਨ ਨਾਲ ਸੇਵਾ ਦਾ ਯੋਗਦਾਨ ਪਾਉਣ ਦੇ ਨਾਲ-ਨਾਲ ਵਾਹਿਗੁਰੂ ਨਮਿਤ ਕਿਸੇ ਦੀ ਸਹਾਇਤਾ ਕਰਨ ਨਾਲ ਵੀ ਕਿਰਤ ਸਫਲ ਹੁੰਦੀ ਹੈ ਅਤੇ ਵੰਡ ਛਕਣ ਦੇ ਸਿਧਾਂਤ ਦਾ ਅਨੰਦ ਪ੍ਰਾਪਤ ਹੁੰਦਾ ਹੈ। ਫਲਸਰੂਪ ਵਾਹਿਗੁਰੂ ਦੀ ਪ੍ਰਾਪਤੀ ਦੇ ਨਾਲ-ਨਾਲ ਮਨ ਬਾਂਛਤ ਫਲ ਪ੍ਰਾਪਤ ਹੁੰਦੇ ਹਨ:

- *ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥*
  *(ਪੰਨਾ ੩੯੧)*
- *ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
  *ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥* *(ਪੰਨਾ ੩੧੪)*

ਸੋ ਗੁਰਬਾਣੀ ਦੁਆਰਾ ਗੁਰ-ਇਤਿਹਾਸ ਨੂੰ ਵਾਚਣ ਉਪਰੰਤ ਇਹ ਸਪੱਸ਼ਟ ਹੋ

ਜਾਂਦਾ ਹੈ ਕਿ ਸਿੱਖ ਧਰਮ ਵਿਚ ਗੁਰਗੱਦੀ ਦੀ ਬਖ਼ਸ਼ਿਸ਼ ਵੇਲੇ ਵੀ ਨਿਸ਼ਕਾਮ ਸੇਵਾ ਨੂੰ ਗੁਰਮਤਿ ਦੀ ਮਹਾਨ ਕਸਵੱਟੀ ਮੰਨਿਆ ਗਿਆ ਹੈ ਕਿਉਂਕਿ ਗੁਰੂ-ਘਰ ਦਾ ਸੇਵਾ ਦੇ ਸੰਕਲਪ ਨਾਲ ਅਟੁੱਟ ਰਿਸ਼ਤਾ ਹੈ। ਇਕ ਗੁਰੂ ਸਾਹਿਬ ਤੋਂ ਦੂਜੇ ਗੁਰੂ ਸਾਹਿਬ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਕਰਨ ਵੇਲੇ ਖ਼ੂਨ ਦੇ ਰਿਸ਼ਤੇ ਨਾਲੋਂ ਸੇਵਕ ਦੀ ਨਿਸ਼ਕਾਮ ਸੇਵਾ ਨੂੰ ਸਭ ਤੋਂ ਉੱਤਮ ਮੰਨ ਕੇ ਅਮਲ ਵਿਚ ਲਿਆਂਦਾ ਗਿਆ ਹੈ। ਗੁਰਸਿੱਖਾਂ ਵਿਚ ਗੁਰਸਿੱਖੀ ਨਾਲ ਭਰਪੂਰ ਪਹਿਲੇ ੬ ਗੁਰੂ ਸਾਹਿਬਾਨ ਦੁਆਰਾ ਸਤਿਕਾਰੇ ਗਏ ਬਾਬਾ ਬੁੱਢਾ ਸਾਹਿਬ ਜੀ ਜਿਨ੍ਹਾਂ ਨੇ ੧੨੫ ਸਾਲ ਦੀ ਉਮਰ ਤਕ ਗੁਰੂ-ਘਰ ਵਿਚ ਬੜੇ ਪ੍ਰੇਮ ਅਤੇ ਸ਼ਰਧਾ-ਸਹਿਤ ਨਿਸ਼ਕਾਮ ਸੇਵਾ ਲਈ ਆਪਾ ਅਰਪਨ ਕੀਤਾ; ਭਾਈ ਗੁਰਦਾਸ ਜੀ ਦੀ ਗੁਰੂ-ਘਰ ਵਿਚ ਕੀਤੀ ਗਈ ਉਹ ਮਹਾਨ ਸੇਵਾ ਜਿਨ੍ਹਾਂ ਦੁਆਰਾ ਸਮੁੱਚੇ ਵਿਸ਼ਵ ਨੂੰ ਅਗਵਾਈ ਮਿਲ ਰਹੀ ਹੈ ਅਤੇ ਮਿਲਦੀ ਰਹੇਗੀ; ਭਾਈ ਮੰਝ ਜੀ ਦੀ ਸੇਵਾ ਨੂੰ ਜੋ ਫਲ ਲੱਗਾ ਅਤੇ ਬਖਸ਼ਿਸ਼ ਹੋਈ; 'ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ'। ਨਿਸ਼ਕਾਮ ਸੇਵਾ ਲਈ ਭਾਈ ਬਹਿਲੋ ਜੀ ਨੂੰ 'ਭਾਈ ਬਹਿਲੋ, ਸਭ ਤੋਂ ਪਹਿਲੋਂ' ਦਾ ਵਰ ਪ੍ਰਾਪਤ ਹੋਇਆ। ਜਿਸ ਤਰ੍ਹਾਂ ਭਾਈ ਘਨੱਈਆ ਜੀ ਦੀ ਧਰਮ-ਯੁੱਧ ਵਿਚ ਜਲ ਅਤੇ ਮਲ੍ਹਮ-ਪੱਟੀ ਦੀ ਨਿਸ਼ਕਾਮ ਸੇਵਾ ਜੋ ਹਰੇਕ ਜ਼ਖ਼ਮੀ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਗੁਰੂ ਦਾ ਰੂਪ ਜਾਣ ਕੇ ਕੀਤੀ ਭਾਵੇਂ ਉਹ ਸਿੱਖ ਸੀ ਤੇ ਭਾਵੇਂ ਮੁਸਲਮਾਨ। ਬਾਬਾ ਸੰਗਤ ਸਿੰਘ ਜੀ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਗੁਰੂ ਸਾਹਿਬ ਜੀ ਦੇ ਸਤਿਕਾਰ ਵਿਚ ਚੌਰ ਸਾਹਿਬ ਦੀ ਮਹਾਨ ਸੇਵਾ ਨਿਮਾਣੇ ਸੇਵਕ ਵਜੋਂ ਸ਼ਰਧਾ ਤੇ ਪ੍ਰੇਮ ਨਾਲ ਨਿਭਾਉਂਦੇ ਰਹੇ। ਗੁਰੂ ਸਾਹਿਬਾਨ ਨੇ ਖ਼ੁਦ ਆਪ ਆਪਣੇ ਹੱਥੀਂ ਸੇਵਾ ਦੀ ਘਾਲ ਕਮਾਈ ਕਰ ਕੇ ਆਪਣੇ ਸਿੱਖਾਂ ਨੂੰ ਸੇਵਾ ਦੇ ਅਰਥ ਸਮਝਾਏ ਅਤੇ ਦੁਨੀਆਂ ਦੇ ਇਤਿਹਾਸ ਵਿਚ ਮਿਸਾਲ ਪੈਦਾ ਕੀਤੀ।

■

## ਅਲੀਪੁਰ (ਪਟਿਆਲਾ) ਵਿਖੇ ਅੰਮ੍ਰਿਤ-ਸੰਚਾਰ

ਸ. ਜਗਜੀਤ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾ: ੯ਵੀਂ ਪਟਿਆਲਾ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਪਿੰਡ ਅਲੀਪੁਰ (ਪਟਿਆਲਾ) ਵਿਖੇ ਮਿਤੀ ੩-੬-੨੦੦੭ ਨੂੰ ਸਿਰਸੇ ਵਾਲੇ ਸਾਧ ਨੂੰ ਛੱਡ ਕੇ ਮੁੜ ਸਿੱਖ ਧਰਮ ਵਿਚ ਸ਼ਾਮਲ ਹੋਣ ਆਏ ੬੫ ਵਿਅਕਤੀਆਂ ਨੇ ਅੰਮ੍ਰਿਤ-ਪਾਨ ਕੀਤਾ ਜਿਨ੍ਹਾਂ ਵਿੱਚੋਂ ੪੫ ਵਿਅਕਤੀਆਂ ਨੂੰ ਕਕਾਰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ ਅਤੇ ੨੦ ਵਿਅਕਤੀਆਂ ਨੂੰ ਕਕਾਰ ਗੁਰਦੁਆਰਾ ਸਾਹਿਬ ਪਿੰਡ ਅਲੀਪੁਰ ਕਮੇਟੀ ਵੱਲੋਂ ਭੇਟਾ-ਰਹਿਤ ਦਿੱਤੇ ਗਏ।

*ਲੜੀ ਜੋੜਨ ਲਈ ਦੇਖੋ ਮਹੀਨਾ ਅਗਸਤ ੨੦੦੭ ਸਫ਼ਾ ੫੩*

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਅਤੇ ਨੌਂ ਧੁਨੀਆਂ

*-ਸਿਮਰਜੀਤ ਸਿੰਘ**

## ੯. ਗਉੜੀ ਕੀ ਵਾਰ ਮਹਲਾ ੪

ਭਾਰਤੀ ਸੰਗੀਤ ਗ੍ਰੰਥਾਂ ਵਿਚ 'ਗਉੜੀ' ਨੂੰ ਗਉਰੀ, ਗੌਰੀ, ਗਵਰੀ, ਗੌੜੀ ਆਦਿ ਨਾਮਾਂ ਨਾਲ ਲਿਖਿਆ ਗਿਆ ਹੈ। ਪ੍ਰਾਚੀਨ ਰਾਗ ਹੋਣ ਕਰਕੇ ਇਸ ਰਾਗ ਦੇ ਕਈ ਪ੍ਰਕਾਰ ਹਨ ਜਿਵੇਂ ਗਉੜੀ ਪੂਰਬੀ, ਗਉੜੀ ਪੂਰਬੀ ਦੀਪਕੀ, ਗਉੜੀ ਦੀਪਕੀ, ਗਉੜੀ ਮਾਲਾ, ਗਉੜੀ ਗੁਆਰੇਰੀ ਆਦਿ। ਗਉੜੀ ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਪੱਧਤੀ ਵਿਚ ਬਹੁਤ ਘੱਟ ਗਾਇਆ/ਵਜਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਦੀ ਭਰਪੂਰ ਵਰਤੋਂ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੇ ਬਹੁ-ਰੂਪ ਅੰਕਿਤ ਹਨ। ਨਿਸਚੇ ਹੀ ਪ੍ਰਾਚੀਨ ਸਮੇਂ ਵਿਚ ਇਹ ਰਾਗ ਕਾਫੀ ਪਰਵਾਰ ਵਿਚ ਰਿਹਾ ਹੋਵੇਗਾ, ਅਜਿਹਾ ਇਸ ਦੇ ਵਿਕਾਸ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ।

ਇਸ ਵਾਰ ਦੀਆਂ ੩੩ ਪਉੜੀਆਂ ਹਨ ਜਿਨ੍ਹਾਂ ਵਿੱਚੋਂ ੨੮ ਪਉੜੀਆਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ, ੫ ਪਉੜੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਨ। ਆਮ ਤੌਰ 'ਤੇ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਪੰਜ-ਪੰਜ ਹੈ। ਗਿਆਰ੍ਹਵੀਂ ਪਉੜੀ ਵਿਚ ਤੁਕਾਂ ਦੀ ਗਿਣਤੀ ੬ ਹੈ ਅਤੇ ੧੨ਵੀਂ ਅਤੇ ੩੧ਵੀਂ ਪਉੜੀ ਵਿਚ ਤੁਕਾਂ ਦੀ ਗਿਣਤੀ ੧੦-੧੦ ਹੈ। ਇਨ੍ਹਾਂ ਪਉੜੀਆਂ ਦੇ ਨਾਲ ੨-੨ ਸਲੋਕ ਵੀ ਹਨ। ੧੫ਵੀਂ ਅਤੇ ੨੦ਵੀਂ ਪਉੜੀ ਨਾਲ ੩-੩ ਸਲੋਕ ਦਰਜ ਹਨ। ਇਸ ਤਰ੍ਹਾਂ ਸਲੋਕਾਂ ਦੀ ਕੁੱਲ ਗਿਣਤੀ ੬੮ ਹੈ। ਇਨ੍ਹਾਂ ਵਿੱਚੋਂ ੭ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ, ੫੩ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦੇ ਅਤੇ ੮ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ। ਸਲੋਕਾਂ ਦੀਆਂ ਤੁਕਾਂ ਦੀ ਗਿਣਤੀ ੨ ਤੋਂ ੧੪ ਤਕ ਹੈ।

ਪਉੜੀਆਂ ਅਤੇ ਸਲੋਕਾਂ ਵਿਚ ਭਾਵ ਦੀ ਏਕਤਾ ਹੈ। ਇਸ ਵਿਚ ਗੁਰਮਤਿ ਦੇ ਅਨੇਕਾਂ ਪੱਖਾਂ 'ਤੇ ਚਾਨਣਾ ਪਾਇਆ ਗਿਆ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*

*(ਪੰਨਾ ੩੦੫)*

---

*ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

## ੧੦. ਬਿਹਾਗੜੇ ਕੀ ਵਾਰ ਮਹਲਾ ੪

'ਬਿਹਾਗੜਾ ਰਾਗ' ਉੱਤਰੀ ਭਾਰਤੀ ਸੰਗੀਤ ਦਾ ਮਧੁਰ ਰਾਗ ਹੈ। ਇਸ ਰਾਗ ਨੂੰ 'ਬਿਹਾਗ' ਦਾ ਉੱਪ ਅੰਗ ਮੰਨਿਆ ਜਾਂਦਾ ਹੈ ਜਿਸ ਦੀ ਰਚਨਾ ਬਿਹਾਗ ਅਤੇ ਖਮਾਜ ਦੇ ਮਿਸ਼ਰਣ ਤੋਂ ਹੋਈ ਹੈ।

ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਇਸ ਵਾਰ ਵਿਚ ਕੁੱਲ ੨੧ ਪਉੜੀਆਂ ਹਨ ਅਤੇ ਹਰ ਇਕ ਪਉੜੀ ਪੰਜ-ਤੁਕੀ ਹੈ। ਪਰ ਤੁਕਾਂ ਦਾ ਆਕਾਰ ਇਕਸਾਰ ਨਹੀਂ ਹੈ। ਹਰ ਇਕ ਪਉੜੀ ਨਾਲ ੨-੨ ਸਲੋਕ ਹਨ। ਸਿਰਫ ੧੨ਵੀਂ ਪਉੜੀ ਨਾਲ ੩ ਸਲੋਕ ਹਨ। ਇਸ ਤਰ੍ਹਾਂ ਸਲੋਕਾਂ ਦੀ ਗਿਣਤੀ ੪੩ ਹੈ। ੧੨ਵੀਂ ਪਉੜੀ ਵਾਲੇ ਤਿੰਨ ਸਲੋਕਾਂ ਤੋਂ ਪਹਿਲਾਂ "ਸਲੋਕੁ ਮਰਦਾਨਾ ੧" ਲਿਖਿਆ ਹੋਇਆ ਹੈ। ਇਨ੍ਹਾਂ ਤਿੰਨਾਂ ਤੋਂ ਇਲਾਵਾ ਬਾਕੀ ਦੇ ੪੦ ਸਲੋਕਾਂ ਵਿੱਚੋਂ ੨ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ, ਇਕ ਸਲੋਕ ਭਗਤ ਕਬੀਰ ਜੀ ਦਾ ਹੈ। ੨ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦੇ, ੨ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਤੇ ਬਾਕੀ ੩੩ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਲਿਖੇ ਹੋਏ ਹਨ। ਸਲੋਕਾਂ ਦੀਆਂ ਤੁਕਾਂ ਦੀ ਗਿਣਤੀ ਇਕਸਾਰ ਨਹੀਂ ਹੈ। ੨ ਤੋਂ ਲੈ ਕੇ ੧੧ ਤੁਕਾਂ ਤਕ ਦੇ ਸਲੋਕ ਦਰਜ ਹਨ। ਇਨ੍ਹਾਂ ਦੀ ਭਾਸ਼ਾ ਸਾਧ-ਭਾਖਾ ਤੋਂ ਪ੍ਰਭਾਵਿਤ ਪੂਰਬੀ ਪੰਜਾਬੀ ਹੈ। ਇਸ ਵਾਰ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਜਿਗਿਆਸੂ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ। ਮਾਇਆ ਦਾ ਪ੍ਰਭਾਵ ਨਸ਼ਟ ਹੋ ਜਾਂਦਾ ਹੈ ਅਤੇ ਉਹ ਹਰਿ-ਨਾਮ ਵਿਚ ਲੀਨ ਹੋ ਜਾਂਦਾ ਹੈ। ਪਰਮਾਤਮਾ ਦੀ ਸੱਚੀ ਭਗਤੀ ਦੇ ਤੁਲ ਕੋਈ ਵਸਤੂ ਜਾਂ ਸਹਾਇਕ ਤੱਤ ਨਹੀਂ ਹੈ:

*ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥*

*(ਪੰਨਾ ੫੫੫)*

## ੧੧. ਵਡਹੰਸ ਕੀ ਵਾਰ ਮਹਲਾ ੪

ਗੁਰਮਤਿ ਸੰਗੀਤ ਪੱਧਤੀ ਉੱਤਰੀ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਸੁਮੇਲ ਹੈ। ਗੁਰੂ ਸਾਹਿਬਾਨ ਨੇ ਸੰਗੀਤ ਦੇ ਇਨ੍ਹਾਂ ਦੋਵੇਂ ਗਾਇਨ ਰੂਪਾਂ ਦੀਆਂ ਗਾਇਨ ਸ਼ੈਲੀਆਂ, ਰਾਗਾਂ ਤੇ ਧੁਨਾਂ ਦੀ ਵਰਤੋਂ ਕੀਤੀ ਅਤੇ ਪ੍ਰਚਾਰਿਆ। ਲੋਕ-ਕਾਵਿ ਰੂਪਾਂ ਨੂੰ ਕਿਸੇ ਰਾਗ ਅਧੀਨ ਅੰਕਿਤ ਕਰਨਾ ਗੁਰੂ ਸਾਹਿਬਾਨ ਦੀ ਵਿਸ਼ੇਸ਼ਤਾ ਹੈ। ਇਸ ਤੋਂ ਸੰਬੰਧਿਤ ਰਾਗਾਂ ਵਿਚ ਅੰਕਿਤ ਲੋਕ-ਕਾਵਿ ਰੂਪ ਦੀ ਧੁਨ ਨੂੰ, ਉਸ ਰਾਗ ਦਾ ਮੁਢਲਾ ਸਰੂਪ ਵੀ ਮਿਥਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਰਾਗ ਵਡਹੰਸ ਅਧੀਨ ਘੋੜੀਆਂ ਵਰਗੇ ਲੋਕ-ਕਾਵਿ ਰੂਪਾਂ ਨੂੰ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਤੋਂ ਬਿਨਾਂ ਸ਼ਾਸਤਰੀ ਸੰਗੀਤ ਦੀ ਸ਼ੈਲੀ ਧਰੁਪਦ, ਧਮਾਰ ਆਦਿ ਵਿਚ ਵੀ ਕਈ ਸ਼ਬਦ ਅੰਕਿਤ ਕੀਤੇ ਮਿਲਦੇ ਹਨ।

ਇਸ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਉਚਾਰਨ ਕੀਤੀਆਂ ੨੧ ਪਉੜੀਆਂ ਹਨ। ਇਨ੍ਹਾਂ ਨਾਲ ਕੁੱਲ ੪੩ ਸਲੋਕ ਹਨ। ਪਹਿਲੀ ਨਾਲ ਤਿੰਨ ਅਤੇ ਬਾਕੀ ਨਾਲ ਦੋ-ਦੋ ਸਲੋਕ ਹਨ। ਇਨ੍ਹਾਂ ਸਲੋਕਾਂ ਵਿੱਚੋਂ ਦਸਵੀਂ ਪਉੜੀ ਨਾਲ ਇਕ ਅਤੇ ੨੦ਵੀਂ ਪਉੜੀ ਨਾਲ ਦੋ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਅਤੇ ਬਾਕੀ ਦੇ ੪੦ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਸਲੋਕਾਂ ਦੀਆਂ ਤੁਕਾਂ ਦੀ ਗਿਣਤੀ ਇਕਸਾਰ ਨਹੀਂ ਹੈ। ੨ ਤੋਂ ਲੈ ਕੇ ੧੦ ਤਕ ਸਲੋਕ ਹਨ।

ਇਸ ਵਾਰ ਵਿਚ ਗੁਰੂ ਜੀ ਨੇ ਗੁਰਮਤਿ ਦੇ ਅਨੇਕਾ ਪੱਖਾਂ 'ਤੇ ਆਪਣੇ ਢੰਗ ਨਾਲ ਵਿਆਖਿਆ ਕਰ ਕੇ ਚਾਨਣਾ ਪਾਇਆ ਹੈ।

## ੧੨. ਸੋਰਠਿ ਕੀ ਵਾਰ ਮਹਲਾ ੪

ਸੋਰਠਿ ਰਾਗ ਦੇ ਸੰਬੰਧ ਵਿਚ ਸ੍ਰੀ ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ :

*ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥* *(ਪੰਨਾ ੬੪੨)*

ਇਹ ਰਾਗ ਗੰਭੀਰ ਪ੍ਰਕਿਰਤੀ ਦਾ ਵੈਰਾਗਮਈ ਰਾਗ ਹੈ ਜੋ ਭਗਤੀ-ਭਾਵ ਦੀਆਂ ਰਚਨਾਵਾਂ ਲਈ ਅਤਿ ਢੁਕਵਾਂ ਹੈ। 'ਸੋਰਠਿ ਕੀ ਵਾਰ' ਵਿਚ ਕੁੱਲ ੨੯ ਪਉੜੀਆਂ ਹਨ ਜੋ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਹਰ ਇਕ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ, ਪਰ ਤੁਕਾਂ ਦਾ ਆਕਾਰ ਇਕਸਾਰ ਨਹੀਂ ਹੈ। ਹਰ ਇਕ ਪਉੜੀ ਨਾਲ ਦੋ-ਦੋ ਸਲੋਕ ਹਨ। ਇਸ ਤਰ੍ਹਾਂ ਇਸ ਵਾਰ ਵਿਚ ਕੁੱਲ ੫੮ ਸਲੋਕ ਹਨ ਜਿਨ੍ਹਾਂ ਦੀਆਂ ਤੁਕਾਂ ਦੀ ਗਿਣਤੀ ਦੋ ਤੋਂ ਲੈ ਕੇ ਅੱਠ ਤਕ ਹੈ। ਇਨ੍ਹਾਂ ਵਿੱਚੋਂ ੩ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ੧ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦਾ, ੪੭ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਅਤੇ ੭ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦੇ ਹਨ। ਇਸ ਵਾਰ ਵਿਚ ਦਰਸਾਇਆ ਗਿਆ ਹੈ ਕਿ ਪਰਮਾਤਮਾ ਦੀ ਸ਼ਰਨ ਵਿਚ ਆਉਣ ਨਾਲ ਸਹੀ ਸੂਝ ਪ੍ਰਾਪਤ ਹੁੰਦੀ ਹੈ। ਸੰਸਾਰਿਕ ਵਸਤੂਆਂ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ।

## ੧੩. ਬਿਲਾਵਲ ਕੀ ਵਾਰ ਮਹਲਾ ੪

'ਬਿਲਾਵਲ' ਬੜਾ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਮੱਧਕਾਲੀ ਅਤੇ ਆਧੁਨਿਕ ਹਰ ਸੰਗੀਤ ਗ੍ਰੰਥ ਵਿਚ ਇਸ ਦਾ ਵਰਣਨ ਮਿਲਦਾ ਹੈ, ਜਿਸ ਤੋਂ ਇਸ ਦੇ ਅਤਿਅੰਤ ਲੋਕਪ੍ਰਿਯ ਹੋਣ ਦਾ ਸਬੂਤ ਭਲੀ-ਭਾਂਤ ਮਿਲ ਜਾਂਦਾ ਹੈ।

ਵਰਤਮਾਨ ਥਾਟ ਪੱਧਤੀ ਨੂੰ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਦੀ ਰਚਨਾ ਬਿਲਾਵਲ ਥਾਟ ਤੋਂ ਹੋਈ ਮੰਨੀ ਹੈ। ਇਹ ਆਪਣੇ ਥਾਟ ਦਾ ਪ੍ਰਮੁੱਖ ਅਤੇ ਜਨਕ ਰਾਗ ਹੈ। ਕਈ ਸੰਗੀਤ ਗ੍ਰੰਥਾਂ ਵਿਚ ਇਸ ਨੂੰ ਹਿੰਡੋਲ ਦੀ ਰਾਗਣੀ ਲਿਖਿਆ ਹੋਇਆ ਹੈ ਅਤੇ ਕਈਆਂ ਨੇ ਇਸ ਨੂੰ ਭੈਰਵ ਦਾ ਪੁੱਤਰ ਮੰਨਿਆ ਹੈ। ਪਰੰਤੂ ਗੁਰਮਤਿ ਸੰਗੀਤ ਪ੍ਰਣਾਲੀ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਬਿਲਾਵਲ' ਹੀ ਲਿਖਿਆ ਗਿਆ ਹੈ। ਇਸ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਲਿਖੀ ਵਾਰ ਵਿਚ ਕੁੱਲ ੧੩

ਪਉੜੀਆਂ ਹਨ। ਇਨ੍ਹਾਂ ਵਿੱਚੋਂ ੧੨ ਪਉੜੀਆਂ ਪੰਜ-ਪੰਜ ਤੁਕਾਂ ਦੀਆਂ ਹਨ ਅਤੇ ਦਸਵੀਂ ਪਉੜੀ ੬ ਤੁਕਾਂ ਦੀ ਹੈ। ਇਹ ਤੁਕਾਂ ਆਕਾਰ ਵਜੋਂ ਇਕ-ਸਮਾਨ ਨਹੀਂ ਹਨ। ਹਰ ਇਕ ਪਉੜੀ ਨਾਲ ਦੋ-ਦੋ ਸਲੋਕ ਹਨ, ਸਿਰਫ਼ ਸਤਵੀਂ ਪਉੜੀ ਨਾਲ ੩ ਸਲੋਕ ਹਨ। ਇਨ੍ਹਾਂ ੨੭ ਸਲੋਕਾਂ ਵਿੱਚੋਂ ਇਕ ਸ੍ਰੀ ਗੁਰੂ ਰਾਮਦਾਸ ਜੀ ਦਾ ਹੈ। ਬਾਕੀਆਂ ਵਿੱਚੋਂ ੨ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ੨੪ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਲਿਖੇ ਹੋਏ ਹਨ। ਇਨ੍ਹਾਂ ਵਿਚ ਦੋ ਤੋਂ ਲੈ ਕੇ ਦਸ ਤੁਕਾਂ ਸ਼ਾਮਲ ਹਨ।

ਇਸ ਵਾਰ ਵਿਚ ਗੁਰੂ ਸਾਹਿਬ ਨੇ ਫ਼ਰਮਾਇਆ ਹੈ ਕਿ ਸਾਰਾ ਸੰਸਾਰ ਪਰਮਾਤਮਾ ਨੇ ਸਿਰਜਿਆ ਹੈ। ਮੁੱਖ ਤੌਰ 'ਤੇ ਨਾਮ-ਸਿਮਰਨ ਹੀ ਮਨੁੱਖ ਦੀ ਸੱਚੀ ਕਮਾਈ ਹੈ।

## ੧੪. ਸਾਰੰਗ ਕੀ ਵਾਰ ਮਹਲਾ ੪

'ਰਾਗ ਸਾਰੰਗ' ਭਾਰਤੀ ਸੰਗੀਤ ਦਾ ਪੁਰਾਤਨ ਲੋਕਪ੍ਰਿਯ ਰਾਗ ਹੈ। ਇਸ ਦੀ ਰਚਨਾ ਇਕ ਲੋਕ ਗੀਤ ਤੋਂ ਹੋਈ ਹੈ। ਚਰਵਾਹਿਆਂ ਅਤੇ ਸਪੇਰਿਆਂ ਦੇ ਲੋਕ-ਗੀਤਾਂ ਦੀਆਂ ਧੁਨਾਂ 'ਚੋਂ ਇਸ ਰਾਗ ਦੀ ਝਲਕ ਮਿਲ ਸਕਦੀ ਹੈ।

ਇਸ ਵਾਰ ਵਿਚ ਕੁੱਲ ੩੬ ਪਉੜੀਆਂ ਹਨ ਜਿਨ੍ਹਾਂ ਵਿੱਚੋਂ ੩੫ਵੀਂ ਪਉੜੀ ਦੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੀਤੀ ਹੋਈ ਹੈ ਅਤੇ ਬਾਕੀ ਦੀਆਂ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਹਨ। ਹਰ ਇਕ ਪਉੜੀ ਵਿਚ ਇਕਸਾਰ ਆਕਾਰ ਦੀਆਂ ਪੰਜ-ਪੰਜ ਤੁਕਾਂ ਹਨ। ਇਨ੍ਹਾਂ ਪਉੜੀਆਂ ਨਾਲ ੭੪ ਸਲੋਕ ਵੀ ਦਰਜ ਹਨ। ਇਨ੍ਹਾਂ ਸਲੋਕਾਂ ਵਿੱਚੋਂ ੩੪ ਪਉੜੀਆਂ ਨਾਲ ਦੋ-ਦੋ ਸਲੋਕ ਹਨ ਅਤੇ ਪਹਿਲੀ ਤੇ ੩੪ਵੀਂ ਪਉੜੀ ਵਿਚ ਇਹ ਗਿਣਤੀ ਤਿੰਨ-ਤਿੰਨ ਹੈ। ਇਨ੍ਹਾਂ ੭੪ ਸਲੋਕਾਂ ਵਿੱਚੋਂ ੩੩ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ, ੯ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਤੇ ੨੩ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ੬ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦੇ ਅਤੇ ੩ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ। ਇਨ੍ਹਾਂ ਸਲੋਕਾਂ ਦੀਆਂ ਦੋ ਤੋਂ ਲੈ ਕੇ ਗਿਆਰਾਂ ਤਕ ਤੁਕਾਂ ਹਨ। ਭਾਸ਼ਾ ਸਰਲ ਅਤੇ ਪੰਜਾਬੀ ਦੇ ਵਧੇਰੇ ਅਨੁਰੂਪ ਹੈ।

ਇਸ ਵਾਰ ਵਿਚ ਗੁਰੂ ਜੀ ਨੇ ਦਰਸਾਇਆ ਹੈ ਕਿ ਪਰਮਾਤਮਾ ਦੁਆਰਾ ਪੈਦਾ ਕੀਤੀ ਮਾਇਆ ਦੇ ਮੋਹ-ਜਾਲ ਵਿਚ ਫਸ ਕੇ ਮਨੁੱਖ ਆਪਣੇ ਪਰਮਾਰਥਿਕ ਕਰਤੱਵ ਨੂੰ ਭੁੱਲ ਜਾਂਦਾ ਹੈ ਅਤੇ ਦੁਖੀ ਹੋ ਭਟਕਦਾ ਹੈ। ਮਨੁੱਖ ਨੂੰ ਹੌਲੀ-ਹੌਲੀ ਨਾਮ ਜਪਣ ਦੀ ਆਦਤ ਪਾਉਣੀ ਚਾਹੀਦੀ ਹੈ ਜੋ ਮਨੁੱਖ ਨੂੰ ਸਹੀ ਮਾਰਗ ਉਪਰ ਚੱਲਣ ਵਿਚ ਸਹਾਈ ਹੁੰਦੀ ਹੈ:

*ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥*
*ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ॥* *(ਪੰਨਾ ੧੨੪੭)*

## ੧੫. ਕਾਨੜੇ ਕੀ ਵਾਰ ਮਹਲਾ ੪

'ਕਾਨੜਾ' ਇਕ ਪੁਰਾਤਨ ਰਾਗ ਹੈ। ਭਾਰਤੀ ਸੰਗੀਤ ਦੇ ਪ੍ਰਚਲਿਤ ਰਾਗਾਂ

ਵਿੱਚੋਂ ਇਹ ਇਕ ਅਤਿ ਗੰਭੀਰ ਰਾਗ ਹੈ। ਪੁਰਾਤਨ ਗ੍ਰੰਥਕਾਰਾਂ ਨੇ ਇਸ ਰਾਗ ਦਾ ਉਲੇਖ 'ਕਰਨਾਟ' ਨਾਮ ਨਾਲ ਕੀਤਾ ਹੈ। ਅਕਬਰ ਦੇ ਦਰਬਾਰੀ ਗਾਇਕ ਤਾਨਸੈਨ ਨੇ ਕਾਨੜਾ ਰਾਗ ਨੂੰ ਕਾਫੀ ਸੁੰਦਰ ਢੰਗ ਨਾਲ ਗਾਇਆ, ਜਿਸ ਕਾਰਨ ਇਸ ਦਾ ਨਾਂ ਦਰਬਾਰੀ ਕਾਨੜਾ ਪੈ ਗਿਆ ਸੀ। ਗੁਰਮਤਿ ਸੰਗੀਤ ਪੱਧਤੀ ਵਿਚ ਇਸ ਨੂੰ ਰਾਗ ਕਾਨੜਾ ਹੀ ਕਿਹਾ ਜਾਂਦਾ ਹੈ। ਰਾਗ ਕਾਨੜਾ ਆਧੁਨਿਕ ਸੰਗੀਤ ਵਿਚ ਕਈ ਰੂਪਾਂ ਵਿਚ ਪ੍ਰਚਲਿਤ ਹੈ।

ਇਸ ਵਾਰ ਵਿਚ ਪੰਜ-ਪੰਜ ਤੁਕਾਂ ਦੀਆਂ ੧੫ ਪਉੜੀਆਂ ਹਨ। ਹਰ ਇਕ ਪਉੜੀ ਵਿਚ ੨-੨ ਸਲੋਕ ਦਰਜ ਹਨ। ਇਸ ਵਾਰ ਵਿਚ ਪਉੜੀਆਂ ਵਾਂਗ ਸਾਰੇ ਸਲੋਕ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ। ਇਹ ਸਲੋਕ ਦੋ ਤੁਕਾਂ ਤੋਂ ਲੈ ਕੇ ਸੱਤ ਤੁਕਾਂ ਤਕ ਦੇ ਹਨ। ਪਉੜੀਆਂ ਦੀ ਭਾਸ਼ਾ ਦਾ ਸਰੂਪ ਪੂਰਬੀ ਪੰਜਾਬੀ ਵਾਲਾ ਹੈ ਅਤੇ ਇਸ 'ਤੇ ਸਾਧ-ਭਾਖਾ ਦਾ ਪ੍ਰਭਾਵ ਸਪਸ਼ਟ ਹੁੰਦਾ ਹੈ ਪਰ ਸਲੋਕ ਲਹਿੰਦੀ ਪੰਜਾਬੀ ਦੇ ਪ੍ਰਭਾਵ ਹੇਠ ਹਨ।

ਇਸ ਵਾਰ ਵਿਚ ਗੁਰੂ ਸਾਹਿਬ ਦਰਸਾਉਂਦੇ ਹਨ ਕਿ ਹਰ ਪ੍ਰਕਾਰ ਦੀ ਸ੍ਰਿਸ਼ਟੀ ਦੀ ਰਚਨਾ ਪਰਮਤਾਮਾ ਨੇ ਆਪ ਕੀਤੀ ਹੈ ਅਤੇ ਆਪ ਹੀ ਇਸ ਵਿਚ ਵਿਆਪਕ ਹੈ। ਭਗਤੀ ਤੇ ਨਾਮ ਸਿਮਰਨ ਨਾਲ ਜਨਮ-ਜਨਮਾਂਤਰਾਂ ਦੇ ਪਾਪ ਧੁਲ ਜਾਂਦੇ ਹਨ:

*ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ॥*
*ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ॥* *(ਪੰਨਾ ੧੩੧੮)*

## ੧੬. ਗਉੜੀ ਕੀ ਵਾਰ ਮਹਲਾ ੫

ਇਸ ਵਾਰ ਵਿਚ ਪੰਜ-ਪੰਜ ਤੁਕਾਂ ਦੀਆਂ ਕੁੱਲ ੨੧ ਪਉੜੀਆਂ ਹਨ ਅਤੇ ਹਰ ਇਕ ਪਉੜੀ ਨਾਲ ੨-੨ ਸਲੋਕ ਹਨ। ਇਹ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲਿਖੇ ਹੋਏ ਹਨ। ਇਸ ਤਰ੍ਹਾਂ ਕੁੱਲ ੪੨ ਸਲੋਕ ਇਸ ਵਾਰ ਵਿਚ ਹਨ। ਇਸ ਵਾਰ ਵਿਚ ੩੬ ਸਲੋਕ ਦੋ-ਤੁਕੇ ਹਨ, ਤਿੰਨ ਚਾਰ-ਤੁਕੇ, ਦੋ ਪੰਜ-ਤੁਕੇ ਅਤੇ ਇਕ ਸਲੋਕ ਅੱਠ ਤੁਕਾਂ ਦਾ ਹੈ। ੧੯ਵੀਂ ਪਉੜੀ ਦੇ ਨਾਲ ਦਰਜ ਪਹਿਲੇ ਸਲੋਕ ਨਾਲ 'ਡਖਨਾ' ਸ਼ਬਦ ਲਿਖਿਆ ਹੋਇਆ ਹੈ। ਇਸ ਪਉੜੀ ਦੇ ਦੋਵੇਂ ਸਲੋਕ ਅਤੇ ੨੦ਵੀਂ ਪਉੜੀ ਦਾ ਪਹਿਲਾ ਸਲੋਕ ਦੋਵੇਂ ਲਹਿੰਦੀ ਭਾਸ਼ਾ ਵਿਚ ਹਨ। ਬਾਕੀ ਦੇ ਸਲੋਕ ਅਤੇ ਪਉੜੀਆਂ ਸਾਧ-ਭਾਖਾ ਪ੍ਰਭਾਵਿਤ ਪੂਰਬੀ ਪੰਜਾਬੀ ਵਿਚ ਲਿਖੀਆਂ ਗਈਆਂ ਹਨ।

ਇਸ ਵਾਰ ਵਿਚ ਗੁਰੂ ਜੀ ਨੇ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ 'ਤੇ ਪ੍ਰਕਾਸ਼ ਪਾਉਂਦੇ ਹੋਏ ਫ਼ਰਮਾਇਆ ਹੈ ਕਿ ਪਰਮਾਤਮਾ ਸਰਵ-ਸ਼ਕਤੀਮਾਨ ਹੈ। ਮਨੁੱਖ ਵਾਸਤੇ ਸ੍ਰੇਸ਼ਠ ਬਣਨ ਲਈ ਸਾਧ-ਸੰਗਤ ਵਿਚ ਜਾਣਾ ਬਹੁਤ ਜ਼ਰੂਰੀ ਹੈ। ਨਾਮ-ਸਿਮਰਨ ਨਾਲ ਸਾਧਕ ਦੀ ਸ਼ਖਸੀਅਤ ਇਕਦਮ ਬਦਲ ਜਾਂਦੀ ਹੈ:

*ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ॥*

*ਨਾਨਕ ਚਰਣੀ ਲਗਿਆ ਉਧਰੈ ਸਭੋ ਕੋਇ॥* *(ਪੰਨਾ ੩੨੩)*

## ੧੭. ਗੂਜਰੀ ਕੀ ਵਾਰ ਮਹਲਾ ੫

'ਗੂਜਰੀ' ਇਕ ਪੁਰਾਤਨ ਰਾਗ ਹੈ। ਇਸ ਦਾ ਸੁਰਾਤਮਕ ਸਰੂਪ ਕਰੁਣਾ ਰਸ ਦਾ ਧਾਰਨੀ ਹੈ ਜਿਸ ਕਰਕੇ ਇਹ ਗੰਭੀਰ ਪ੍ਰਕਿਰਤੀ ਦੀਆਂ ਭਗਤੀ-ਭਾਵ ਵਾਲੀਆਂ ਰਚਨਾਵਾਂ ਦੇ ਗਾਇਨ ਲਈ ਅਤਿ ਢੁਕਵਾਂ ਹੈ। ਰਾਗ ਗੂਜਰੀ, ਤੋੜੀ ਦੀ ਵੰਨਗੀ ਹੈ, ਇਸੇ ਕਰਕੇ ਕਈ ਸੰਗੀਤ ਪ੍ਰੇਮੀ ਇਸ ਨੂੰ 'ਗੂਜਰੀ ਤੋੜੀ' ਵੀ ਆਖਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਇਸ ਵਾਰ ਵਿਚ ਕੁੱਲ ੨੧ ਪਉੜੀਆਂ ਹਨ। ਹਰ ਇਕ ਪਉੜੀ ਵਿਚ ਅੱਠ-ਅੱਠ ਤੁਕਾਂ ਹਨ। ਪਰ ੨੦ਵੀਂ ਪਉੜੀ ਦੀਆਂ ਕੁੱਲ ਪੰਜ ਤੁਕਾਂ ਹਨ। ਹਰ ਇਕ ਪਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲਿਖੇ ੨-੨ ਸਲੋਕ ਹਨ। ਇਨ੍ਹਾਂ ਸਲੋਕਾਂ ਵਿੱਚੋਂ ੩੭ ਸਲੋਕ ਦੋ-ਤੁਕੇ ਹਨ ਅਤੇ ਦੋਹਰੇ ਦੇ ਆਕਾਰ ਦੇ ਹਨ। ਪੰਜ ਸਲੋਕਾਂ ਦੀਆਂ ਤੁਕਾਂ ਦੋ ਤੋਂ ਵੱਧ ਸੱਤ ਤਕ ਹਨ। ਸਲੋਕਾਂ ਦੀ ਭਾਸ਼ਾ ਲਹਿੰਦੀ ਪੰਜਾਬੀ ਹੈ ਪਰ ਪਉੜੀਆਂ 'ਤੇ ਸਾਧ-ਭਾਖਾ ਦੇ ਪ੍ਰਭਾਵ ਵਾਲੀ ਪੂਰਬੀ ਪੰਜਾਬੀ ਦਾ ਪ੍ਰਭਾਵ ਹੈ। ਇਸ ਵਾਰ ਦੀਆਂ ਅਨੇਕਾਂ ਤੁਕਾਂ 'ਸਤਿ' ਕਥਨ ਦਾ ਰੂਪ ਧਾਰਨ ਕਰ ਗਈਆਂ ਹਨ।

ਗੁਰੂ ਜੀ ਨੇ ਇਸ ਵਾਰ ਵਿਚ ਮੁੱਖ ਤੌਰ 'ਤੇ ਪਰਮਾਤਮਾ ਅਤੇ ਗੁਰੂ ਦੀ ਮਹਿਮਾ ਦਾ ਵਿਖਿਆਨ ਕੀਤਾ ਹੈ। ਜੀਵ ਆਪਣੀ ਸਾਧਨਾ ਰਾਹੀਂ ਉੱਚਾ ਉੱਠ ਕੇ ਸੱਚੀ ਦਰਗਾਹ ਵਿਚ ਪ੍ਰਵਾਨ ਚੜ੍ਹਦਾ ਹੈ। ਇਨ੍ਹਾਂ ਤੋਂ ਇਲਾਵਾ ਗੁਰਮਤਿ ਦੇ ਹੋਰ ਕਈ ਸਿਧਾਂਤਾਂ ਉੱਤੇ ਵੀ ਰੋਸ਼ਨੀ ਪਾਈ ਗਈ ਹੈ:

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ ੫੨੨)*

## ੧੮. ਜੈਤਸਰੀ ਕੀ ਵਾਰ ਮਹਲਾ ੫

'ਰਾਗ ਜੈਤਸਰੀ' ਬਹੁਤ ਪੁਰਾਤਨ ਰਾਗ ਹੈ। ਪੂਰਬੀ ਅੰਗ ਦੇ ਰਾਗਾਂ ਵਿਚ ਇਸ ਦਾ ਨਿਵੇਕਲਾ ਅਤੇ ਅਸਾਧਾਰਨ ਸਰੂਪ ਹੈ। ਇਸ ਰਾਗ ਦੀ ਰਚਨਾ ਜੋਤ ਅਤੇ ਸਿਰੀ ਰਾਗ ਦੇ ਮਧੁਰ ਸੰਜੋਗ ਤੋਂ ਹੋਈ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤੀ ਇਸ ਵਾਰ ਦੀਆਂ ਕੁੱਲ ੨੦ ਪਉੜੀਆਂ ਹਨ। ਹਰ ਇਕ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ। ਹਰ ਇਕ ਪਉੜੀ ਨਾਲ ੨-੨ ਸਲੋਕ ਹਨ। ਸਾਰੇ ਸਲੋਕ ੨-੨ ਤੁਕਾਂ ਦੇ ਦੋਹਿਰਾ ਸੋਰਠਾ ਤੋਲ 'ਤੇ ਲਿਖੇ ਗਏ ਹਨ। ਸਿਵਾਏ ੧੨ਵੀਂ ਪਉੜੀ ਦੇ ਪਹਿਲੇ ਸਲੋਕ ਦੇ ਜੋ ਕਿ ੩ ਤੁਕਾਂ ਦਾ ਹੈ।

ਇਸ ਵਾਰ ਵਿਚ ਭਾਵੇਂ ਗੁਰਮਤਿ ਦੇ ਅਨੇਕਾਂ ਵਿਸ਼ਿਆਂ 'ਤੇ ਪ੍ਰਕਾਸ਼ ਪਾਇਆ ਗਿਆ ਹੈ ਪਰ ਵਿਸ਼ੇਸ਼ ਤੌਰ 'ਤੇ ਪਰਮਾਤਮਾ ਦੇ ਨਾਮ-ਸਿਮਰਨ, ਮਾਇਆ ਦੇ ਪ੍ਰਪੰਚ ਤੋਂ ਮੁਕਤ ਹੋਣ ਅਤੇ ਚੰਗੇ ਗੁਣ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ।

## ੧੯. ਰਾਮਕਲੀ ਕੀ ਵਾਰ ਮਹਲਾ ੫

'ਰਾਮਕਲੀ ਕੀ ਵਾਰ' ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਵਾਰ ਦੀਆਂ ਅੱਠ-ਅੱਠ ਤੁਕਾਂ ਦੀਆਂ ੨੨ ਪਉੜੀਆਂ ਹਨ। ਹਰ ਇਕ ਪਉੜੀ ਨਾਲ ਦੋ-ਦੋ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ। ਇਸ ਤਰ੍ਹਾਂ ਸਲੋਕਾਂ ਦੀ ਕੁਲ ਗਿਣਤੀ ੪੪ ਹੈ। ਸਲੋਕਾਂ ਦੀਆਂ ਤੁਕਾਂ ਵਿਚ ਸਮਾਨਤਾ ਨਹੀਂ ਹੈ। ਪਹਿਲੀਆਂ ਤਿੰਨ ਪਉੜੀਆਂ ਨਾਲ ਦਰਜ ਸਲੋਕਾਂ ਦੀਆਂ ਚਾਰ-ਚਾਰ ਤੁਕਾਂ ਹਨ। ਬਾਕੀ ਪਉੜੀਆਂ ਨਾਲ ਦਰਜ ਸਲੋਕਾਂ ਦੀ ਗਿਣਤੀ ੨ ਤੋਂ ੧੬ ਤੁਕਾਂ ਤਕ ਹੈ। ਇਨ੍ਹਾਂ ਵਿੱਚੋਂ ੧੯ਵੀਂ ਪਉੜੀ ਨਾਲ ਦਰਜ ਦੂਜਾ ਸਲੋਕ ਅਤੇ ੨੦ਵੀਂ ਪਉੜੀ ਨਾਲ ਦਰਜ ਸਲੋਕ ਦੋਵੇਂ ਭਗਤ ਕਬੀਰ ਜੀ ਪ੍ਰਤੀ ਅਤੇ ੨੧ਵੀਂ ਪਉੜੀ ਨਾਲ ਦਰਜ ਸਲੋਕ ਭਗਤ ਫਰੀਦ ਜੀ ਪ੍ਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ। ਇਸ ਵਾਰ ਦੀ ਭਾਸ਼ਾ ਪੂਰਬੀ ਪੰਜਾਬੀ ਹੈ ਅਤੇ ਸਾਧ-ਭਾਖਾ ਦਾ ਪ੍ਰਭਾਵ ਵੀ ਹੈ। ਕਿਤੇ-ਕਿਤੇ ਲਹਿੰਦੀ ਸ਼ਬਦਾਵਲੀ ਦਾ ਪ੍ਰਭਾਵ ਵੀ ਮਿਲਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਵਿਚ ਗੁਰਮਤਿ ਦੇ ਅਨੇਕਾਂ ਪੱਖਾਂ ਉੱਪਰ ਚਾਨਣਾ ਪਾਇਆ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ 'ਚਿਤ' ਦੀ ਸਥਿਰਤਾ ਉੱਤੇ ਬਹੁਤ ਬਲ ਦਿੱਤਾ ਗਿਆ ਹੈ।

## ੨੦. ਮਾਰੂ ਵਾਰ ਮਹਲਾ ੫

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਲਿਖੀ 'ਮਾਰੂ ਵਾਰ' ਵਿਚ ਅੱਠ-ਅੱਠ ਤੁਕਾਂ ਦੀਆਂ ਕੁੱਲ ੨੩ ਪਉੜੀਆਂ ਹਨ। ਹਰ ਇਕ ਪਉੜੀ ਨਾਲ ਤਿੰਨ-ਤਿੰਨ ਸਲੋਕ ਦਰਜ ਹਨ। ਇਹ ਸਾਰੇ ਸਲੋਕ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹਨ ਅਤੇ ਇਨ੍ਹਾਂ ਵਿਚ ਦੋ-ਦੋ ਤੁਕਾਂ ਹਨ। ਸਿਰਫ਼ ੨੧ਵੀਂ ਅਤੇ ੨੨ਵੀਂ ਪਉੜੀ ਨਾਲ ਦਰਜ ਤੀਜਾ ਸਲੋਕ ਤਿੰਨ-ਤਿੰਨ ਤੁਕਾਂ ਦਾ ਹੈ। ਸਲੋਕਾਂ ਦੀ ਭਾਸ਼ਾ ਲਹਿੰਦੀ ਪ੍ਰਧਾਨ ਹੈ। ਸਲੋਕਾਂ ਦੇ ਸ਼ੁਰੂ ਵਿਚ 'ਡਖਣੇ' ਪਦ ਵੀ ਲਿਖਿਆ ਹੈ। ਪਉੜੀਆਂ ਦੀ ਭਾਸ਼ਾ ਸਾਧ-ਭਾਖਾ ਪ੍ਰਭਾਵਿਤ ਪੂਰਬੀ ਪੰਜਾਬੀ ਹੈ।

ਗੁਰੂ ਜੀ ਨੇ ਇਸ ਵਾਰ ਵਿਚ ਗੁਰਮਤਿ ਦੇ ਕਈ ਨੁਕਤਿਆਂ ਦੀ ਵਿਆਖਿਆ ਕੀਤੀ ਹੈ।

## ੨੧. ਬਸੰਤ ਕੀ ਵਾਰ ਮਹਲਾ ੫

'ਬਸੰਤ' ਬੜਾ ਪੁਰਾਤਨ ਤੇ ਪ੍ਰਸਿੱਧ ਰਾਗ ਹੈ। ਇਸ ਰਾਗ ਦਾ ਬਸੰਤ ਰੁੱਤ ਨਾਲ ਬੜਾ ਗਹਿਰਾ ਸੰਬੰਧ ਹੈ। ਇਸ ਨੂੰ ਮੌਸਮੀ ਜਾਂ ਰਿਤੂ ਕਾਲੀਨ ਰਾਗ ਮੰਨਿਆ ਜਾਂਦਾ ਹੈ। ਬਸੰਤ ਰਾਗ ਦੀ ਰਚਨਾ ਪੂਰਬੀ ਮੇਲ ਤੋਂ ਹੋਈ ਮੰਨੀ ਜਾਂਦੀ ਹੈ। ਇਸ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਦੋਵੇਂ ਅਤੇ ਹੋਰ ਸਭ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਅਰੋਹ ਵਿਚ ਰਿਸ਼ਭ ਅਤੇ ਪੰਚਮ ਸੁਰ ਨਹੀਂ ਲੱਗਦੇ। ਬਸੰਤ ਰੁੱਤ ਵਿਚ ਹਰ ਸਮੇਂ ਅਤੇ ਬਾਕੀ

ਰੁੱਤਾਂ ਵਿਚ ਇਸ ਦਾ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਜਾਂਦਾ ਹੈ। ਸੰਗੀਤਕਾਰਾਂ ਨੇ ਇਸ ਨੂੰ ਗੰਭੀਰ ਪ੍ਰਕਿਰਤੀ ਦਾ ਰਾਗ ਮੰਨਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਸ ਵਾਰ ਦੀਆਂ ੩ ਪਉੜੀਆਂ ਹਨ। ਹਰ ਇਕ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ। ਇਸ ਵਾਰ ਵਿਚ ਕੇਵਲ ਪਉੜੀਆਂ ਹੀ ਹਨ, ਸਲੋਕ ਨਹੀਂ ਹਨ। ਇਸ ਵਾਰ ਵਿਚ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਕਿ ਵਾਸ਼ਨਾਵਾਂ ਤਿਆਗ ਕੇ ਨਾਮ-ਸਿਮਰਨ ਵਿਚ ਲੀਨ ਹੋਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਜੀਵ ਦਾ ਪਰਮਾਤਮਾ ਨਾਲ ਏਕਾਕਾਰ ਹੋ ਜਾਂਦਾ ਹੈ।

## ੨੨. ਰਾਮਕਲੀ ਕੀ ਵਾਰ ਭਾਈ ਸਤਾ ਅਤੇ ਭਾਈ ਬਲਵੰਡ

ਰਾਮਕਲੀ ਦੀ ਵਾਰ 'ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਦੇ ਨਾਂ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੯੬੬ 'ਤੇ ਦਰਜ ਹੈ। ਭਾਈ ਬਲਵੰਡ ਜੀ ਅਤੇ ਭਾਈ ਸੱਤਾ ਜੀ ਗੁਰੂ ਦਰਬਾਰ ਦੇ ਰਬਾਬੀ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਕੀਰਤਨ ਕਰਿਆ ਕਰਦੇ ਸਨ। ਇਸ ਵਾਰ ਵਿਚ ਉਨ੍ਹਾਂ ਵੱਲੋਂ ਗੁਰੂ-ਘਰ ਦੀ ਸਿਫ਼ਤ-ਸਲਾਹ ਕੀਤੀ ਗਈ ਹੈ। ਇਸ ਸਾਰੀ ਵਾਰ ਵਿਚ ਇੱਕੋ ਵਿਚਾਰ ਘੁੰਮ ਰਿਹਾ ਹੈ ਕਿ "ਗੁਰੂ ਦੀ ਆਪਣੇ ਚੇਲੇ ਅੱਗੇ ਰਹਿਰਾਸ", ਸਾਰੀ ਵਾਰ ਦਾ ਇਹੋ ਕੇਂਦਰੀ-ਭਾਵ ਹੈ। ਇਸ ਵਾਰ ਦੀਆਂ ਕੁੱਲ ਅੱਠ ਪਉੜੀਆਂ ਹਨ। ਪਹਿਲੀਆਂ ਤਿੰਨ ਪਉੜੀਆਂ ਭਾਈ ਬਲਵੰਡ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ ਅਤੇ ਅਖ਼ੀਰਲੀਆਂ ਪੰਜ ਪਉੜੀਆਂ ਭਾਈ ਸੱਤਾ ਜੀ ਦੀਆਂ ਹਨ। ਵਾਰ ਦੀ ਪਹਿਲੀ ਪਉੜੀ ਵਿਚ ਕਿਹਾ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦਾ ਇਕ ਨਵੀਂ ਕਿਸਮ ਦਾ ਰਾਜ ਚਲਾਇਆ ਹੈ। ਉਨ੍ਹਾਂ ਨੇ ਆਪਣੇ ਗੁਰਸਿੱਖ ਭਾਈ ਲਹਿਣਾ ਜੀ ਨੂੰ ਆਪਣੇ ਵਾਂਗ ਬਣਾ ਕੇ ਉਸ ਅੱਗੇ ਮੱਥਾ ਟੇਕਿਆ:

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥...*
*ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥ (ਪੰਨਾ ੯੬੬)*

ਦੂਜੀ ਤੇ ਤੀਜੀ ਪਉੜੀ ਵਿਚ ਵੀ ਭਾਈ ਬਲਵੰਡ ਜੀ ਇਸੇ ਗੱਲ ਨੂੰ ਹੈਰਾਨ ਹੋ ਕੇ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਰੀਰ ਵਟਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚ ਗੁਰਗੱਦੀ 'ਤੇ ਬੈਠੇ ਹੋਏ ਹਨ:

*ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥ (ਪੰਨਾ ੯੬੭)*

ਭਾਈ ਬਲਵੰਡ ਜੀ ਫ਼ਰਮਾ ਰਹੇ ਹਨ ਕਿ ਭਾਈ ਲਹਿਣਾ ਜੀ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਜੋਤਿ ਹੈ, ਜੀਵਨ ਦਾ ਢੰਗ ਵੀ ਉਹੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਰੀਰ ਹੀ ਵਟਾਇਆ ਹੈ:

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਵੇਂ ਧਰਮ-ਰਸਤੇ ਨੂੰ ਵਿਚਾਰ ਕੇ ਭਾਈ ਸੱਤਾ ਜੀ

ਭੀ ਬਹੁਤ ਹੈਰਾਨ ਹੁੰਦੇ ਹਨ। ਵਾਰ ਦੀ ਚੌਥੀ ਪਉੜੀ ਵਿਚ ਉਹ ਫ਼ਰਮਾਉਂਦੇ ਹਨ ਕਿ ਜਗਤ ਦੇ ਨਾਥ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਹੋਰ ਪਾਸੇ ਵੱਲ ਹੀ ਗੰਗਾ ਚਲਾ ਦਿੱਤੀ ਹੈ:

*ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥* *(ਪੰਨਾ ੯੬੭)*

ਵਾਰ ਦੀ ਛੇਵੀਂ ਪਉੜੀ ਵਿਚ ਭਾਈ ਸੱਤਾ ਜੀ ਸ੍ਰੀ ਗੁਰੂ ਅਮਰਦਾਸ ਜੀ ਬਾਬਤ ਅਚੰਭੇ ਵਾਲੀ ਮਰਯਾਦਾ ਦਾ ਜ਼ਿਕਰ ਕਰਦੇ ਫ਼ਰਮਾਉਂਦੇ ਹਨ:

*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥* *(ਪੰਨਾ ੯੬੮)*

ਭਾਈ ਸੱਤਾ ਜੀ ਫ਼ਰਮਾਉਂਦੇ ਹਨ ਕਿ ਪੋਤੇ ਭਾਵ ਸ੍ਰੀ ਗੁਰੂ ਅਮਰਦਾਸ ਜੀ ਦੇ ਮੱਥੇ'ਤੇ ਭੀ ਉਹੀ ਨੂਰ ਹੈ, ਉਹੀ ਤਖ਼ਤ ਹੈ ਅਤੇ ਉਹੀ ਦਰਬਾਰ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੀ। ਸਤਵੀਂ ਪਉੜੀ ਵਿਚ ਭਾਈ ਸੱਤਾ ਜੀ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੁੱਖ ਰੱਖ ਕੇ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ:

*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥* *(ਪੰਨਾ ੯੬੮)*

ਅਖ਼ੀਰਲੀ ਪਉੜੀ ਵਿਚ ਭਾਈ ਸੱਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਫ਼ਰਮਾਉਂਦੇ ਹਨ:

*ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥*
*ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥* *(ਪੰਨਾ ੯੬੮)*

ਅੰਤ ਵਿਚ ਗੁਰੂ ਸਾਹਿਬਾਨ ਦੀ ਮਹਿਮਾ ਬਿਆਨ ਕਰਦਿਆਂ ਹੋਇਆਂ ਵਾਰ ਨੂੰ ਹੇਠ ਲਿਖੇ ਸ਼ਬਦਾਂ ਨਾਲ ਸਮਾਪਤ ਕੀਤਾ ਗਿਆ ਹੈ:

*ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥* *(ਪੰਨਾ ੯੬੮)*

ਭਾਵ ਚਾਰੇ ਗੁਰੂ ਸਾਹਿਬਾਨ ਆਪੋ ਆਪਣੇ ਸਮੇਂ ਰੋਸ਼ਨ ਹੋਏ ਅਤੇ ਵਾਹਿਗੁਰੂ ਆਪ ਹੀ ਉਨ੍ਹਾਂ ਵਿਚ ਪ੍ਰਗਟ ਹੋਇਆ ਹੈ। ਇਨ੍ਹਾਂ ਉਪਰੋਕਤ ਵਾਰਾਂ ਨੂੰ ਨਿਰਧਾਰਤ ਰਾਗਾਂ 'ਤੇ ਆਧਾਰਿਤ ਗਾਉਣ ਦੇ ਨਾਲ-ਨਾਲ ਇਨ੍ਹਾਂ ਵਿਚੋਂ ੯ ਵਾਰਾਂ ਨੂੰ ਵਿਸ਼ੇਸ਼ ਪ੍ਰਕਾਰ ਦੀਆਂ ਧੁਨੀਆਂ ਅਨੁਸਾਰ ਗਾਉਣ ਦੀ ਹਦਾਇਤ ਕੀਤੀ ਗਈ ਹੈ।

**ਧੁਨੀਆਂ**

ਧੁਨੀ ਸ਼ਬਦ ਦਾ ਪਿਛੋਕੜ 'ਧਵਨੀ' ਸ਼ਬਦ ਨਾਲ ਜੁੜਿਆ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ ਨਾਦ ਜਾਂ ਆਵਾਜ਼। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਰਤੋਂ ਵਿਸ਼ੇਸ਼ ਸੰਕੇਤ ਲਈ ਕੀਤੀ ਗਈ ਹੈ ਜਿਸ ਤੋਂ ਭਾਵ ਹੈ ਗਾਉਣ ਦੀ ਧਾਰਨਾ ਜਾਂ ਵਿਧੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਜਿੱਥੇ ਬਾਣੀ ਨੂੰ ਰਾਗਾਂ ਵਿਚ ਸਮੋਇਆ ਹੈ, ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨੌਂ ਵਾਰਾਂ ਨੂੰ ਗਾਉਣ ਲਈ ਲੋਕ-ਕਾਵਿ ਦੇ ਗਾਉਣ ਦੀ ਪਰੰਪਰਾ

ਵਿਚ ਪੁਰਾਤਨ ਲੋਕ-ਵਾਰਾਂ ਦੀਆਂ ਧੁਨੀਆਂ ਵੱਲ ਸੰਕੇਤ ਵੀ ਕੀਤਾ ਹੈ। ਅਜਿਹੇ ਸੰਕੇਤ ਕੇਵਲ ਨੌਂ ਵਾਰਾਂ ਨਾਲ ਦਿੱਤੇ ਮਿਲਦੇ ਹਨ।

ਜੋ ਕਹਾਣੀਆਂ ਇਨ੍ਹਾਂ ਵਾਰਾਂ ਨਾਲ ਜੁੜੀਆਂ ਹੋਈਆਂ ਹਨ ਉਨ੍ਹਾਂ ਦਾ ਗੁਰਬਾਣੀ ਨਾਲ ਕੋਈ ਸੰਬੰਧ ਨਹੀਂ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਧੁਨੀਆਂ ਨੂੰ ਉਸ ਸਮੇਂ ਲੋਕਾਂ ਵਿਚ ਪ੍ਰਚਲਿਤ ਹੋਣ ਕਾਰਨ ਅਤੇ ਲੋਕਾਂ ਦੀਆਂ ਮਨਭਾਉਂਦੀਆਂ ਹੋਣ ਕਰਕੇ ਲੋਕਾਂ ਦੇ ਮਨਾਂ 'ਤੇ ਸਿੱਧਾ ਅਸਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਇਨ੍ਹਾਂ ਵਾਰਾਂ ਨੂੰ ਇਨ੍ਹਾਂ ਧੁਨੀਆਂ 'ਤੇ ਗਾਉਣ ਦਾ ਆਦੇਸ਼ ਦਿੱਤਾ ਹੈ।

ਇਨ੍ਹਾਂ ਨੌਂ ਵਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ:

੧. ਵਾਰ ਮਾਝ ਕੀ ਤਥਾ ਸਲੋਕ ਮਹਲਾ ੧ – ਮਲਕ ਮੁਰੀਦ ਤਥਾ ਚੰਦ੍ਰਹੜਾ ਕੀ ਧੁਨੀ ਗਾਵਣੀ
੨. ਗਉੜੀ ਕੀ ਵਾਰ ਮਹਲਾ ੫ – ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ
੩. ਆਸਾ ਮਹਲਾ ੧ – ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ-ਟੁੰਡੇ ਅਸ ਰਾਜੈ ਕੀ ਧੁਨੀ
੪. ਗੂਜਰੀ ਕੀ ਵਾਰ ਮਹਲਾ ੩ – ਸਿਕੰਦਰ ਬਿਰਾਹਿਮ ਕੀ ਧੁਨਿ ਗਾਉਣੀ
੫. ਵਡਹੰਸ ਕੀ ਵਾਰ ਮਹਲਾ ੪ – ਲਲਾਂ ਬਹਲੀਮਾ ਕੀ ਧੁਨਿ ਗਾਵਣੀ
੬. ਰਾਮਕਲੀ ਕੀ ਵਾਰ ਮਹਲਾ ੩ – ਜੋਧੈ ਵੀਰੈ ਪੂਰਬਾਣੀ ਕੀ ਧੁਨੀ
੭. ਸਾਰੰਗ ਕੀ ਵਾਰ ਮਹਲਾ ੪ – ਰਾਇ ਮਹਮੇ ਹਸਨੇ ਕੀ ਧੁਨਿ
੮. ਵਾਰ ਮਲਾਰ ਕੀ ਮਹਲਾ ੧ – ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ
੯. ਕਾਨੜੇ ਕੀ ਵਾਰ ਮਹਲਾ ੪ – ਮੂਸੇ ਕੀ ਵਾਰ ਕੀ ਧੁਨੀ

## ੧. ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਮਾਝ ਕੀ ਵਾਰ ਮਹਲਾ ੧' ਨੂੰ ਇਸ ਧੁਨ ਉੱਪਰ ਗਾਉਣ ਦਾ ਆਦੇਸ਼ ਕੀਤਾ ਹੈ। 'ਮੁਰੀਦ' ਤੇ 'ਚੰਦ੍ਰਹੜਾ' ਅਕਬਰ ਦੇ ਦੋ ਰਾਜਪੂਤ ਫੌਜੀ ਸਨ। ਮੁਰੀਦ ਨੂੰ ਮਲਕ ਦਾ ਖ਼ਿਤਾਬ ਮਿਲਿਆ ਹੋਇਆ ਸੀ ਜਿਸ ਕਰਕੇ ਉਸ ਨੂੰ ਮਲਕ ਮੁਰੀਦ ਕਿਹਾ ਜਾਂਦਾ ਸੀ। ਚੰਦ੍ਰਹੜਾ ਦੀ ਜੱਦ ਦਾ ਨਾਂ ਸੋਹੀਆ ਸੀ, ਇਸ ਲਈ ਚੰਦ੍ਰਹੜਾ ਸੋਹੀਆ ਦੇ ਨਾਂ ਨਾਲ ਪ੍ਰਸਿੱਧ ਸੀ। ਉੱਪਰੋਂ ਤਾਂ ਇਹ ਦੋਸਤ ਸਨ, ਪਰ ਵਿੱਚੋਂ ਇਕ ਦੂਜੇ ਨਾਲ ਦੁਸ਼ਮਣੀ ਰੱਖਦੇ ਸਨ।

ਇਕ ਵਾਰ ਸਰਹੱਦ ਵਿਚ ਬਗ਼ਾਵਤ ਹੋ ਗਈ। ਅਕਬਰ ਨੇ ਬਾਗ਼ੀਆਂ ਨੂੰ ਸੋਧਣ ਅਤੇ ਉਨ੍ਹਾਂ ਤੋਂ ਜੁਰਮਾਨਾ ਤੇ ਕਰ ਵਸੂਲ ਕਰਨ ਲਈ ਮਲਕ ਮੁਰੀਦ ਨੂੰ ਭੇਜਿਆ। ਮਲਕ ਮੁਰੀਦ ਬੜਾ ਬਹਾਦਰ ਸੂਰਮਾ ਸੀ। ਉਸ ਦਾ ਨਾਂ ਸੁਣਦਿਆਂ ਹੀ ਬਾਗ਼ੀਆਂ ਨੇ ਹਥਿਆਰ ਸੁੱਟ ਦਿੱਤੇ ਤੇ ਜੁਰਮਾਨਾ ਭਰ ਦਿੱਤਾ, ਪਰ ਕਰ ਵਾਸਤੇ ਕੁਝ ਸਮਾਂ ਮੰਗਿਆ। ਜੁਰਮਾਨੇ

ਦਾ ਰੁਪਿਆ ਅਕਬਰ ਨੂੰ ਦਿੱਲੀ ਭੇਜ ਦਿੱਤਾ। ਬਾਗ਼ੀਆਂ ਨੂੰ ਸੋਧਣ ਲਈ ਅਤੇ ਕਰ ਇਕੱਠਾ ਕਰਨ ਲਈ ਕੁਝ ਸਮੇਂ ਵਾਸਤੇ ਉੱਥੇ ਹੀ ਠਹਿਰ ਗਿਆ।

ਕੁਝ ਸਮਾਂ ਲੰਘ ਗਿਆ। ਮਲਕ ਮੁਰੀਦ ਆਪਣੀ ਡਿਊਟੀ ਵਿਚ ਐਨਾ ਰੁੱਝ ਗਿਆ ਕਿ ਵੇਲੇ ਸਿਰ ਮਾਮਲਾ (ਕਰ) ਵਸੂਲ ਕਰ ਕੇ ਦਿੱਲੀ ਨਾ ਭੇਜ ਸਕਿਆ। ਚੰਦ੍ਰਹੜਾ ਸੋਹੀਆ ਨੇ ਮੌਕਾ ਤਾੜ ਕੇ ਅਕਬਰ ਦੇ ਦਰਬਾਰ ਵਿਚ ਝੂਠੀ ਖ਼ਬਰ ਉਡਾ ਦਿੱਤੀ ਕਿ ਮਲਕ ਮੁਰੀਦ ਬਾਗ਼ੀਆਂ ਨਾਲ ਰਲ ਗਿਆ ਹੈ। ਅਕਬਰ ਨੇ ਇਕ ਭਾਰੀ ਫ਼ੌਜ ਦੇ ਕੇ ਚੰਦ੍ਰਹੜਾ ਸੋਹੀਆ ਨੂੰ ਮਲਕ ਮੁਰੀਦ ਨੂੰ ਸੋਧਣ ਲਈ ਭੇਜ ਦਿੱਤਾ।

ਚੰਦ੍ਰਹੜਾ ਦੀ ਚਾਲ ਦਾ ਮਲਕ ਮੁਰੀਦ ਨੂੰ ਆਪਣੇ ਸੂਹੀਆਂ ਪਾਸੋਂ ਪਤਾ ਲੱਗ ਗਿਆ ਸੀ। ਦੋਹਾਂ ਧਿਰਾਂ ਵਿੱਚ ਲਹੂ-ਵੀਟਵੀਂ ਲੜਾਈ ਹੋਈ। ਅਨੇਕਾਂ ਸਿਪਾਹੀ ਮਾਰੇ ਗਏ। ਮਾਲੀ ਅਤੇ ਜਾਨੀ ਨੁਕਸਾਨ ਕਾਫ਼ੀ ਹੋਣ ਕਰਕੇ ਚੰਦ੍ਰਹੜਾ ਨੇ ਮੁਰੀਦ ਨੂੰ ਚਿੱਠੀ ਲਿਖੀ ਕਿ ਇਸ ਤਰ੍ਹਾਂ ਸਿਪਾਹੀਆਂ ਨੂੰ ਮਰਵਾਉਣ ਦਾ ਕੋਈ ਲਾਭ ਨਹੀਂ, ਦੁਸ਼ਮਣੀ ਆਪਣੀ ਹੈ ਇਸ ਲਈ ਆਪਾਂ ਦੋ-ਦੋ ਹੱਥ ਕਰ ਲਈਏ।

ਅਗਲੇ ਦਿਨ ਮਲਕ ਮੁਰੀਦ ਤੇ ਚੰਦ੍ਰਹੜਾ ਸੋਹੀਆ ਇਕੱਲੇ ਮੈਦਾਨ ਵਿਚ ਆ ਨਿੱਤਰੇ। ਸ਼ਸਤਰ ਵਿੱਦਿਆ ਵਿਚ ਨਿਪੁੰਨ ਹੋਣ ਕਰਕੇ ਦੋਵਾਂ ਨੇ ਚੰਗੇ ਕਰਤਬ ਵਿਖਾਏ। ਕਾਫ਼ੀ ਦੇਰ ਤਕ ਲੜਦੇ ਰਹੇ ਅਤੇ ਅੰਤ ਵਿਚ ਇਤਨੇ ਜ਼ਖ਼ਮੀ ਹੋ ਗਏ ਕਿ ਦੋਹਾਂ ਨੇ ਪ੍ਰਾਣ ਤਿਆਗ ਦਿੱਤੇ। ਜਿੱਤ ਹਾਰ ਕਿਸੇ ਦੀ ਵੀ ਨਹੀਂ ਹੋਈ। ਢਾਡੀਆਂ ਨੇ ਇਨ੍ਹਾਂ ਦੀ ਸੂਰਮਗਤੀ ਦੀ ਉਸਤਤੀ ਵਿਚ ਵਾਰ ਰਚੀ, ਜਿਸ ਦੀ ਇਕ ਪ੍ਰਸਿੱਧ ਪਉੜੀ ਇਸ ਤਰ੍ਹਾਂ ਹੈ:

*ਕਾਬੁਲ ਵਿਚ ਮੁਰੀਦ ਖਾਂ ਫੜਿਆ ਬਡ ਜੋਰ। ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡ ਤੌਰ।*
*ਦੋਹਾਂ ਕੰਧਾਰਾਂ ਮੂੰਹ ਜੁੜੇ ਦੰਮਾਮੇ ਦੌਰ। ਸ਼ਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ।*
*ਹੋਲੀ ਖੇਲੇਂ ਚੰਦ੍ਰਹੜਾ ਰੰਗ ਲਗੇ ਸੌਰ। ਦੋਵੇਂ ਤਰਫਾਂ ਜੁੱਟੀਆਂ ਸਰ ਵਗਨ ਕੌਰ।*
*ਮੈਂ ਭੀ ਰਾਇ ਸਦਾਇਸਾਂ ਵੜਿਆ ਲਾਹੌਰ। ਦੋਨੋਂ ਸੂਰੇ ਸਾਹਮਣੇ ਜੂਝੇ ਉਸ ਠੌਰ।*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੇਖਿਆ ਕਿ ਇਹ ਅੱਠ-ਤੁਕੀ ਪਉੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਰ ਮਾਝ ਦਾ ਹੀ ਵਜ਼ਨ ਹੈ, ਜੋ ਦੇਸ ਵਿਚ ਮਲਕ ਮੁਰੀਦ ਵਾਲੀ ਵਾਰ ਦਾ ਹੈ, ਪਰ ਮਲਕ ਮੁਰੀਦ ਵਾਰ ਨਾਲ ਬਾਣੀ ਦਾ ਕੋਈ ਸੰਬੰਧ ਨਹੀਂ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਧੁਨੀ ਲਿਖ ਕੇ ਹੁਕਮ ਦਿੱਤਾ ਕਿ ਵਾਰ ਮਾਝ ਨੂੰ ਇਸ ਧਾਰਨਾ 'ਤੇ ਗਾਵਣਾ ਹੈ:

*ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥* *(ਪੰਨਾ ੧੩੮)*

## ੨. ਰਾਇ ਕਮਾਲਦੀ ਮੌਜਦੀ ਦੀ ਵਾਰ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਉਚਾਰੀ ਬਾਣੀ 'ਗਉੜੀ ਕੀ ਵਾਰ ਮਹਲਾ ੫' ਨੂੰ ਇਸ ਧੁਨ 'ਤੇ ਗਾਉਣ ਦਾ ਆਦੇਸ਼ ਕੀਤਾ ਹੈ। ਰਾਇ ਸਾਰੰਗ ਤੇ ਰਾਇ

ਕਮਾਲਦੀ (ਕਮਾਲਦੀਨ) ਦੋ ਸਕੇ ਭਰਾ ਸਨ, ਜੋ ਬਾਰਾ ਦੇਸ ਦੇ ਸਰਦਾਰ ਸਨ। ਰਾਇ ਕਮਾਲਦੀ ਜੋ ਛੋਟਾ ਸੀ, ਵੱਡੇ ਭਰਾ ਦੀ ਜਗੀਰ-ਜਾਇਦਾਦ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਉਸ ਨੇ ਰਾਇ ਸਾਰੰਗ ਵਿਰੁੱਧ ਬਗ਼ਾਵਤ ਦੀ ਝੂਠੀ ਖ਼ਬਰ ਉਡਾ ਦਿੱਤੀ। ਉਸ ਦੇਸ ਦੇ ਰਾਜੇ ਨੇ ਬਿਨਾਂ ਸੋਚੇ-ਸਮਝੇ ਤੇ ਬਿਨਾਂ ਕੋਈ ਪੜਤਾਲ ਕੀਤਿਆਂ ਰਾਇ ਸਾਰੰਗ ਨੂੰ ਬੰਦੀ ਬਣਾ ਲਿਆ। ਇਸ 'ਤੇ ਰਾਇ ਕਮਾਲਦੀ ਨੇ ਸਾਰੰਗ ਦੀ ਸਾਰੀ ਜਾਇਦਾਦ ਉੱਤੇ ਕਬਜ਼ਾ ਕਰ ਲਿਆ।

ਕੁਝ ਚਿਰ ਬਾਅਦ ਰਾਜੇ ਨੂੰ ਅਸਲੀਅਤ ਦਾ ਪਤਾ ਲੱਗਾ। ਉਸ ਨੇ ਸਾਰੰਗ ਨੂੰ ਨਿਰਦੋਸ਼ ਠਹਿਰਾਉਂਦਿਆਂ ਬੜੇ ਆਦਰ-ਭਾਉ ਨਾਲ ਰਿਹਾਅ ਕਰ ਦਿੱਤਾ। ਇਧਰ ਰਾਇ ਕਮਾਲਦੀ ਵੱਡੇ ਭਰਾ ਦੀ ਜਾਇਦਾਦ ਵਾਪਿਸ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਭਰਾ ਦੀ ਰਿਹਾਈ ਦਾ ਬਹਾਨਾ ਬਣਾ ਕੇ ਇਕ ਵੱਡਾ ਜਸ਼ਨ ਮਨਾਉਣ ਦੀ ਸਕੀਮ ਬਣਾਈ। ਪਰ ਇਸ ਜਸ਼ਨ ਵਿਚ ਆਪਣੇ ਭਰਾ ਸਾਰੰਗ ਨੂੰ ਧੋਖੇ ਨਾਲ ਸ਼ਰਾਬ ਵਿਚ ਜ਼ਹਿਰ ਮਿਲਾ ਕੇ ਮਰਵਾ ਦਿੱਤਾ।

ਸਾਰੰਗ ਦੀ ਪਤਨੀ ਆਪਣੇ ਪੁੱਤਰ ਮੌਜਦੀ (ਮੁਅੱਜਦੀਨ) ਨੂੰ ਲੈ ਕੇ ਆਪਣੇ ਪੇਕੇ ਘਰ ਚਲੀ ਗਈ। ਮੌਜਦੀ ਨੂੰ ਸ਼ਸਤਰ ਵਿੱਦਿਆ ਵਿਚ ਪ੍ਰਬੀਨ ਕੀਤਾ ਗਿਆ। ਜਦ ਮੌਜਦੀ ਜਵਾਨ ਹੋਇਆ ਉਸ ਨੇ ਨਾਨਕਿਆਂ ਦੀ ਭਾਰੀ ਫੌਜ ਲੈ ਕੇ ਆਪਣੇ ਚਾਚੇ ਨੂੰ ਜੰਗ ਲਈ ਲਲਕਾਰਿਆ। ਚਾਚੇ ਭਤੀਜੇ ਵਿਚਕਾਰ ਘਮਸਾਨ ਦਾ ਜੁੱਧ ਹੋਇਆ। ਮੌਜਦੀ ਅਜਿਹੀ ਬਹਾਦਰੀ ਨਾਲ ਲੜਿਆ ਕਿ ਰਾਇ ਕਮਾਲਦੀ ਨੂੰ ਸੰਸਾਰ ਤਿਆਗਣਾ ਪਿਆ।

ਢਾਡੀਆਂ ਨੇ ਇਸ ਜੁੱਧ ਬਾਰੇ ਇਕ ਵਾਰ ਲਿਖੀ, ਜਿਸ ਦੀ ਇਕ ਪਉੜੀ ਇਸ ਤਰ੍ਹਾਂ ਹੈ:

*ਰਾਣਾ ਰਾਇ ਕਮਾਲਦੀ ਰਣ ਭਾਰਾ ਬਾਹੀ।*
*ਮੌਜਦੀ ਤਲਵੰਡੀਓਂ ਚੜ੍ਹਿਆ ਸਾਬਾਹੀ।*
*ਢਾਲੀ ਅੰਬਰ ਛਾਇਆ ਫੂਲੇ ਅੱਕ ਕਾਹੀ।*
*ਜੁੱਟੇ ਆਹਮੋ ਸਾਹਮਣੇ ਨੇਜ਼ੇ ਝੁਲਕਾਹੀ।*
*ਮੌਜੇ ਘਰ ਵਧਾਈਆਂ ਘਰ ਚਾਚੇ ਧਾਹੀ।*

ਇਸ ਵਾਰ ਦੀ ਧੁਨੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰੀ ਬਾਣੀ 'ਗਉੜੀ ਕੀ ਵਾਰ' ਨੂੰ ਗਾਉਣ ਦੀ ਹਦਾਇਤ ਕੀਤੀ ਹੈ:

*ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ॥* *(ਪੰਨਾ ੩੧੮)*

## ੩. ਟੁੰਡੇ ਅਸਰਾਜੈ ਕੀ ਵਾਰ

ਲੋਕ-ਵਾਰ ਅਨੁਸਾਰ ਰਾਜਾ ਸਾਰੰਗ ਦੇ ਪੁੱਤਰ ਅਸਰਾਜੇ ਨੂੰ ਉਸ ਦੇ ਮਤਰੇਏ ਭਰਾਵਾਂ ਸਰਦੂਲ ਰਾਏ ਅਤੇ ਸੁਲਤਾਨ ਖਾਨ ਨੇ ਗਲੋਂ ਲਾਹੁਣ ਲਈ ਹੱਥ ਕੱਟ ਕੇ ਅੰਨ੍ਹੇ

ਖੂਹ ਵਿਚ ਸੁੱਟ ਦਿੱਤਾ ਅਤੇ ਅਫਵਾਹ ਉਡਾ ਦਿੱਤੀ ਕਿ ਉਸ ਨੂੰ ਸ਼ੇਰ ਖਾ ਗਿਆ। ਵਣਜਾਰਿਆਂ ਦਾ ਇਕ ਕਾਫ਼ਲਾ ਉਸ ਖੂਹ ਦੇ ਕੋਲੋਂ ਦੀ ਲੰਘ ਰਿਹਾ ਸੀ ਤਾਂ ਉਨ੍ਹਾਂ ਨੇ ਖੂਹ ਵਿੱਚੋਂ ਆਵਾਜ਼ ਸੁਣ ਕੇ ਅਸਰਾਜੇ ਨੂੰ ਬਾਹਰ ਕੱਢ ਲਿਆ ਅਤੇ ਆਪਣੇ ਨਾਲ ਲੈ ਗਏ। ਉਹ ਕਾਫ਼ਲਾ ਜਿਸ ਨਗਰ ਵਿਚ ਪਹੁੰਚਿਆ ਉਸ ਨਗਰ ਦਾ ਰਾਜਾ ਨਿਰਸੰਤਾਨ ਮਰ ਗਿਆ ਸੀ। ਸਵੇਰੇ ਸਭ ਤੋਂ ਪਹਿਲਾਂ ਨਗਰ ਵਿਚ ਪ੍ਰਵੇਸ਼ ਕਰਨ ਦੀ ਸ਼ਰਤ ਨੂੰ ਸੰਜੋਗ ਵਸ ਪੂਰਾ ਕਰਨ ਕਰਕੇ ਵਜ਼ੀਰਾਂ ਨੇ ਅਸਰਾਜੇ ਨੂੰ ਗੱਦੀ 'ਤੇ ਬਿਠਾ ਦਿੱਤਾ। ਅਸਰਾਜੇ ਨੇ ਪੂਰੀ ਤਰ੍ਹਾਂ ਸ਼ਕਤੀ ਇਕੱਠੀ ਕੀਤੀ ਅਤੇ ਆਪਣੇ ਭਰਾਵਾਂ ਉੱਪਰ ਬਦਲਾ ਲੈਣ ਲਈ ਹਮਲਾ ਕਰ ਕੇ ਆਪਣਾ ਪਿਤਾ-ਪੁਰਖੀ ਰਾਜ ਪ੍ਰਾਪਤ ਕਰ ਲਿਆ। ਇਸ ਤੋਂ ਪ੍ਰਭਾਵਿਤ ਹੋ ਕੇ ਢਾਡੀਆਂ ਨੇ ਉਸ ਦੀ ਵੀਰਤਾ ਦੀ ਕਹਾਣੀ ਨੂੰ ਵਾਰਾਂ ਰਾਹੀਂ ਰਚਿਆ। ਇਸ ਦੀ ਵੰਨਗੀ ਇਸ ਪ੍ਰਕਾਰ ਹੈ:

*ਭਬਕਿਆ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।*<br>
*ਸੁਲਤਾਨ ਖਾਨ ਬਡ ਸੂਰਮੇ ਵਿਚ ਰਣ ਦੇ ਗੱਜੇ।*<br>
*ਖਤ ਲਿਖੇ ਟੁੰਡੇ ਅਸਰਾਜ ਨੂੰ ਪਤਸ਼ਾਹੀ ਅੱਜੇ।*<br>
*ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।*<br>
*ਫਤੇ ਪਾਈ ਅਸਰਾਜ ਜੀ ਸਾਹੀ ਪਰ ਸੱਜੇ।*

ਆਸਾ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਵਾਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਸਮੇਂ ਇਹ ਆਦੇਸ਼ ਕੀਤਾ ਹੈ ਕਿ ਇਸ ਵਾਰ ਨੂੰ ਟੁੰਡੇ ਅਸਰਾਜੇ ਦੀ ਵਾਰ ਦੀ ਧੁਨੀ ਉੱਪਰ ਗਾਇਆ ਜਾਵੇ। 'ਆਸਾ ਕੀ ਵਾਰ' ਦੀ ਪਉੜੀ ਇਸ ਤਰ੍ਹਾਂ ਹੈ:

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥* *(ਪੰਨਾ ੪੬੩)*

## ੪. ਸਿਕੰਦਰ ਬਿਰਾਹਿਮ ਕੀ ਵਾਰ

ਸਿਕੰਦਰ ਤੇ ਬਿਰਾਹਿਮ (ਇਬਰਾਹੀਮ) ਦੋ ਰਾਜਪੂਤ ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜੇ ਸਨ। ਦੋਵੇਂ ਸ਼ਰੀਕੇ ਵਿੱਚੋਂ ਭਰਾ ਸਨ। ਬਿਰਾਹਿਮ ਐਸ਼ਪ੍ਰਸਤ ਅਤੇ ਕਾਮੀ ਸੁਭਾਅ ਦਾ ਸੀ ਜਿਸ ਕਾਰਨ ਉਸ ਦਾ ਜ਼ਿਆਦਾ ਸਮਾਂ ਰੰਗਰਲੀਆਂ ਵਿਚ ਹੀ ਗੁਜ਼ਰਦਾ ਸੀ। ਇਕ ਦਿਨ ਉਸ ਦੀ ਨਜ਼ਰ ਇਕ ਬ੍ਰਾਹਮਣ ਦੀ ਸੁੰਦਰ ਅਤੇ ਨਵ-ਵਿਆਹੀ ਇਸਤਰੀ 'ਤੇ ਪਈ ਜਿਸ 'ਤੇ ਉਹ ਮੋਹਿਤ ਹੋ ਗਿਆ। ਉਸ ਨੇ ਬ੍ਰਾਹਮਣ ਦੇ ਨਾਂ ਅਤੇ ਟਿਕਾਣੇ ਦਾ ਪਤਾ ਕੀਤਾ ਅਤੇ ਅਹਿਲਕਾਰਾਂ ਨੂੰ ਨਾਲ ਲੈ ਕੇ ਉਸ ਔਰਤ 'ਤੇ ਕਬਜ਼ਾ ਕਰ ਲਿਆ ਅਤੇ ਆਪਣੇ ਮਹਿਲਾਂ ਵਿਚ ਲੈ ਆਇਆ।

ਬ੍ਰਾਹਮਣ ਨੇ ਸਿਕੰਦਰ ਤੋਂ ਮਦਦ ਮੰਗੀ। ਸਿਕੰਦਰ ਨੇ ਬਿਰਾਹੀਮ ਨੂੰ ਬ੍ਰਾਹਮਣ ਦੀ ਇਸਤਰੀ ਵਾਪਿਸ ਕਰਨ ਲਈ ਕਿਹਾ ਪਰ ਉਸ ਨੇ ਕੋਈ ਪਰਵਾਹ ਨਾ ਕੀਤੀ। ਸਿਕੰਦਰ ਫੌਜ ਲੈ ਕੇ ਬਿਰਾਹੀਮ ਨੂੰ ਸੋਧਣ ਲਈ ਉਸ ਦੇ ਇਲਾਕੇ ਵਿਚ ਆ ਪਹੁੰਚਾ।

ਦੋਹਾਂ ਧਿਰਾਂ ਵਿਚ ਲੜਾਈ ਹੋਈ। ਸਿਕੰਦਰ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਿਆਂ ਬਿਰਾਹੀਮ ਨੂੰ ਥੋੜ੍ਹੀ ਦੇਰ ਵਿਚ ਹੀ ਬੰਦੀ ਬਣਾ ਲਿਆ ਅਤੇ ਬ੍ਰਾਹਮਣੀ ਨੂੰ ਬ੍ਰਾਹਮਣ ਦੇ ਪਾਸ ਪਹੁੰਚਾ ਦਿੱਤਾ। ਬਿਰਾਹੀਮ ਨੇ ਆਪਣੀ ਭੁੱਲ ਬਖਸ਼ਾਈ ਅਤੇ ਆਪਣੇ ਜੀਵਨ ਨੂੰ ਸੁਧਾਰਨ ਦਾ ਪ੍ਰਣ ਕੀਤਾ। ਸਿਕੰਦਰ ਨੇ ਉਸ ਨੂੰ ਉਸ ਦਾ ਰਾਜ-ਭਾਗ ਵਾਪਿਸ ਕਰ ਦਿੱਤਾ। ਕਿਸੇ ਢਾਡੀ ਨੇ ਇਨ੍ਹਾਂ ਦੀ ਲੜਾਈ ਸੰਬੰਧੀ ਵਾਰ ਲਿਖੀ ਜੋ ਬਹੁਤ ਮਕਬੂਲ ਹੋਈ, ਜਿਸ ਦੀਆਂ ਪਉੜੀਆਂ ਇਸ ਪ੍ਰਕਾਰ ਹਨ:

*ਸਿਕੰਦਰ ਕਹੇ ਬਿਰਾਹਿਮ ਨੂੰ ਇਕ ਗੱਲ ਹੈ ਭਾਈ।*
*ਤੇਰੀ ਸਾਡੀ ਰਣ ਵਿਚ, ਅੱਜ ਪਈ ਲੜਾਈ।*
*ਤੂੰ ਨਾਹੀਂ ਕਿ ਮੈਂ ਨਾਹੀਂ ਇਹ ਹੁੰਦੀ ਆਈ।*
*ਰਾਜਪੂਤੀ ਜਾਤੀ ਨੱਸਿਆ, ਰਣ ਲਾਜ ਮਰਾਹੀ।*
*ਲੜੀਏ ਆਹਮੋ ਸਾਹਮਣੇ, ਜੋ ਕਰੇ ਸੋ ਸਾਈਂ।*

ਇਸ ਪੰਜ-ਤੁਕੀ ਪਉੜੀ ਦੀ ਧੁਨੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਰਚੀ 'ਗੂਜਰੀ ਕੀ ਵਾਰ' ਨੂੰ ਗਾਉਣ ਦੀ ਹਦਾਇਤ ਕੀਤੀ ਹੈ ਜਿਸ ਦੀ ਪਉੜੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

*ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ॥* *(ਪੰਨਾ ੫੦੯)*

### ੫. ਲਲਾਂ ਬਹਲੀਮਾ ਕੀ ਵਾਰ

ਲੋਕ-ਰਵਾਇਤ ਅਨੁਸਾਰ ਲਲਾ ਅਤੇ ਬਹਲੀਮ ਨਾਂ ਦੇ ਦੋ ਜਾਗੀਰਦਾਰ ਕਾਂਗੜੇ ਦੇ ਇਲਾਕੇ ਵਿਚ ਰਹਿੰਦੇ ਸਨ। ਦੋਹਾਂ ਦਾ ਆਪਸ ਵਿਚ ਬਹੁਤ ਪਿਆਰ ਸੀ। ਲਲਾ ਖੁਸ਼ਕ ਖੇਤਰ ਦਾ ਮਾਲਕ ਸੀ ਅਤੇ ਉਸ ਦੀਆਂ ਫ਼ਸਲਾਂ ਬਰਸਾਤ ਉੱਪਰ ਨਿਰਭਰ ਸਨ। ਬਹਲੀਮ ਦੇ ਇਲਾਕੇ ਵਿਚ ਸਾਰਾ ਸਾਲ ਵਗਣ ਵਾਲੀ ਕੂਲ੍ਹ ਦੇ ਹੋਣ ਕਾਰਨ ਧਰਤੀ ਬਹੁਤ ਉਪਜਾਊ ਸੀ। ਇਕ ਸਾਲ ਮੀਂਹ ਨਾ ਪੈਣ ਕਰਕੇ ਲਲਾ ਦੇ ਇਲਾਕੇ ਵਿਚ ਅੰਨ ਪੈਦਾ ਹੋਣ ਦੀ ਕੋਈ ਸੰਭਾਵਨਾ ਨਾ ਰਹੀ। ਉਸ ਨੇ ਸੋਕੇ ਤੋਂ ਬਚਣ ਲਈ ਆਪਣੇ ਮਿੱਤਰ ਬਹਲੀਮ ਤੋਂ ਸਹਾਇਤਾ ਲਈ ਬੇਨਤੀ ਕੀਤੀ ਅਤੇ ਇਸ ਸ਼ਰਤ ਉੱਪਰ ਕੂਲ੍ਹ ਤੋਂ ਪਾਣੀ ਲਿਆ ਕਿ ਜਦੋਂ ਖੇਤੀ ਤਿਆਰ ਹੋ ਜਾਵੇਗੀ ਤਾਂ ਉਸ ਦਾ ਛੇਵਾਂ ਹਿੱਸਾ ਉਹ ਬਹਲੀਮ ਨੂੰ ਦੇਵੇਗਾ। ਪਰ ਜਦੋਂ ਫ਼ਸਲ ਪੱਕ ਗਈ ਤਾਂ ਉਹ ਆਪਣੇ ਵਾਅਦੇ ਤੋਂ ਮੁੱਕਰ ਗਿਆ। ਇਸ ਕਾਰਨ ਦੋਹਾਂ ਵਿਚ ਲੜਾਈ ਹੋਈ ਜਿਸ ਵਿਚ ਲਲਾ ਮਾਰਿਆ ਗਿਆ ਅਤੇ ਬਹਲੀਮ ਨੇ ਆਪਣੀ ਸ਼ਰਤ ਪੂਰੀ ਕਰ ਲਈ। ਇਸ ਸਾਕੇ ਨੂੰ ਕਿਸੇ ਢਾਡੀ ਨੇ ਵਾਰ ਵਿਚ ਬੰਨ੍ਹਿਆ ਹੈ। ਇਹ ਵਾਰ ਵਾਅਦਾ-ਖ਼ਿਲਾਫ਼ੀ ਕਰਨ ਵਾਲੇ ਨੂੰ ਸਜ਼ਾ ਦਿਵਾਉਣ ਸੰਬੰਧੀ ਹੋਣ ਕਾਰਨ ਬਹੁਤ ਪ੍ਰਸਿੱਧ ਹੋਈ। ਇਸ ਦੀ ਵੰਨਗੀ ਇਸ ਪ੍ਰਕਾਰ ਹੈ:

*ਕਾਲ ਲਲਾ ਦੇ ਦੇਸ ਦਾ, ਖੋਇਆ ਬਹਿਲੀਮਾ।*

*ਹਿੱਸਾ ਛਠਾ ਮਨਾਇਕੈ, ਜਲ ਨਹਿਰੋਂ ਦੀਮਾ।*
*ਫਿਰਾਹੂਨ ਹੋਏ ਲਲਾ ਨੇ, ਰਣ ਮੰਡਿਆ ਧੀਮਾ।*
*ਭੇੜ ਦੂਹੁੰ ਦਿਸ ਮੱਚਿਆ, ਸੱਟ ਪਈ ਅਜੀਮਾ।*
*ਸਿਰ ਧੜ ਡਿੱਗੇ ਖੇਤ ਵਿਚ, ਜਿਉਂ ਵਾਹਣ ਢੀਮਾਂ।*
*ਮਾਰ ਲਲਾ ਬਹਲੀਮ ਨੇ, ਰਣ ਮੈ ਧਰ ਸੀਮਾ।*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚੀ 'ਵਡਹੰਸ ਕੀ ਵਾਰ' ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਧੁਨ ਉੱਪਰ ਗਾਉਣ ਦਾ ਆਦੇਸ਼ ਕੀਤਾ ਹੈ। ਜਿਸ ਦੀ ਸ਼ੁਰੂਆਤ ਇਸ ਤਰ੍ਹਾਂ ਹੈ:

*ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ॥* *(ਪੰਨਾ ੫੮੫)*

## ੬. ਜੋਧੈ ਵੀਰੈ ਪੂਰਬਾਣੀ ਕੀ ਵਾਰ

ਲੋਕ-ਰਵਾਇਤ ਅਨੁਸਾਰ ਪੂਰਬਾਣ ਨਾਂ ਦਾ ਇਕ ਰਾਜਪੂਤ ਰਾਜਾ ਸੀ ਜਿਸ ਦੇ ਦੋ ਬਹਾਦਰ ਪੁੱਤਰ ਸਨ ਜਿਨ੍ਹਾਂ 'ਚੋਂ ਇਕ ਦਾ ਨਾਂ ਜੋਧਾ ਅਤੇ ਦੂਜੇ ਦਾ ਨਾਂ ਵੀਰਾ ਸੀ। ਇਹ ਜੰਗਲ ਵਿਚ ਲੁਕ-ਛਿਪ ਕੇ ਡਾਕੇ ਮਾਰਦੇ ਹੁੰਦੇ ਸਨ। ਬਾਦਸ਼ਾਹ ਅਕਬਰ ਨੇ ਇਨ੍ਹਾਂ ਦੀ ਬਹਾਦਰੀ ਦੇ ਕਈ ਕਿੱਸੇ ਸੁਣ ਰੱਖੇ ਸਨ। ਇਕ ਦਿਨ ਬਾਦਸ਼ਾਹ ਨੇ ਇਨ੍ਹਾਂ ਨੂੰ ਆਪਣੀ ਫੌਜ ਵਿਚ ਨੌਕਰੀ ਕਰਨ ਲਈ ਸੁਝਾਅ ਦਿੱਤਾ। ਪਰ ਇਨ੍ਹਾਂ ਅਣਖੀ ਯੋਧਿਆਂ ਨੇ ਇਸ ਸੁਝਾਅ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਕਿ ਉਹ ਬਾਦਸ਼ਾਹ ਦੀ ਨੌਕਰੀ ਕਰਨ ਵਾਲੇ ਰਾਜਪੂਤਾਂ ਤੋਂ ਵਖਰੀ ਕਿਸਮ ਦੇ ਹਨ। ਇਹ ਗੱਲ ਅਕਬਰ ਨੂੰ ਚੰਗੀ ਨਾ ਲੱਗੀ ਅਤੇ ਉਸ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਉੱਪਰ ਫੌਜ ਨੂੰ ਚੜ੍ਹਾਈ ਕਰਨ ਦਾ ਹੁਕਮ ਕਰ ਦਿੱਤਾ। ਦੋਨੋਂ ਭਰਾ ਅਦੁੱਤੀ ਵੀਰਤਾ ਦਾ ਪ੍ਰਗਟਾਵਾ ਕਰਦੇ ਹੋਏ ਵੀਰ-ਗਤੀ ਨੂੰ ਪ੍ਰਾਪਤ ਹੋ ਗਏ। ਉਨ੍ਹਾਂ ਦੇ ਇਸ ਸਾਕੇ ਨੂੰ ਕਿਸੇ ਢਾਡੀ ਨੇ ਬੜੀ ਰੁਚੀ ਨਾਲ ਵਾਰ ਰਚਨਾ ਰਾਹੀਂ ਗਾਇਆ ਜੋ ਕਿ ਲੋਕਾਂ ਵਿਚ ਬਹੁਤ ਹਰਮਨਪਿਆਰੀ ਹੋ ਗਈ। ਇਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ:

*ਜੋਧ ਵੀਰ ਪੂਰਬਾਣੀਏ, ਦੋ ਗੱਲਾਂ ਕਰੀ ਕਰਾਰੀਆਂ।*
*ਫੌਜ ਚੜ੍ਹਾਈ ਬਾਦਸ਼ਾਹ, ਅਕਬਰ ਰਣ ਭਾਰੀਆਂ।*
*ਸਨਮੁੱਖ ਹੋਏ ਰਾਜਪੂਤ, ਸ਼ੁਤਰੀ ਰਣਕਾਰੀਆਂ।*
*ਧੂਹ ਮਿਆਨੋਂ ਕੱਢੀਆਂ, ਬਿਜੁੱਲ ਚਮਕਾਰੀਆਂ।...*
*ਏਹੀ ਕੀਤੀ ਜੋਧ ਵੀਰ, ਪਤਸ਼ਾਹੀ ਗੱਲਾਂ ਸਾਰੀਆਂ।*

ਇਸ ਵਾਰ ਦੀ ਧੁਨੀ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਰਾਮਕਲੀ ਕੀ ਵਾਰ ਮਹਲਾ ੩' ਨੂੰ ਗਾਉਣ ਦਾ ਆਦੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ। ਇਸ ਵਾਰ 'ਚੋਂ ਇਕ ਪਾਵਨ ਪੰਕਤੀ ਇਸ ਤਰ੍ਹਾਂ ਹੈ:

*ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥* *(ਪੰਨਾ ੯੪੭)*

## ੭. ਵਾਰ ਰਾਇ ਮਹਮੇ ਹਸਨੇ ਕੀ

ਲੋਕ-ਕਥਾ ਅਨੁਸਾਰ ਮਹਿਮਾ ਅਤੇ ਹਸਨਾ ਭੱਟੀ ਰਾਜਪੂਤ ਸਨ ਜੋ ਮਾਲਵੇ ਦੇ ਖੇਤਰ ਕਾਂਗੜ ਅਤੇ ਧੌਲੇ ਦੇ ਰਜਵਾੜੇ ਸਨ। ਹਸਨੇ ਨੇ ਧੋਖੇ ਨਾਲ ਮਹਿਮੇ ਨੂੰ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕਰ ਕੇ ਕੈਦ ਕਰਵਾ ਦਿੱਤਾ। ਮਹਿਮੇ ਨੇ ਆਪਣੀ ਬਹਾਦਰੀ ਨਾਲ ਬਾਦਸ਼ਾਹ ਨੂੰ ਖੁਸ਼ ਕਰ ਕੇ ਬਾਗ਼ੀ ਹੋਏ ਹਸਨੇ ਨੂੰ ਸੋਧਣ ਦੀ ਆਗਿਆ ਲਈ ਅਤੇ ਦੋਹਾਂ ਵਿਚਕਾਰ ਭਾਰੀ ਯੁੱਧ ਹੋਇਆ। ਇਸ ਯੁੱਧ ਵਿਚ ਹਸਨਾ ਹਾਰ ਗਿਆ।

ਇਸ ਘਟਨਾ ਬਾਰੇ ਇਕ ਹੋਰ ਵਾਰਤਾ ਵੀ ਪ੍ਰਚਲਿਤ ਹੈ ਕਿ ਹਸਨਾ ਅਕਬਰ ਬਾਦਸ਼ਾਹ ਪਾਸ ਨੌਕਰ ਸੀ। ਹਸਨੇ ਨੂੰ ਬਾਦਸ਼ਾਹ ਨੇ ਕਿਸੇ ਗਲਤੀ ਕਰਨ ਕਰਕੇ ਨੌਕਰੀ ਤੋਂ ਕੱਢ ਦਿੱਤਾ ਸੀ। ਉਹ ਮਹਿਮੇ ਦੀ ਸ਼ਰਨ ਵਿਚ ਚਲਾ ਗਿਆ ਅਤੇ ਅਖੀਰ ਵਿਚ ਉਸ ਨੂੰ ਧੋਖਾ ਦੇ ਮਾਮਲਾ ਨਾ ਤਾਰਨ ਦੇ ਦੋਸ਼ ਵਿਚ ਪਕੜਵਾ ਦਿੱਤਾ। ਬਾਅਦ ਵਿਚ ਬਾਦਸ਼ਾਹ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਉਸ ਨੇ ਮਹਿਮੇ ਨੂੰ ਫੌਜ ਦੇ ਕੇ ਹਸਨੇ ਨੂੰ ਸੋਧਣ ਲਈ ਭੇਜਿਆ। ਲੜਾਈ ਵਿਚ ਹਸਨਾ ਹਾਰ ਗਿਆ ਅਤੇ ਉਸ ਨੂੰ ਕੈਦ ਕਰ ਲਿਆ ਗਿਆ। ਪਰ ਮੁਆਫ਼ੀ ਮੰਗਣ 'ਤੇ ਮਹਿਮੇ ਨੇ ਉਸ ਨੂੰ ਛੱਡ ਦਿੱਤਾ। ਦੋਹਾਂ ਦੀ ਬਹਾਦਰੀ ਨੂੰ ਦੇਖਦੇ ਹੋਏ ਕਿਸੇ ਢਾਡੀ ਨੇ ਇਨ੍ਹਾਂ ਦੀ ਵਾਰ ਲਿਖ ਕੇ ਲੋਕਾਂ ਨੂੰ ਸੁਣਾਈ ਜੋ ਲੋਕਾਂ ਵਿਚ ਬਹੁਤ ਹਰਮਨਪਿਆਰੀ ਹੋਈ ਜਿਸ ਦੀ ਵੰਨਗੀ ਇਸ ਪ੍ਰਕਾਰ ਹੈ:

*ਮਹਿਮਾ ਹਸਨਾ ਰਾਜਪੂਤ, ਰਾਇ ਭਾਰੇ ਭੱਟੀ।*
*ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ।*
*ਭੇੜ ਦੁਹਾਂ ਦਾ ਮੱਚਿਆ, ਸਰ ਵਗੇ ਸਫੱਟੀ।*
*ਮਹਿਮੇ ਪਾਈ ਫਤੇ ਰਨ ਗਲ ਹਸਨੇ ਘੱਟੀ।*
*ਬੰਨ੍ਹ ਹਸਨੇ ਨੂੰ ਛੱਡਿਆ, ਜਸ ਮਹਿਮੇ ਖੱਟੀ।*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਉਚਾਰਨ ਕੀਤੀ ਸਾਰੰਗ ਰਾਗ ਵਿਚ ਲਿਖੀ ਵਾਰ ਨੂੰ ਇਸ ਵਾਰ ਦੀ ਧੁਨੀ ਉੱਪਰ ਗਾਉਣ ਦੀ ਹਦਾਇਤ ਕੀਤੀ ਹੈ। ਇਸ ਵਾਰ ਦੀ ਪਾਵਨ ਪੰਕਤੀ ਇਸ ਤਰ੍ਹਾਂ ਹੈ:

*ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ॥* *(ਪੰਨਾ ੧੨੩੭)*

## ੮. ਵਾਰ ਰਾਣੇ ਕੈਲਾਸ ਤਥਾ ਮਾਲਦੇ ਕੀ

ਲੋਕ-ਕਹਾਣੀ ਅਨੁਸਾਰ ਕੈਲਾਸ਼ ਦੇਵ ਅਤੇ ਮਾਲਦੇਵ ਦੋਵੇਂ ਰਾਜਪੂਤ ਭਰਾ ਸਨ ਅਤੇ ਦੋਵੇਂ ਜਹਾਂਗੀਰ ਬਾਦਸ਼ਾਹ ਦੇ ਸਮੇਂ ਕਾਂਗੜੇ ਦੇ ਇਲਾਕੇ ਵਿਚ ਆਪਣੀ ਰਿਆਸਤ ਦੇ ਮਾਲਿਕ ਸਨ। ਇਹ ਦੋਵੇਂ ਮੁਗਲ ਬਾਦਸ਼ਾਹ ਨੂੰ ਕਰ ਦਿੰਦੇ ਸਨ। ਬਾਦਸ਼ਾਹ ਇਨ੍ਹਾਂ ਪ੍ਰਤੀ ਅੰਦਰੋ-ਅੰਦਰ ਵੈਰ ਰੱਖਦਾ ਸੀ। ਇਕ ਦਿਨ ਬਾਦਸ਼ਾਹ ਨੇ ਆਪਣੀ ਕਿੜ ਕੱਢਣ ਲਈ ਦੋਹਾਂ ਭਰਾਵਾਂ ਵਿਚਕਾਰ ਵੈਰ ਦੀ ਭਾਵਨਾ ਪੈਦਾ ਕਰ ਦਿੱਤੀ। ਵੈਰ ਦਾ ਨਿਪਟਾਰਾ ਕਰਨ ਲਈ ਦੋਵਾਂ ਵਿਚ ਜੰਗ ਛਿੜ ਗਈ। ਇਸ

ਭਿਆਨਕ ਜੰਗ ਵਿਚ ਕੈਲਾਸ਼ ਦੇਵ ਹਾਰ ਗਿਆ। ਮਾਲਦੇਵ ਨੇ ਭਰਾ ਵੱਲੋਂ ਮੁਆਫ਼ੀ ਮੰਗਣ 'ਤੇ ਉਸ ਨੂੰ ਅੱਧਾ ਰਾਜ ਦੇ ਦਿੱਤਾ। ਉਸ ਸਾਕੇ ਨੂੰ ਲੈ ਕੇ ਕਿਸੇ ਢਾਡੀ ਵੱਲੋਂ ਜੋ ਵਾਰ ਰਚੀ ਗਈ ਉਹ ਲੋਕਾਂ ਵਿਚ ਬਹੁਤ ਹਰਮਨਪਿਆਰੀ ਹੋ ਕੇ ਪ੍ਰਸਿੱਧ ਹੋਈ। ਇਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ:

*ਧਰਤ ਘੋੜਾ ਪਰਬਤ ਪਲਾਣ, ਸਿਰ ਟੱਟਰ ਅੰਬਰ। ਨਉ ਸੈ ਨਦੀ ਨੜਿੰਨਵੇਂ, ਰਾਣਾ ਜਲ ਕੰਧਰ।*
*ਢੁੱਕਾ ਰਾਇ ਅਮੀਰ ਦੇ, ਕਰ ਮੇਘ ਅਡੰਬਰ। ਆਨਤ ਖੰਡਾ ਰਾਣਿਆ ਕੈਲਾਸੇ ਅੰਦਰ।*
*ਬਿੱਜੁਲ ਜਯੋਂ ਚਮਕਾਣੀਆਂ, ਤੇਗਾਂ ਵਿਚ ਅੰਬਰ। ਮਾਲਦੇਵ ਕੈਲਾਸ ਨੂੰ, ਬੰਨ੍ਹਿਆ ਕਰ ਸੰਘਰ।*
*ਫਿਰ ਅੱਧਾ ਧਨ ਮਾਲ ਦੇ, ਛੱਡਿਆ ਗੜ੍ਹ ਅੰਦਰ। ਮਾਲਦੇਉ ਜੱਸ ਖੱਟਿਆ, ਜਿਉਂ ਸ਼ਾਹ ਸਿਕੰਦਰ।*

ਸ੍ਰੀ ਗੁਰੂ ਨਾਨਕ ਦੇਵ ਜੀ ਮਲਾਰ ਰਾਗ ਵਿਚ ਰਚੀ ਵਾਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਵਾਰ ਦੀ ਧੁਨੀ 'ਤੇ ਗਾਉਣ ਦਾ ਆਦੇਸ਼ ਕੀਤਾ ਹੈ। ਇਸ ਵਾਰ ਦੀ ਇਕ ਪੰਕਤੀ ਇਸ ਪ੍ਰਕਾਰ ਹੈ:

*ਆਪੀਨੈ ਆਪੁ ਸਾਜਿ ਆਪੁ ਪਛਾਣਿਆ॥* *(ਪੰਨਾ ੧੨੭੯)*

## ੯. ਵਾਰ ਮੂਸੇ ਕੀ

ਪ੍ਰਚਲਿਤ ਰਵਾਇਤ ਅਨੁਸਾਰ ਮੂਸਾ ਬੜਾ ਸੂਰਬੀਰ ਅਤੇ ਅਣਖ ਵਾਲਾ ਜਾਗੀਰਦਾਰ ਸੀ। ਉਸ ਦੀ ਮੰਗੇਤਰ ਦਾ ਕਿਸੇ ਹੋਰ ਰਜਵਾੜੇ ਨਾਲ ਵਿਆਹ ਹੋ ਗਿਆ। ਮੂਸੇ ਤੋਂ ਇਹ ਸਭ ਕੁਝ ਸਹਿਆ ਨਾ ਗਿਆ। ਉਸ ਨੇ ਉਸ ਜਾਗੀਰਦਾਰ ਉੱਤੇ ਹਮਲਾ ਕਰ ਦਿੱਤਾ ਅਤੇ ਆਪਣੀ ਮੰਗੇਤਰ ਸਮੇਤ ਉਸ ਨੂੰ ਪਕੜ ਕੇ ਲੈ ਆਇਆ। ਜਦੋਂ ਮੰਗੇਤਰ ਨੂੰ ਉਸ ਨੇ ਸੰਬੋਧਨ ਕੀਤਾ ਕਿ ਤੇਰੇ ਮਨ ਦੀ ਇੱਛਾ ਕੀ ਹੈ? ਤੂੰ ਕਿਸ ਨਾਲ ਰਹਿਣਾ ਚਾਹੁੰਦੀ ਹੈਂ? ਤਾਂ ਉਸ ਨੇ ਉੱਤਰ ਦਿੱਤਾ ਕਿ ਜਿਸ ਨਾਲ ਮੇਰਾ ਵਿਆਹ ਹੋ ਚੁਕਿਆ ਹੈ ਮੈਂ ਉਸੇ ਦੀ ਪਤਨੀ ਵਜੋਂ ਰਹਾਂਗੀ। ਉਸ ਇਸਤਰੀ ਦੀ ਇੱਛਾ ਜਾਣ ਕੇ ਮੂਸਾ ਬੜਾ ਖੁਸ਼ ਹੋਇਆ ਅਤੇ ਦੋਹਾਂ ਨੂੰ ਬੜੇ ਮਾਣ-ਸਤਿਕਾਰ ਨਾਲ ਵਿਦਾ ਕੀਤਾ। ਮੂਸੇ ਦੀ ਉਦਾਰਤਾ ਅਤੇ ਬਹਾਦਰੀ 'ਤੇ ਕਿਸੇ ਢਾਡੀ ਨੇ ਦਿਲ ਨੂੰ ਕੀਲ ਲੈਣ ਵਾਲੀ ਵਾਰ ਲਿਖੀ ਜੋ ਬਹੁਤ ਹਰਮਨਪਿਆਰੀ ਹੋਈ। ਇਸ ਵਾਰ ਦੀ ਵੰਨਗੀ ਇਸ ਪ੍ਰਕਾਰ ਹੈ:

*ਤ੍ਰੈ ਸੈ ਸਠ ਮਰਾਤਬਾ, ਇਕਿ ਘੁਰਿਐ ਡੱਗੇ।*
*ਚੜ੍ਹਿਆ ਮੂਸਾ ਪਾਤਸਾਹ, ਸਭ ਸੁਣਿਆ ਜੱਗੇ। ਦੰਦ ਚਿੱਟੇ ਬਡ ਹਾਥੀਆਂ ਕਹੁ ਕਿਤ ਵਰੱਗੇ?*
*ਰੁੱਤ ਪਛਾਤੀ ਬਗੁਲਿਆਂ, ਘਟ ਕਾਲੀ ਬੱਗੇ। ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ।*

ਇਸ ਵਾਰ ਦੀ ਧੁਨੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ 'ਕਾਨੜੇ ਕੀ ਵਾਰ' ਨੂੰ ਗਾਉਣ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀਤਾ ਹੈ। ਇਸ ਵਾਰ ਦੀ ਇਕ ਪੰਕਤੀ ਇਸ ਪ੍ਰਕਾਰ ਹੈ:

*ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ॥* *(ਪੰਨਾ ੧੩੧੩)*

■

# ਜਿਨ੍ਹਾਂ ਸਿੰਘਾਂ ਨੇ ਪੁੱਠੀਆਂ ਖੱਲਾਂ ਲੁਹਾਈਆਂ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਇਤਿਹਾਸ ਦੁਨੀਆਂ ਦੀਆਂ ਸਾਰੀਆਂ ਕੌਮਾਂ, ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਦੇ ਇਤਿਹਾਸ ਨਾਲੋਂ ਨਿਵੇਕਲਾ, ਵਿਲੱਖਣ, ਅਸਚਰਜਮਈ, ਲਾ-ਮਿਸਾਲ ਅਤੇ ਹੈਰਤਅੰਗੇਜ਼ ਹੈ। ਗੁਰੂ ਸਾਹਿਬਾਨ, ਗੁਰਸਿੱਖ ਯੋਧਿਆਂ, ਅਣਖੀ ਸੂਰਬੀਰਾਂ, ਮਹਾਨ ਵਿਰਾਂਗਣਾਂ, ਕੁਰਬਾਨੀ ਦੇ ਮੁਜੱਸਮਿਆਂ, ਮਹਾਨ ਅਤੇ ਅਲੌਕਿਕ ਸ਼ਹੀਦ ਸਿੰਘਾਂ, ਸਿੰਘਣੀਆਂ ਅਤੇ ਭੁਚੰਗੀਆਂ ਦਾ ਉਮਰ ਵਿਚ ਸਾਰੀਆਂ ਕੌਮਾਂ ਤੋਂ ਛੋਟੀ, ਪਰੰਤੂ ਮਨੁੱਖੀ ਅਕਲ ਨੂੰ ਹੈਰਾਨ ਕਰ ਦੇਣ ਵਾਲੇ ਲਾਮਿਸਾਲ ਕਾਰਨਾਮਿਆਂ ਕਾਰਨ ਉਚਤਮ ਅਤੇ ਸ਼ਾਨਾਂਮੱਤਾ ਇਤਿਹਾਸ ਹੈ ਜਿਸ ਦੇ ਮਹੱਤਵਪੂਰਨ ਪਹਿਲੂਆਂ ਨੂੰ ਹਰ ਗੁਰਸਿੱਖ ਸਵੇਰੇ-ਸ਼ਾਮ ਅਰਦਾਸ ਦੌਰਾਨ ਯਾਦ ਕਰਦਾ ਹੈ ਅਤੇ ਉਨ੍ਹਾਂ ਮਹਾਨ ਸ਼ਹੀਦਾਂ ਦਾ ਧਿਆਨ ਧਰਦਾ ਹੈ। ਗੁਰਮਤਿ ਵਿਚਾਰਧਾਰਾ 'ਆਪਣਾ ਵਿਗਾਰ ਵਿਰਾਨਾਂ ਸਾਂਢੇ' ਹੱਕ-ਸੱਚ ਲਈ ਧਰਮ-ਯੁੱਧ ਕਰਨ, ਪਰਉਪਕਾਰ, ਤਿਆਗ ਅਤੇ ਕੁਰਬਾਨੀ ਦੀ ਮਹਾਨ ਫ਼ਿਲਾਸਫ਼ੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਵਿਚ ਹੋ ਰਹੇ ਅਧਰਮ, ਜਬਰ, ਜ਼ੁਲਮ, ਧੱਕੇਸ਼ਾਹੀ, ਅੱਤਿਆਚਾਰ, ਬੇ-ਇਨਸਾਫ਼ੀ ਅਤੇ ਅੰਨ੍ਹੀ ਲੁੱਟ-ਖਸੁੱਟ ਵਿਰੁੱਧ ਜੂਝਣ ਲਈ ਇਉਂ ਪ੍ਰੇਰਿਆ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

ਇਸ ਮਾਰਗ ਦੇ ਪਾਂਧੀ ਲਈ ਪਾਤਸ਼ਾਹ ਨੇ ਸ਼ਰਤ ਇਹ ਰੱਖੀ:

*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*

ਇਸ ਵਿਚਾਰਧਾਰਾ ਨੂੰ ਲੋਕਾਂ ਸਾਹਮਣੇ ਅਮਲੀ ਰੂਪ ਵਿਚ ਪ੍ਰਗਟ ਕਰਨ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰੀ ਜਬਰ, ਜ਼ੁਲਮ, ਅੱਤਿਆਚਾਰ, ਬੇਇਨਸਾਫ਼ੀ, ਲੁੱਟ-ਖਸੁੱਟ ਅਤੇ ਰਾਜਕੀ ਧੱਕੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਬਾਬਰ ਨੂੰ ਜਾਬਰ ਕਿਹਾ। ਭਾਰਤ ਉੱਤੇ ਉਸ ਦੇ ਹਮਲੇ ਦਾ ਡੱਟ ਕੇ ਵਿਰੋਧ ਕੀਤਾ। ਏਮਨਾਬਾਦ ਦੇ ਕਤਲੇਆਮ ਦੀ ਸਖ਼ਤ ਆਲੋਚਨਾ ਕਰਦਿਆਂ ਮੁਗਲਾਂ ਨੂੰ ਜਮ ਗਰਦਾਨਿਆ ਅਤੇ ਪਰਮਾਤਮਾ ਨੂੰ ਵੀ ਉਲਾਂਭਾ ਦਿੱਤਾ। ਗੁਰੂ ਜੀ ਨੇ ਫ਼ਰਮਾਇਆ :

*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥* *(ਪੰਨਾ ੩੬੦)*

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਬਾਬਰ ਦੀਆਂ ਜੇਲ੍ਹਾਂ ਕੱਟੀਆਂ, ਚੱਕੀਆਂ ਪੀਸੀਆਂ। ਇਸ ਤਰ੍ਹਾਂ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ *"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"* ਦਾ ਰਸਤਾ ਦ੍ਰਿੜ੍ਹ ਕਰਾਇਆ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤਵੀਆਂ ਉੱਤੇ ਬੈਠ *"ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ"* ਨੂੰ ਚਿਤਵਦਿਆਂ *"ਤਪਤਿ ਮਾਹਿ ਠਾਢਿ ਵਰਤਾਈ"* ਦਾ ਭਾਣਾ ਵਰਤਾਇਆ ਅਤੇ ਅਡੋਲ-ਚਿਤ ਰਹਿੰਦਿਆਂ ਸ਼ਹੀਦੀ ਪਾ ਲਈ। ਦੂਸਰਿਆਂ ਦੇ ਧਰਮ ਨੂੰ ਬਚਾਉਣ ਹਿਤ ਗੁਰੂ ਤੇਗ ਬਹਾਦਰ ਸਾਹਿਬ ਨੇ ਦੁਨੀਆਂ ਵਿਚ ਇਕ ਅਨੋਖੀ ਮਿਸਾਲ ਕਾਇਮ ਕਰ ਦਿੱਤੀ। *"ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥"* ਹਾਲਾਂ ਕਿ ਤਿਲਕ-ਜੰਞੂ ਨੂੰ ਤਾਂ ਗੁਰੂ ਨਾਨਕ ਦੇਵ ਜੀ ਨੇ ਮਾਨਤਾ ਹੀ ਨਹੀਂ ਸੀ ਦਿੱਤੀ। ਪ੍ਰੰਤੂ ਕਿਸੇ ਨੂੰ ਧਰਮ ਦੇ ਆਧਾਰ ਉੱਤੇ ਤਸੀਹੇ ਦੇਣੇ, ਤਸ਼ੱਦਦ ਕਰਨਾ, ਜ਼ੋਰ-ਜਬਰੀ ਧਰਮ-ਤਬਦੀਲੀ ਕਰਾਉਣਾ ਅਤੇ ਕਤਲੇਆਮ ਕਰਨਾ ਕੁਦਰਤੀ ਨਿਯਮਾਂ ਵਿਰੁੱਧ ਸੀ ਜਿਸ ਕਰਕੇ ਗੁਰੂ ਸਾਹਿਬ ਨੇ ਡੱਟ ਕੇ ਵਿਰੋਧ ਕੀਤਾ ਅਤੇ ਸ਼ਾਂਤਚਿਤ ਸ਼ਹੀਦੀ ਪਾ ਲਈ ਅਤੇ ਹਿੰਦੂ ਧਰਮ ਦੀ ਰਾਖੀ ਹਿਤ ਆਪਣਾ ਮਹਾਨ ਬਲੀਦਾਨ ਦੇ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣਾ ਸਰਬੰਸ ਹੀ ਕੁਰਬਾਨ ਕਰ ਦਿੱਤਾ। ਇਸ ਪਿੱਛੋਂ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦੀਆਂ ਅਨੇਕਾਂ ਸ਼ਹੀਦੀਆਂ ਹੋਈਆਂ ਜਿਨ੍ਹਾਂ ਨੂੰ ਪੂਰੀ ਸ਼ਰਧਾ, ਸਤਿਕਾਰ ਅਤੇ ਨਿਮਰਤਾ ਸਹਿਤ ਹਰ ਰੋਜ਼ ਦੋਨੋਂ ਸਮੇਂ ਅਰਦਾਸ ਵਿਚ ਇਕ ਮਨ-ਚਿਤ ਹੋ ਕੇ ਯਾਦ ਕਰਦੇ ਹਾਂ। ਇਸ ਲੇਖ ਵਿਚ ਭਾਈ ਜੈ ਸਿੰਘ ਪਿੰਡ ਬਾਰਨ ਜ਼ਿਲ੍ਹਾ ਪਟਿਆਲਾ ਬਾਰੇ ਵਿਚਾਰ ਕਰ ਰਹੇ ਹਾਂ।

ਦੁਨੀਆਂ ਦੇ ਇਤਿਹਾਸ ਵਿਚ ਚਾਰ ਅਜਿਹੇ ਸ਼ਹੀਦ ਹੋਏ ਹਨ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤਾ। ਪਹਿਲਾ ਸ਼ਹੀਦ ਸ਼ਮਸ ਤਬਰੇਜ਼ ਜਿਸ ਦਾ ਪੂਰਾ ਨਾਮ ਮਖਦੂਮ ਸ਼ਾਹ ਸ਼ਮਸੁਦੀਨ ਸੀ। ਇਹ ਗਜ਼ਨੀ ਦੇ ਇਲਾਕੇ ਸਬਜ਼ਾਰ ਦੇ ਵਸਨੀਕ ਸਨ। ਇਥੋਂ ਇਹ ਉਦੋਂ ਦੇ ਭਾਰਤੀ ਸ਼ਹਿਰ ਮੁਲਤਾਨ ਵਿਚ ਵੱਸੇ। ਇਹ ਸੂਫੀ ਫ਼ਕੀਰ ਭਜਨ-ਬੰਦਗੀ ਕਰਨ ਵਾਲੇ ਸਨ। ਮਜ਼ਹਬੀ ਮੌਲਾਣਿਆਂ ਨੇ ਮੁਲਤਾਨ ਦੇ ਹਾਕਮ ਨੂੰ ਸ਼ਿਕਾਇਤ ਕਰ ਦਿੱਤੀ ਕਿ ਸ਼ਮਸੁਦੀਨ 'ਅੱਨ ਅੱਲ ਹੱਕ' ਆਖਦਾ ਹੈ ਜਿਸ ਕਾਰਨ ਸਮੇਂ ਦੇ ਹਾਕਮ ਦੇ ਹੁਕਮ ਨਾਲ ਇਨ੍ਹਾਂ ਦੀ ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ।

ਦੂਸਰੇ ਸ਼ਹੀਦ ਸ਼ਮਸੁਦੀਨ ਮੁਹੰਮਦ ਹੋਏ ਹਨ ਜੋ ਤਰਬੇਜ਼ ਦੇ ਵਸਨੀਕ ਸਨ। ਇਹ ਖੁਦਾ-ਪ੍ਰਸਤ ਸੰਤ ਸਨ। ਕਿਹਾ ਜਾਂਦਾ ਹੈ ਕਿ ਇਕ ਦਿਨ ਇਨ੍ਹਾਂ ਨੇ ਕਰਾਮਾਤੀ ਢੰਗ ਰਾਹੀਂ ਇਕ ਮੁਰਦੇ ਨੂੰ ਆਦੇਸ਼ ਕਰਕੇ ਖੜ੍ਹਾ ਕਰ ਦਿੱਤਾ ਅਤੇ ਮੁਰਦਾ ਜਿਉਂਦਾ ਹੋ ਗਿਆ। ਇਸ ਅਪਰਾਧ ਕਾਰਨ ਵਕਤ ਦੇ ਹਾਕਮ ਅਲਾਉਦੀਨ ਮੁਹੰਮਦ ਨੇ ਇਨ੍ਹਾਂ ਦੀ ਪੁੱਠੀ ਖੱਲ ਉਤਾਰਨ ਦਾ ਹੁਕਮ ਦਿੱਤਾ। ਹੁਕਮ ਦੀ ਤਾਮੀਲ ਕਰਦਿਆਂ ਪੁੱਠੀ ਖੱਲ

ਲਾਹ ਕੇ ਇਨ੍ਹਾਂ ਨੂੰ ਖੂਹ ਵਿਚ ਸੁੱਟ ਦਿੱਤਾ। ਪ੍ਰਸਿੱਧ ਕਵੀ ਮੌਲਾਨਾ ਰੂਮੀ ਇਸੇ ਸੰਤ ਦਾ ਚੇਲਾ ਸੀ। (ਮਹਾਨ ਕੋਸ਼, ਪੰਨਾ ੧੫੮)

ਤੀਸਰਾ ਮਹਾਨ ਸ਼ਹੀਦ ਭਾਈ ਗੁਲਜ਼ਾਰ ਸਿੰਘ ਹੋਇਆ ਹੈ ਜਿਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉਪਰੰਤ ਹੋਰ ਕਈ ਸਿੰਘਾਂ ਸਮੇਤ ਹਾੜ ਸੁਦੀ ਪੰਚਮੀ ਸਤਾਰਾਂ ਸੋ ਇਕਾਨਵੇਂ (੧੭੯੧) ਨੂੰ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਬਾਰੇ ਇਉਂ ਬਿਆਨ ਕੀਤਾ ਗਿਆ ਹੈ:

*ਪਹਿਲੇ ਮਨੀ ਸਿੰਘ ਕੇ ਤਾਈਂ ,ਕਾਜ਼ੀ ਫਤਵਾ ਦੀਏ ਸੁਣਾਈ।*
*ਤਿਸੇ ਗੈਰਮ ਜਲਾਦਿ ਆਇ, ਬੰਦ ਬੰਦ ਦੀਏ ਜੁਦਾ ਕਰਾਏ।*
*ਪੀਛੇ ਸਿੰਘ ਗੁਲਜਾਰੇ ਕੇਰੀ, ਪੁਠੀ ਖੱਲ ਲਾਹੀ ਬਿਨ ਦੇਰੀ।*

ਚੌਥੇ ਲਾਸਾਨੀ ਸ਼ਹੀਦ ਹੋਏ ਹਨ ਭਾਈ ਜੈ ਸਿੰਘ ਜੀ ਵਾਸੀ ਪਿੰਡ ਬਾਰਨ ਨੇੜੇ ਪਟਿਆਲਾ। ਇਸ ਪਿੰਡ ਦਾ ਨਾਮ ਉਸ ਸਮੇਂ ਮੁਗਲਮਾਜਰਾ ਸੀ। ਇਥੇ ਜ਼ਿਆਦਾ ਵੱਸੋਂ ਮੁਗਲਾਂ ਅਰਥਾਤ ਮੁਸਲਮਾਨਾਂ ਦੀ ਸੀ। ਕੁਝ ਘਰ ਰਾਮਦਾਸੀਏ ਸਿੰਘਾਂ ਦੇ ਸਨ ਅਤੇ ਭਾਈ ਜੈ ਸਿੰਘ ਦਾ ਸੰਬੰਧ ਵੀ ਗੁਰਸਿੱਖ ਰਾਮਦਾਸੀਏ ਪਰਵਾਰ ਨਾਲ ਸੀ। ਆਪ ਦਾ ਸਾਰਾ ਪਰਵਾਰ ਅੰਮ੍ਰਿਤਧਾਰੀ ਪੂਰਨ ਗੁਰਸਿੱਖ ਕਿਰਤੀ ਪਰਵਾਰ ਸੀ। ਭਾਈ ਜੈ ਸਿੰਘ ਨੇ ਸਮੇਤ ਪਰਵਾਰ ਸ਼ਹੀਦੀ ਦੇ ਕੇ ਸਿੱਖੀ ਸਿਦਕ, ਦ੍ਰਿੜ੍ਹਤਾ ਤੇ ਅਡੋਲਤਾ ਦਰਸਾਉਂਦਿਆਂ ਕਥਨੀ ਅਤੇ ਕਰਨੀ ਦੇ ਪੂਰੇ-ਸੂਰੇ ਹੋਣ ਦਾ ਸਬੂਤ ਦਿੱਤਾ। ਇਕ ਕਵੀ ਨੇ ਇਸ ਬਾਰੇ ਇਉਂ ਬਿਆਨ ਕੀਤਾ ਹੈ:

*ਧੰਨ ਉਨ ਸਿੰਘਨ ਕੇ ਜਿਨ ਕਰ ਸਾਕਾ ਤਜੇ ਪਰਾਨ।*
*ਰਹੇ ਨਾਮ ਇਸ ਕਰਮ ਕਾ ਹੈ ਜੱਗ ਆਵਨ ਜਾਨ।*
*ਸ਼ਹੀਦ ਜੈ ਸਿੰਘ ਖਲਕੱਟ ਹੁਏ ਵੋਹ ਹੈਂ ਮਹਾਂ ਮਹਾਨ।*

ਮਹਾਨ ਸ਼ਹੀਦੀ ਦੇ ਕੇ ਭਾਈ ਜੈ ਸਿੰਘ ਜੀ ਨੇ ਧਰਮ ਉੱਤੇ ਪੂਰਾ ਪਹਿਰਾ ਦਿੱਤਾ ਅਤੇ ਭਗਤ ਕਬੀਰ ਜੀ ਦੇ ਮਹਾਨ ਉਪਦੇਸ਼ ਨੂੰ ਜਗਤ ਸਾਹਮਣੇ ਅਮਲੀ ਰੂਪ ਵਿਚ ਨਿਭਾਇਆ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ:

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥* *(ਪੰਨਾ ੧੧੦੫)*

ਭਾਈ ਜੈ ਸਿੰਘ ਜੀ ਦੇ ਪਿਤਾ ਜੀ ਨੇ ਦਸਮੇਸ਼ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਭਾਈ ਜੈ ਸਿੰਘ ਵੀ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਅਨੰਦਪੁਰ ਸਾਹਿਬ ਜਾਣ ਲੱਗੇ। ਭਾਈ ਜੈ ਸਿੰਘ ਗੁਰਮਤਿ ਦੇ ਧਾਰਨੀ, ਗੁਰੂ-ਘਰ ਪ੍ਰਤੀ ਪੂਰੇ ਸਮਰਪਤ, ਗੁਰਬਾਣੀ ਦੇ ਰੰਗ ਵਿਚ ਰੰਗੇ, ਰਹਿਤਵਾਨ ਅਤੇ ਤਿਆਗ ਦੀ ਮੂਰਤ ਅੰਮ੍ਰਿਤਧਾਰੀ ਪੂਰਨ ਗੁਰਸਿੱਖ ਸਨ। ਆਪ ਸੱਚੀ-ਸੁੱਚੀ ਕਿਰਤ ਕਰਕੇ ਸਤਿਗੁਰਾਂ ਨਮਿਤ ਦਸਵੰਧ ਕੱਢਦਿਆਂ ਆਪਣੇ ਪਰਵਾਰ ਦਾ ਨਿਰਬਾਹ ਕਰਦੇ ਸਨ। ਭਾਈ

ਸਾਹਿਬ ਦੇ ਦੋ ਪੁੱਤਰ ਸਨ— ਭਾਈ ਕੜਾਕਾ ਸਿੰਘ ਅਤੇ ਭਾਈ ਖੜਕ ਸਿੰਘ। ਆਪ ਦੀ ਧਰਮ ਪਤਨੀ ਦਾ ਨਾਮ ਬੀਬੀ ਧੰਨ ਕੌਰ ਸੀ। ਭਾਈ ਜੈ ਸਿੰਘ ਨੂੰ ਕਿਉਂਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਸੀ, ਉਨ੍ਹਾਂ ਨੇ ਆਪਣੇ ਪੁੱਤਰ ਨੂੰ ਦਸਮੇਸ਼ ਜੀ ਬਾਰੇ ਕਥਾਵਾਂ ਸੁਣਾ-ਸੁਣਾ ਕੇ ਦੋਹਾਂ ਪੁੱਤਰਾਂ ਅੰਦਰ ਪੂਰਾ ਖਾਲਸਾਈ ਜੋਸ਼ ਅਤੇ ਜਜ਼ਬਾ ਭਰ ਦਿੱਤਾ ਸੀ। ਦੋਵੇਂ ਹੀ ਅੰਮ੍ਰਿਤਧਾਰੀ, ਨਿਤਨੇਮੀ, ਅਚਾਰ-ਵਿਹਾਰ ਤੇ ਵਿਚਾਰ ਦੇ ਪੂਰੇ-ਸੂਰੇ ਰਹਿਤਵਾਨ ਖਾਲਸੇ ਸਨ। ਦਸਮ ਪਾਤਸ਼ਾਹ ਦਾ ਫੁਰਮਾਨ "*ਇਨ ਗਰੀਬ ਸਿਖਨ ਕਉ ਦੇਊਂ ਪਾਤਸ਼ਾਹੀ॥ ਯਹ ਯਾਦ ਕਰੇਂ ਹਮਾਰੀ ਗੁਰਿਆਈ॥*" ਦੋਹਾਂ ਪੁੱਤਰਾਂ ਨੂੰ ਸੁਣਾ ਕੇ ਉਨ੍ਹਾਂ ਅੰਦਰ ਨਿਤ ਨਵਾਂ ਜੋਸ਼, ਜਜ਼ਬਾ, ਗੁਰੂ ਵਿਚ ਵਿਸ਼ਵਾਸ ਅਤੇ ਦ੍ਰਿੜ੍ਹਤਾ ਭਰਦੇ।

ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੀ ਮੌਤ ਅਤੇ ਵਜ਼ੀਰ ਕਰਮ ਦੀਨ ਦੇ ਮਾਰੇ ਜਾਣ ਦੀ ਖ਼ਬਰ ਸੁਣਦਿਆਂ ਹੀ ਅਹਿਮਦ ਸ਼ਾਹ ਅਬਦਾਲੀ ਨੇ ਅਫ਼ਗਾਨਿਸਤਾਨ ਤੋਂ ਦਿੱਲੀ ਦੇ ਤਖ਼ਤ ਉੱਤੇ ਕਬਜ਼ਾ ਕਰਨ ਦੀ ਨੀਯਤ ਨਾਲ ਗਿਲਜਿਆਂ, ਗਾਜ਼ੀਆਂ ਅਤੇ ਜਹਾਦੀਆਂ ਦੀ ਫੌਜ ਲੈ ਕੇ ਸੰਨ ੧੭੫੩ ਵਿਚ ਭਾਰਤ ਉੱਤੇ ਦੂਜਾ ਹਮਲਾ ਕਰ ਦਿੱਤਾ। ਇਸ ਤਰ੍ਹਾਂ ਪਹਿਲਾਂ ਲਾਹੌਰ ਅਤੇ ਫਿਰ ਸਰਹਿੰਦ ਉੱਤੇ ਕਬਜ਼ਾ ਕਰ ਲਿਆ। ਅਬਦਾਲੀ ਨੇ ਆਪਣੇ ਜਰਨੈਲ ਅਬਦੁਸ ਸਮੁਦ ਖਾਨ ਨੂੰ ਸਰਹੰਦ ਦਾ ਫੌਜਦਾਰ ਨਿਯੁਕਤ ਕਰ ਦਿੱਤਾ। ਅਬਦੁਸ ਸਮੁਦ ਖਾਨ ਅਤਿ ਦਰਜੇ ਦਾ ਜਨੂੰਨੀ, ਜ਼ਾਲਮ ਅਤੇ ਨਿਰਦਈ ਹਾਕਮ ਸੀ। ਇਸ ਦੀਆਂ ਜ਼ਾਲਮਾਨਾਂ ਕਰਤੂਤਾਂ ਅਤੇ ਰਾਜਕੀ ਅਤਿਆਚਾਰਾਂ ਤੋਂ ਤੰਗ ਆ ਕੇ ਬਹੁਤ ਸਾਰੇ ਹਿੰਦੂ ਸਰਹੰਦ ਛੱਡ ਕੇ ਦੁਰੇਡੇ ਜਾ ਵੱਸੇ। ਸਿੱਖਾਂ ਨੂੰ ਵੀ ਇਸ ਨੇ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾਇਆ। ਉਪਰੰਤ ਇਹ ਜ਼ਾਲਮ ਸਰਹਿੰਦ ਦਾ ਸੂਬੇਦਾਰ ਬਣ ਗਿਆ। ਚੇਤ ਸੁਦੀ ਦਸਵੀਂ ਸੰਨ ੧੭੫੩ ਨੂੰ ਇਹ ਆਪਣੇ ਕੋਤਵਾਲ ਨਜ਼ਾਮਉਦੀਨ ਨੂੰ ਨਾਲ ਲੈ ਕੇ ਹਿੰਦੂਆਂ ਅਤੇ ਸਿੱਖਾਂ ਦੀ ਕਤਲੋਗਾਰਦ ਕਰਦਾ ਮੁਗਲ ਮਾਜਰਾ ਪੁੱਜ ਗਿਆ। ਆਰਜ਼ੀ ਕਚਹਿਰੀ ਲਾ ਲਈ ਅਤੇ ਹੁਕਮ ਕੀਤਾ ਕਿ ਜੇਕਰ ਪਿੰਡ ਵਿਚ ਕੋਈ ਸਿੱਖ ਹੋਵੇ ਤਾਂ ਉਸ ਨੂੰ ਸੂਬੇਦਾਰ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਭਾਈ ਜੈ ਸਿੰਘ ਆਪਣੇ ਖੂਹ ਉੱਤੇ ਆਪਣੀ ਕਿਰਤ ਵਿਚ ਰੁੱਝੇ ਹੋਏ ਸਨ। ਪਠਾਨ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਪਕੜ ਕੇ ਸੂਬੇਦਾਰ ਦੇ ਪੇਸ਼ ਕਰ ਦਿੱਤਾ। ਅਬਦੁਸ ਸਮੁਦ ਖਾਨ ਅੰਮ੍ਰਿਤਧਾਰੀ ਸਿੰਘ ਨੂੰ ਵੇਖ ਕੇ ਖਿੜਖਿੜਾ ਕੇ ਹੱਸਿਆ ਅਤੇ ਫਿਰ ਪੂਰੇ ਰੋਹਬ ਅਤੇ ਕ੍ਰੋਧ ਨਾਲ ਕੜਕਿਆ ਕਿ ਅਸੀਂ ਤੁਹਾਡੇ ਪਾਸੋਂ ਦੀ ਲੰਘ ਕੇ ਆਏ ਤਾਂ ਤੁਸੀਂ ਸਾਨੂੰ ਸਲਾਮ ਕਿਉਂ ਨਹੀਂ ਕੀਤੀ। ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਤਾਂ ਫੌਜ ਦੇ ਲੰਘਣ ਦਾ ਪਤਾ ਹੀ ਨਹੀਂ ਲੱਗਾ ਕਿਉਂਕਿ ਉਹ ਤਾਂ ਆਪਣੀ ਕਿਰਤ ਦੇ ਨਾਲ-ਨਾਲ ਬਾਣੀ ਪੜ੍ਹਨ ਵਿਚ ਲੀਨ ਸਨ। ਭਾਈ ਸਾਹਿਬ ਨੇ ਕਿਹਾ ਕਿ ਜਦੋਂ ਕੋਈ ਸਿੱਖ ਇਕ-ਮਨ ਇਕ-ਚਿਤ ਹੋ ਕੇ ਆਪਣੇ ਗੁਰੂ ਦੇ ਚਰਨਾਂ

ਨਾਲ ਜੁੜਦਾ ਹੈ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਦੀ ਸੋਝੀ ਨਹੀਂ ਰਹਿੰਦੀ। ਇਸ 'ਤੇ ਸੂਬੇਦਾਰ ਨੇ ਹਕੂਮਤੀ ਹੰਕਾਰ ਵਿਚ ਕਿਹਾ ਕਿ ਚੰਗਾ, ਮੈਂ ਪਟਿਆਲਾ ਜਾ ਕੇ ਤੇਰੀ ਤੇਰੇ ਗੁਰੂ-ਚਰਨਾਂ ਨਾਲ ਜੁੜੀ ਬਿਰਤੀ ਵੇਖਾਂਗਾ ਅਤੇ ਤੈਨੂੰ ਸਮੇਤ ਪਰਵਾਰ ਸਜ਼ਾ ਦਿਆਂਗਾ। ਪਹਿਲਾਂ ਤੂੰ ਮੇਰਾ ਇਹ ਥੋੜ੍ਹਾ ਸਾਮਾਨ-ਅਸਬਾਬ ਸਿਰ ਉੱਤੇ ਚੁੱਕ ਕੇ ਪਟਿਆਲੇ ਪਹੁੰਚਾ। ਉਨ੍ਹਾਂ ਦਿਨਾਂ ਵਿਚ ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨ ਇਸ ਤਰ੍ਹਾਂ ਦੇ ਹੀ ਹੁੰਦੇ ਸਨ। ਕੋਤਵਾਲ ਨਿਜ਼ਾਮਉਦੀਨ ਨੂੰ ਹੁਕਮ ਦੀ ਤਾਮੀਲ ਕਰਾਉਣ ਦਾ ਆਦੇਸ਼ ਹੋਇਆ। ਭਾਈ ਜੈ ਸਿੰਘ ਨੇ ਪੁੱਛਿਆ ਕਿ ਪਹਿਲਾਂ ਇਹ ਦੱਸੋ ਕਿ ਇਸ ਅਸਬਾਬ ਬੋਝੇ ਵਿਚ ਹੈ ਕੀ? ਉਨ੍ਹਾਂ ਕਿਹਾ ਕਿ ਮੈਂ ਇਕ ਅੰਮ੍ਰਿਤਧਾਰੀ ਸਿੱਖ ਹਾਂ, ਐਸਾ ਨਾ ਹੋਵੇ ਕਿ ਕੋਈ ਇਤਰਾਜ਼ਯੋਗ ਸਾਮਾਨ ਸਿਰ ਉੱਤੇ ਚੁੱਕਣ ਨਾਲ ਮੇਰੇ ਧਰਮ ਨੂੰ ਆਂਚ ਆਵੇ। ਕੋਤਵਾਲ ਭਾਈ ਸਾਹਿਬ ਦਾ ਜਵਾਬ ਸੁਣ ਕੇ ਕੱਪੜਿਆਂ ਤੋਂ ਬਾਹਰ ਹੋ ਗਿਆ। ਅੱਗ-ਬਗੋਲਾ ਅਤੇ ਲਾਲ-ਪੀਲਾ ਹੋ ਕੇ ਬੋਲਿਆ ਕਿ ਤੈਨੂੰ ਇਹ ਪੁੱਛਣ ਦਾ ਅਧਿਕਾਰ ਨਹੀਂ ਹੈ। ਭਾਈ ਸਾਹਿਬ ਦੇ ਜ਼ਿੱਦ ਕਰਨ ਉੱਤੇ ਕੋਤਵਾਲ ਨੇ ਦੱਸਿਆ ਕਿ ਇਸ ਬੋਝੇ ਵਿਚ ਸੂਬੇਦਾਰ ਦਾ ਹੁੱਕਾ ਹੈ। ਭਾਈ ਸਾਹਿਬ ਨੇ ਪੂਰੇ ਸਹਿਜ ਪਰ ਦ੍ਰਿੜ੍ਹਤਾ ਨਾਲ ਕਿਹਾ ਕਿ ਜਿਨ੍ਹਾਂ ਕੇਸਾਂ ਵਿਚ ਦਸਮ ਪਾਤਸ਼ਾਹ ਦਾ ਅੰਮ੍ਰਿਤ ਚੋਇਆ ਹੋਇਆ ਹੈ, ਉਨ੍ਹਾਂ ਉੱਤੇ ਮੈਂ ਹੁੱਕਾ ਨਹੀਂ ਰੱਖਾਂਗਾ। ਜਵਾਬ ਸੁਣ ਕੇ ਕੋਤਵਾਲ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਹੁਕਮ ਦਿੱਤਾ ਕਿ ਇਸ ਦੀ ਛਮਕਾਂ ਮਾਰ-ਮਾਰ ਕੇ ਖਲੜੀ ਉਧੇੜ ਦਿਓ। ਜ਼ਾਲਮ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਢਾਹ ਲਿਆ ਅਤੇ ਛਮਕਾਂ ਮਾਰ-ਮਾਰ ਕੇ ਉਨ੍ਹਾਂ ਦਾ ਸਰੀਰ ਲਹੂ-ਲੁਹਾਨ ਕਰ ਦਿੱਤਾ। ਸੂਬੇਦਾਰ ਨੇ ਭਾਈ ਸਾਹਿਬ ਨੂੰ ਫਿਰ ਕਿਹਾ ਕਿ ਉਹ ਹੁੱਕਾ ਸਿਰ ਉੱਤੇ ਚੁੱਕਣ ਲਈ ਮੰਨ ਜਾਵੇ ਨਹੀਂ ਤਾਂ ਕਤਲ ਕਰ ਦਿੱਤਾ ਜਾਵੇਗਾ। ਭਾਈ ਸਾਹਿਬ ਨੂੰ ਮੌਤ ਦਾ ਡਰ ਨਹੀਂ ਸੀ। ਉਨ੍ਹਾਂ ਨੂੰ ਆਪਣੇ ਸਤਿਗੁਰਾਂ ਦਾ ਉਪਦੇਸ਼ ਦ੍ਰਿੜ੍ਹ ਸੀ। ਗੁਰੂ ਸਾਹਿਬ ਦਾ ਫ਼ਰਮਾਨ ਹੈ:

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥* *(ਪੰਨਾ ੫੭੯)*

ਭਾਈ ਸਾਹਿਬ ਨੇ ਪੂਰੀ ਦ੍ਰਿੜ੍ਹਤਾ ਨਾਲ ਜੁਆਬ ਦਿੱਤਾ ਕਿ ਉਨ੍ਹਾਂ ਨੇ ਆਪਣਾ ਤਨ, ਮਨ ਅਤੇ ਧਨ ਸਭ ਕੁਝ ਸਤਿਗੁਰਾਂ ਨੂੰ ਅਰਪਨ ਕੀਤਾ ਹੋਇਆ ਹੈ ਅਤੇ ਸਤਿਗੁਰਾਂ ਦੇ ਹੁਕਮ ਵਿਚ ਚੱਲਣ ਦਾ ਅਹਿਦ ਕੀਤਾ ਹੋਇਆ ਹੈ। ਉਹ ਸਤਿਗੁਰਾਂ ਦੇ ਹੁਕਮ ਦੀ ਅਦੂਲੀ ਨਹੀਂ ਕਰ ਸਕਦੇ। ਭਾਈ ਸਾਹਿਬ ਦੇ ਬੋਲ ਸਨ, "ਮੇਰੇ ਪ੍ਰਾਣਾਂ ਦੀ ਸਤਿਗੁਰਾਂ ਦੇ ਹੁਕਮ ਦੇ ਬਰਾਬਰ ਕੋਈ ਅਹਿਮੀਅਤ ਨਹੀਂ ਹੈ।" ਧੰਨ ਗੁਰ ਸਿੱਖੀ! ਭਾਈ ਸਾਹਿਬ ਨੇ ਦੱਸਿਆ ਕਿ ਸਤਿਗੁਰਾਂ ਦਾ ਉਪਦੇਸ਼ ਹੈ:

*ਕੁੱਠਾ, ਹੁੱਕਾ, ਚਰਸ, ਤੰਬਾਕੂ, ਗਾਂਜਾ, ਟੋਪੀ, ਤਾੜੀ, ਖਾਕੂ।*

*ਇਨ ਕੀ ਓਰ ਨ ਕਬਹੂੰ ਦੇਖੇ, ਰਹਿਤਵੰਤ ਸੋ ਸਿੰਘ ਵਸੇਖੇ।*

ਫਿਰ ਸੂਬੇਦਾਰ ਨੇ ਪੈਂਤੜਾ ਬਦਲਦਿਆਂ ਕਿਹਾ ਕਿ ਸਿੱਖੀ ਵਿਚ ਕੀ ਪਿਆ ਹੈ। ਜਾਨ ਨਾ ਗੁਆ, ਅਸੀਂ ਤੈਨੂੰ ਰਾਜਸੀ ਸ਼ਕਤੀ ਅਤੇ ਧਨ-ਦੌਲਤ ਨਾਲ ਮਾਲਾ-ਮਾਲ ਕਰ ਦਿਆਂਗੇ ਜੇਕਰ ਤੂੰ ਦੀਨ ਮੁਹੰਮਦੀ ਕਬੂਲ ਕਰ ਲਵੇਂ। ਤੈਨੂੰ ਮੌਤ ਉਪਰੰਤ ਵੀ ਜੰਨਤ ਮਿਲੇਗੀ ਜਿੱਥੇ ਹੂਰਾਂ ਪਰੀਆਂ ਮਿਲਣਗੀਆਂ ਅਤੇ ਸਦਾ ਬਹਿਸ਼ਤ ਵਿਚ ਹੀ ਰਹੇਂਗਾ। ਪਰ ਭਾਈ ਸਾਹਿਬ ਦੇ ਸਾਹਮਣੇ ਭਗਤ ਕਬੀਰ ਜੀ ਦਾ ਉਪਦੇਸ਼ ਸੀ:

*ਕਵਨੁ ਨਰਕੁ ਕਿਆ ਸੁਰਗੁ ਵੀਚਾਰਾ ਸੰਤਨ ਦੋਊ ਰਾਦੇ॥*

*(ਪਨਾ ੯੬੯)*

ਭਾਈ ਸਾਹਿਬ ਨੇ ਵਿੱਚੋਂ ਟੋਕ ਕੇ ਕਿਹਾ ਕਿ ਜੇਕਰ ਦੀਨ ਮੁਹੰਮਦੀ ਕਬੂਲ ਕਰਨ ਉਪਰੰਤ ਮੌਤ ਨਹੀਂ ਆਉਂਦੀ ਤਾਂ ਮੈਂ ਸੋਚ ਸਕਦਾ ਹਾਂ ਪਰੰਤੂ ਜਦੋਂ ਹਰ ਧਰਮ ਵਿਚ ਮੌਤ ਅਟੱਲ ਹੈ। ਮੌਤ ਦਾ ਸਮਾਂ ਸਥਾਨ ਅਤੇ ਕਾਰਨ ਨਿਸਚਿਤ ਹੈ। ਗੁਰਵਾਕ ਹੈ: *"ਮਰਣੁ ਲਿਖਾਇ ਮੰਡਲ ਮਹਿ ਆਏ॥"* ਤਾਂ ਫਿਰ ਮੈਂ ਆਪਣੇ ਗੁਰੂ ਤੋਂ ਬੇਮੁਖ ਕਿਉਂ ਹੋਵਾਂ? ਭਾਈ ਸਾਹਿਬ ਨੇ ਠੋਕ ਕੇ ਜਵਾਬ ਦਿੱਤਾ। ਆਪ ਅਰਦਾਸ ਵਿਚ ਲੀਨ ਹੋ ਗਏ ਕਿ ਹੇ ਸੱਚੇ ਪਾਤਸ਼ਾਹ! ਸੇਵਕ ਦੀ ਬਹੁੜੀ ਕਰੋ ਤਾਂ ਜੋ ਮੈਂ ਗੁਰਸਿੱਖੀ ਕੇਸਾਂ-ਸੁਆਸਾਂ ਨਾਲ ਨਿਭਾ ਸਕਾਂ। ਕਬੀਰ ਜੀ ਦਾ ਫ਼ਰਮਾਨ ਹੈ ਕਿ ਮਨ ਨਾ ਡਿੱਗੇ, ਤਨ ਕਾਹੇ ਕੋ ਡਰਾਏ। ਭਾਈ ਸਾਹਿਬ ਦ੍ਰਿੜ੍ਹ ਅਤੇ ਅਡੋਲ ਸਨ। ਹਰ ਗੁਰਸਿੱਖ ਦੇ ਸਾਹਮਣੇ ਗੁਰ-ਉਪਦੇਸ਼ ਹੈ:

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* *(ਪੰਨਾ ੧੧੦੨)*

ਸੂਬੇਦਾਰ ਨੇ ਬਹੁਤ ਲਾਲਚ ਅਤੇ ਡਰਾਵੇ ਦਿੱਤੇ ਪਰ ਭਾਈ ਸਾਹਿਬ ਪੂਰੀ ਤਰ੍ਹਾਂ ਦ੍ਰਿੜ੍ਹ ਅਤੇ ਅਡੋਲ ਰਹੇ। ਅੰਤ ਨੂੰ ਸੂਬੇਦਾਰ ਨੇ ਹੁਕਮ ਦਿੱਤਾ ਕਿ ਸਮਸ਼ਦੀਨ ਮੁਹੰਮਦ ਤਬਰੇਜ਼ ਦੀ ਤਰ੍ਹਾਂ ਇਸ ਨੂੰ ਪੁੱਠਾ ਟੰਗ ਕੇ ਪੁੱਠੀ ਖੱਲ ਲਾਹ ਕੇ ਕਤਲ ਕਰ ਦਿਓ। ਭਾਈ ਸਾਹਿਬ ਨੇ ਹੱਸ ਕੇ ਕਿਹਾ ਕਿ ਇਸ ਤੋਂ ਚੰਗਾ ਸਮਾਂ ਮੇਰੇ ਲਈ ਹੋਰ ਕਦੋਂ ਹੋਵੇਗਾ ਜਦੋਂ ਮੈਂ ਆਪਣੇ ਸਤਿਗੁਰੂ ਦੇ ਦਰਸਾਏ ਮਾਰਗ ਉੱਤੇ ਚੱਲਦਿਆਂ ਗੁਰ-ਚਰਨਾਂ ਵਿਚ ਜਾ ਬਿਰਾਜਾਂ। ਜਲਦੀ ਕਰੋ। ਜਿਸ ਗੁਰੂ ਸਾਹਿਬ ਨੇ ਆਪਣਾ ਦਾਦਾ, ਪਿਤਾ, ਮਾਤਾ, ਮਾਮੇ, ਪ੍ਰਾਣਾਂ ਤੋਂ ਪਿਆਰੇ ਸਿੰਘ ਅਤੇ ਆਪਣੇ ਲਖਤੇ-ਜਿਗਰ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਚਮਕੌਰ ਦੀ ਗੜ੍ਹੀ ਵਿਚ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਸਰਹਿੰਦ ਦੀਆਂ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਵਾ ਲਏ ਮੈਂ ਤਾਂ ਉਸ ਸਤਿਗੁਰੂ ਦਾ ਇਕ ਅਦਨਾ ਜਿਹਾ ਨਾਮਧਰੀਕ ਸਿੱਖ ਹਾਂ, ਮੇਰੇ ਪ੍ਰਾਣ ਅਤੇ ਮੇਰੀ ਕਾਇਆ ਉਸ ਸਤਿਗੁਰੂ ਦੀ ਹੀ ਅਮਾਨਤ ਹੈ। ਪ੍ਰਸਿੱਧ ਕਵੀ ਸ. ਵਿਧਾਤਾ ਸਿੰਘ ਤੀਰ ਨੇ ਇਸ ਘਟਨਾ ਨੂੰ ਇਉਂ ਬਿਆਨ ਕੀਤਾ ਹੈ:

*ਦੀਨ ਮੰਨ, ਫੇਰ ਵੀ ਅੰਤ ਮਰਨਾ, ਫੇਰ ਕਿਉਂ ਹੋਈਏ ਧਰਮਹੀਨ ਸ਼ਾਹਾ!*
*ਤੂੰ ਤਾਂ ਜ਼ਾਲਮ ਦੇ ਘੋੜੇ ਸਵਾਰ ਹੋਇਓਂ, ਉੱਤੇ ਸੁੱਟ ਕੇ ਪਾਪ ਦੀ ਜ਼ੀਨ ਸ਼ਾਹਾ!*
*ਸਾਡੀ ਅੱਖ ਦੇ ਵਿਚ ਨਾ ਚੀਜ਼ ਕੋਈ, ਇਹ ਜੋ ਜ਼ਰ, ਜ਼ੋਰੂ, ਜ਼ਮੀਨ ਸ਼ਾਹਾ!*
*ਮੌਤ ਦਾ ਮੂਲ ਨ ਭੈਅ ਰਿਹਾ, ਹੁੰਦੇ ਮੌਤ 'ਤੇ ਨਹੀਂ ਗਮਗੀਨ ਸ਼ਾਹਾ।*

ਜਦੋਂ ਸੂਬੇਦਾਰ ਨੇ ਵੇਖਿਆ ਕਿ ਸਿੰਘ ਡੋਲਦਾ ਨਹੀਂ ਅਤੇ ਦ੍ਰਿੜ੍ਹ ਸੰਕਲਪ ਹੈ ਉਸ ਨੇ ਹੁਕਮ ਦਿੱਤਾ ਕਿ ਮੁਗਲ ਮਾਜਰਾ ਵਿੱਚੋਂ ਹੀ ਦੋ ਕਸਾਈ ਮੰਗਵਾ ਕੇ ਪਿੰਡ ਦੇ ਬੋਹੜ ਅਤੇ ਪਿੱਪਲ ਦੇ ਵਿਚਾਲੇ ਭਾਈ ਜੈ ਸਿੰਘ ਨੂੰ ਪੁੱਠਾ ਲਟਕਾ ਕੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਤੀਕ ਪੁੱਠੀ ਖੱਲ ਲਾਹ ਦਿਓ। ਇਸ ਤਰ੍ਹਾਂ ਹੀ ਕੀਤਾ ਗਿਆ। ਧੰਨ ਗੁਰਸਿੱਖੀ ਅਤੇ ਧੰਨ ਸਤਿਗੁਰੂ ਪਾਤਸ਼ਾਹ! ਸਿੰਘ ਅਡੋਲ ਰਿਹਾ, ਸੀਅ ਤਕ ਨਹੀਂ ਉਚਾਰੀ ਅਤੇ ਖੁਸ਼ੀ-ਖੁਸ਼ੀ ਸ਼ਹੀਦੀ ਜਾਮ ਪੀ ਲਿਆ। ਸਰੀਰ ਠੰਢਾ ਹੋ ਗਿਆ ਅਤੇ ਸੁਰਤੀ ਆਪਣੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੀ। ਭਾਈ ਸਾਹਿਬ ਦੀ ਸ਼ਹੀਦੀ ਚੇਤ ਸੁਦੀ ਦਸਵੀਂ ਸੰਮਤ ੧੮੧੦ ਨੂੰ ਹੋਈ। ਉਪਰੰਤ ਭਾਈ ਸਾਹਿਬ ਦਾ ਸਾਰਾ ਪਰਵਾਰ ਵੀ ਸ਼ਹੀਦ ਕਰ ਦਿੱਤਾ ਗਿਆ। ਕਿਸੇ ਕਵੀ ਨੇ ਅਜਿਹੇ ਲਾਸਾਨੀ ਸੂਰਮਿਆਂ ਸਿੰਘਾਂ ਸ਼ਹੀਦਾਂ ਬਾਰੇ ਇਉਂ ਬਿਆਨ ਕੀਤਾ ਹੈ:

*ਜੁਗ ਜੁਗ ਜਿਉਂਦੇ ਨੇ ਉਹ ਬੰਦੇ, ਅਣਖ ਲਈ ਜੋ ਮਰਦੇ।*
*ਸੂਲੀ, ਚਰਖੜੀ, ਫਾਂਸੀ ਚੜ੍ਹ ਵੀ, ਖਿੜ ਖਿੜ ਪਏ ਨੇ ਹੱਸਦੇ।*
*ਆਪਣਾ ਮੁਰਸ਼ਦ ਮਨਾਵਣ ਖਾਤਰ, ਭੇਟ ਸਿਰਾਂ ਦੀ ਕਰਦੇ।*

ਤਥਾ ਗੁਰਵਾਕ ਹੈ:

*ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*
*ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥* *(ਪੰਨਾ ੧੧੧੪)*

ਸੂਬੇਦਾਰ ਦੁਨੀਆਂ ਦਾ ਘਿਨਾਉਣਾ ਜ਼ੁਲਮ ਕਰਕੇ ਪਟਿਆਲੇ ਵੱਲ ਨੂੰ ਰਵਾਨਾ ਹੋ ਗਿਆ। ਮਗਰੋਂ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਸਾਰੇ ਸ਼ਹੀਦਾਂ ਦਾ ਸੰਸਕਾਰ ਕਰ ਦਿੱਤਾ। ਜਿੱਥੇ ਉਨ੍ਹਾਂ ਦੀ ਯਾਦ ਵਿਚ ਯਾਦਗਾਰ ਸਮਾਧ ਬਣਾਈ ਗਈ ਉਪਰੰਤ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਜਿੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਜੋੜ-ਮੇਲਾ ਲੱਗਦਾ ਹੈ ਅਤੇ ਅਨੇਕਾਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਆਪਣੀ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

ਐਸੇ ਸ਼ਹੀਦੀ ਅਸਥਾਨ ਮਹਾਨ ਪਵਿੱਤਰ ਅਸਥਾਨ ਹੁੰਦੇ ਹਨ। ਕਿਸੇ ਸ਼ਾਇਰ ਨੇ ਦਰੁਸਤ ਫ਼ਰਮਾਇਆ ਹੈ:

*ਸ਼ਹੀਦੋਂ ਕੀ ਕਤਲਗਾਹ ਸੇ, ਕਿਆ ਬੇਹਤਰ ਹੈ ਕਾਬਾ,*
*ਸ਼ਹੀਦੋਂ ਕੀ ਖ਼ਾਕ ਪੇ ਤੋ ਖੁਦਾ ਭੀ ਕੁਰਬਾਨ ਹੋਤਾ ਹੈ।*

■

# ਸਿੱਖ ਵੀਰਤਾ ਦੀ ਅਦੁੱਤੀ ਘਟਨਾ : ਸਾਕਾ ਸਾਰਾਗੜ੍ਹੀ

*-ਡਾ. ਹਰਬੰਸ ਸਿੰਘ**

ਕੌਮਾਂ ਸਦਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰ ਕੇ ਜੀਉਂਦੀਆਂ ਅਤੇ ਸੁਨਹਿਰੇ ਭਵਿੱਖ ਵੱਲ ਵਧਦੀਆਂ ਹਨ। ਸਿੱਖ ਕੌਮ ਦਾ ਇਤਿਹਾਸ ਸ੍ਵੈਮਾਨ, ਅਣਖ ਅਤੇ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਚਮਕੌਰ ਦੀ ਗੜ੍ਹੀ ਤੋਂ ਲੈ ਕੇ ਸਾਰਾਗੜ੍ਹੀ ਤਕ ਅਤੇ ਸਾਰਾਗੜ੍ਹੀ ਤੋਂ ਲੈ ਕੇ ਕਾਰਗਿਲ ਦੀ ਲੜਾਈ ਤਕ ਸਮੁੱਚਾ ਸਿੱਖ ਇਤਿਹਾਸ, ਕੁਰਬਾਨੀਆਂ ਦੀ ਇਕ ਅਟੁੱਟ ਗਾਥਾ ਹੈ। ਚਾਹੇ ਉਹ ਪੁਰਾਣਾਂ ਅਤੇ ਪਠਾਨਾਂ ਦਾ ਰਾਜ ਸੀ, ਅਫਗਾਨਾਂ ਜਾਂ ਅੰਗਰੇਜ਼ਾਂ ਦਾ, ਜਾਂ ਫਿਰ ਦੇਸ਼ ਦੀ ਸੁਤੰਤਰਤਾ ਦੀ ਲੜਾਈ ਅਤੇ ਉਸ ਤੋਂ ਮਗਰੋਂ ਹਿੰਦ-ਪਾਕ ਅਤੇ ਹਿੰਦ-ਚੀਨ ਦੀ ਲੜਾਈ, ਸਿੱਖਾਂ ਨੇ ਹਮੇਸ਼ਾਂ ਆਪਣੀ ਜਾਨ 'ਤੇ ਖੇਡ ਕੇ ਆਪਣੇ ਦੇਸ਼ ਦੀ ਰੱਖਿਆ ਕੀਤੀ ਹੈ। ਗੁਰੂ ਕਾ ਸਿੱਖ ਆਪਣੇ ਧਰਮ, ਦੇਸ਼ ਅਤੇ ਸ੍ਵੈਮਾਨ ਲਈ ਕੁਰਬਾਨ ਤਾਂ ਹੋ ਸਕਦਾ ਹੈ ਪਰ ਉਹ ਲੜਾਈ ਦੇ ਮੈਦਾਨ ਵਿੱਚੋਂ ਪਿੱਠ ਵਿਖਾ ਕੇ ਭੱਜ ਨਹੀਂ ਸਕਦਾ। ੧੨ ਸਤੰਬਰ, ੧੮੯੭ ਨੂੰ ਲੜੀ ਗਈ ਸਾਰਾਗੜ੍ਹੀ ਦੀ ਜੰਗ ਇਸ ਦੀ ਖ਼ੂਬਸੂਰਤ ਮਿਸਾਲ ਹੈ ਜਦੋਂ ੩੬ਵੀਂ ਸਿੱਖ ਰੈਜਮੈਂਟ ਦੇ ੨੧ ਸਿੱਖ ਸੈਨਿਕ ੧੦,੦੦੦ ਕਬਾਇਲੀਆਂ ਦਾ ਮੁਕਾਬਲਾ ਕਰਦੇ, ਇਕ-ਇਕ ਕਰ ਕੇ ਸ਼ਹੀਦ ਤਾਂ ਹੋ ਗਏ ਪਰ ਉਨ੍ਹਾਂ ਨੇ ਆਪਣੀ ਜਾਨ ਬਚਾਉਣ ਲਈ ਹਮਲਾਵਰਾਂ ਦੀ ਕੋਈ ਸ਼ਰਤ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਸਾਰਾਗੜ੍ਹੀ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਖੇ ਸਥਾਪਿਤ ਹਨ।

੩੬ ਨੰਬਰ ਪਲਟਨ ਜਿਸ ਨੂੰ ਹੁਣ '੪ ਸਿੱਖ ਰੈਜਮੈਂਟ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ੨੩ ਮਾਰਚ, ੧੮੮੭ ਈਸਵੀ ਨੂੰ ਕਰਨਲ ਜੇ. ਕੁੱਕ ਦੀ ਕਮਾਨ ਹੇਠ ਜਲੰਧਰ ਛਾਉਣੀ ਵਿਖੇ ਸਥਾਪਿਤ ਕੀਤੀ ਗਈ ਸੀ। ੧੮੯੧ ਤੋਂ ੧੮੯੪ ਤਕ ਇਸ ਰੈਜਮੈਂਟ ਨੇ ਆਸਾਮ ਵਿਚ ਹੋਈ ਇਕ ਜ਼ਬਰਦਸਤ ਬਗ਼ਾਵਤ ਨੂੰ ਦਬਾ ਦਿੱਤਾ ਸੀ। ਇਸ ਬਗ਼ਾਵਤ ਨੂੰ ਦਬਾਉਣ ਕਰਕੇ ਆਰਮੀ ਹੈੱਡਕੁਆਰਟਰ ਵੱਲੋਂ ਰੈਜਮੈਂਟ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਗਈ। ੧੮੯੬ ਵਿਚ ਇਸ ਰੈਜਮੈਂਟ ਦੇ ਸੈਨਿਕਾਂ ਨੂੰ ਕੋਹਾਟ (ਉੱਤਰ-ਪੱਛਮੀ ਸੀਮਾ) ਵਿਖੇ ਭੇਜ ਦਿੱਤਾ ਗਿਆ ਤੇ ਜਨਵਰੀ ੧੮੯੭ ਨੂੰ ਕੋਹਾਟ ਤੋਂ ਬਦਲ ਕੇ ਫੋਰਟ ਲਾਕ ਹਾਰਟ ਤਬਦੀਲ ਕਰ ਦਿੱਤਾ ਗਿਆ। ਫੋਰਟ ਲਾਕ ਹਾਰਟ ਦੀ ਇਕ ਪਿਕਿਟ ਦਾ ਨਾਮ ਸਾਰਾਗੜ੍ਹੀ ਸੀ ਤੇ ਦੂਸਰੀ ਦਾ ਨਾਮ ਗੁਲਿਸਤਾਨ। ਉਦੋਂ ਇਸ ਰੈਜਮੈਂਟ ਦੀ ਕਮਾਨ ਲੈਫਟੀਨੈਂਟ ਕਰਨਲ ਹਾਟਨ ਕਰ ਰਹੇ ਸਨ। ਇਹ ਚੌਕੀਆਂ ਸਮਾਨਾ ਦੀਆਂ ਪਹਾੜੀਆਂ ਵਿਚ ਸਨ।

** # ੪੪, ਰਾਘਵਪੁਰਾ, ਕਰੋਲ ਬਾਗ, ਨਵੀਂ ਦਿੱਲੀ।*

੨੭ ਅਗਸਤ, ੧੮੯੭ ਨੂੰ ਅਰਕਜ਼ਈ ਅਤੇ ਅਫਰੀਦੀ ਕਬੀਲੇ ਦੇ ਪਠਾਣਾਂ ਨੇ ਗੁਲਿਸਤਾਨ ਪੋਸਟ 'ਤੇ ਹਮਲਾ ਕਰ ਦਿੱਤਾ। ਇਸ ਸਮੇਂ ਕਰਨਲ ਹਾਟਨ ਕਿਲ੍ਹਾ ਲਾਕ ਹਾਰਟ ਦੇ ਇੰਚਾਰਜ ਸਨ। ਉਨ੍ਹਾਂ ਨੇ ਆਪਣੇ ਕੁਝ ਜਵਾਨਾਂ ਦੀ ਮਦਦ ਨਾਲ ਗੁਲਿਸਤਾਨ ਦੀ ਪੋਸਟ ਤਾਂ ਬਚਾ ਲਈ ਪਰ ਆਪ ਜ਼ਖ਼ਮੀ ਹੋ ਗਏ। ੨੮ ਅਗਸਤ ਨੂੰ ਕਬਾਇਲੀਆਂ ਨੇ ਸੰਹਾਰ ਅਤੇ ਸਹਤੋਪਧਾਰ ਦੀਆਂ ਛੋਟੀਆਂ ਪੋਸਟਾਂ 'ਤੇ ਹਮਲਾ ਕੀਤਾ। ਪਰ ਉਸ ਹਮਲੇ ਵਿਚ ਵੀ ਉਹ ਸਫਲ ਨਾ ਹੋ ਸਕੇ। ੩ ਸਤੰਬਰ ਨੂੰ ਪਠਾਣਾਂ ਨੇ ਗੁਲਿਸਤਾਨ ਪੋਸਟ 'ਤੇ ਫਿਰ ਹਮਲਾ ਕਰ ਦਿੱਤਾ ਅਤੇ ਹਿਫ਼ਾਜ਼ਤੀ ਲਾਈਨਾਂ ਨੂੰ ਤਿੰਨ ਤਰਫ਼ ਤੋਂ ਅੱਗ ਲਗਾ ਦਿੱਤੀ। ਮੇਜਰ ਡੇਵਿਸ ਜੋ ਕਿ ਉਸ ਸਮੇਂ ਇਸ ਪੋਸਟ ਦੇ ਕਮਾਂਡਰ ਸਨ, ਨੇ ਆਪਣੇ ਬੰਦਿਆਂ ਨੂੰ ਹੁਕਮ ਦਿੱਤਾ ਕਿ ਉਹ ਪੋਸਟ ਤੋਂ ਬਾਹਰ ਆ ਕੇ ਅੱਗ ਬੁਝਾਉਣ ਦਾ ਕੰਮ ਕਰਨ। ਕਮਾਂਡਰ ਦਾ ਹੁਕਮ ਮਿਲਦਿਆਂ ਹੀ ਸ. ਸੁੰਦਰ ਸਿੰਘ, ਸ. ਹੰਸਾ ਸਿੰਘ, ਸ. ਜੀਵਨ ਸਿੰਘ, ਸ. ਗੁਰਮੁਖ ਸਿੰਘ, ਸ. ਸੋਭਾ ਸਿੰਘ ਤੇ ਸ. ਭੋਲਾ ਸਿੰਘ ਬਾਹਰ ਨਿਕਲੇ। ਉਨ੍ਹਾਂ ਜਵਾਨਾਂ ਨੇ ਨਾ ਸਿਰਫ਼ ਕਬਾਇਲੀਆਂ ਵੱਲੋਂ ਲਗਾਈ ਅੱਗ ਹੀ ਬੁਝਾ ਦਿੱਤੀ ਸਗੋਂ ਉਨ੍ਹਾਂ ਦੇ ਹਮਲੇ ਨੂੰ ਵੀ ਪੂਰੀ ਤਰ੍ਹਾਂ ਨਾਕਾਮਯਾਬ ਕਰ ਦਿੱਤਾ। ਇਹੋ ਜਿਹੇ ਹਮਲੇ ੩ ਸਤੰਬਰ ਤੋਂ ੯ ਸਤੰਬਰ, ੧੮੯੭ ਤਕ ਜਾਰੀ ਰਹੇ ਪਰ ਸਾਰਾਗੜ੍ਹੀ ਦੇ ਸਤਰਕ ਸੈਨਿਕਾਂ ਕਾਰਨ ਦੁਸ਼ਮਨ ਕਿਸੇ ਵੀ ਪੋਸਟ 'ਤੇ ਸਫਲਤਾ ਹਾਸਲ ਨਾ ਕਰ ਸਕੇ ਸਗੋਂ ਉਨ੍ਹਾਂ ਨੂੰ ਭਾਰੀ ਨੁਕਸਾਨ ਉਠਾ ਕੇ ਪਿੱਛੇ ਹਟਣਾ ਪੈ ਗਿਆ। ੪ ਸਤੰਬਰ ਨੂੰ ਦੁਸ਼ਮਨ ਅਫਰੀਦੀਆਂ ਨੇ ਵਾਪਸ ਪਰਤਣ ਸਮੇਂ ਪੁਲਿਸ ਦੀਆਂ ਸਾਰੀਆਂ ਪੋਸਟਾਂ ਨੂੰ ਅੱਗ ਲਗਾ ਦਿੱਤੀ।

੮ ਸਤੰਬਰ, ੧੮੯੭ ਨੂੰ ਦੁਸ਼ਮਨ ਨੇ ਫਿਰ ਗੁਲਿਸਤਾਨ, ਸੰਗਰ ਤੇ ਧਾਰ ਪੋਸਟਾਂ 'ਤੇ ਹਮਲਾ ਕਰ ਦਿੱਤਾ ਤੇ ਇਕ ਸੁਕਵੈਡਰਨ ਜਿਹੜਾ ਕੁਰਮ ਘਾਟੀ ਵਿੱਚੋਂ ਰਾਸ਼ਨ ਲੈ ਕੇ ਲੰਘ ਰਿਹਾ ਸੀ, ਨੂੰ ਲੁੱਟ ਲਿਆ। ੧੧ ਸਤੰਬਰ ਨੂੰ ਇਕ ਹੋਰ ਬੰਦਾ ਜੋ ਭੰਗੂ ਨੂੰ ਵਾਪਸ ਆ ਰਿਹਾ ਸੀ, ਨੂੰ ਅਰਕਜ਼ਈ ਪਠਾਣਾਂ ਨੇ ਲੁੱਟ ਲਿਆ। ਹੁਣ ਪਠਾਣਾਂ ਨੇ ਸਾਰਾਗੜ੍ਹੀ ਨੂੰ ਨਸ਼ਟ ਕਰਨ ਦਾ ਫ਼ੈਸਲਾ ਕਰ ਲਿਆ। ਇਹੀ ਚੌਕੀ ਉਨ੍ਹਾਂ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਬਣੀ ਹੋਈ ਸੀ।

ਸਾਰਾਗੜ੍ਹੀ ਪਹਾੜੀ ਪੱਥਰਾਂ ਨਾਲ ਬਣਾਇਆ ਇਕ ਛੋਟਾ ਜਿਹਾ ਕਿਲ੍ਹਾ ਸੀ, ਜਿਸ ਵਿਚ ੩੬ ਸਿੱਖ ਬਟਾਲੀਅਨ ਦੇ ੨੧ ਸਿੱਖ ਸੈਨਿਕ ਤੈਨਾਤ ਸਨ। ਦੁਸ਼ਮਨਾਂ ਵੱਲੋਂ ਕੀਤੀ ਜਾ ਰਹੀ ਹਰ ਕਾਰਵਾਈ ਦੀ ਸੂਚਨਾ ਸ. ਗੁਰਮੁਖ ਸਿੰਘ ਸ਼ੀਸ਼ੇ ਅਤੇ ਝੰਡੇ ਦੀ ਸਹਾਇਤਾ ਨਾਲ ਲਾਕ ਹਾਰਟ ਦੇ ਕਮਾਂਡਰ ਤਕ ਪਹੁੰਚਾ ਰਿਹਾ ਸੀ।

੧੨ ਸਤੰਬਰ, ੧੮੯੭ ਨੂੰ ਸਵੇਰ ਦੇ ੯ ਵਜੇ ਕਰੀਬ ੧੦,੦੦੦ ਪਠਾਣਾਂ ਨੇ ਇਕੱਠੇ ਹੋ ਕੇ ਸਾਰਾਗੜ੍ਹੀ ਪੋਸਟ 'ਤੇ ਹਮਲਾ ਬੋਲ ਦਿੱਤਾ ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਗੜ੍ਹੀ ਵਿਚ ਤੈਨਾਤ ਸਿੱਖ ਸੈਨਿਕਾਂ ਨੇ ਅਰਦਾਸਾ ਸੋਧ ਕੇ ਪਠਾਣਾਂ ਦੇ ਇਸ

ਹਮਲੇ ਦਾ ਡੱਟ ਕੇ ਮੁਕਾਬਲਾ ਕਰਨ ਦਾ ਫ਼ੈਸਲਾ ਕਰ ਲਿਆ ਕਿਉਂਕਿ ਇਹ ਗੜ੍ਹੀ ਇਕ ਵੀਰਾਨ ਜਿਹੀ ਜਗ੍ਹਾ 'ਤੇ ਸਥਿਤ ਸੀ ਇਸ ਲਈ ਇਸ ਚੌਕੀ ਅੰਦਰ ਤੈਨਾਤ ਜਵਾਨਾਂ ਨੂੰ ਬਾਹਰੋਂ ਕੋਈ ਸਹਾਇਤਾ ਨਹੀਂ ਸੀ ਭੇਜੀ ਜਾ ਸਕਦੀ। ਹਾਲਾਤ ਅਤਿ ਗੰਭੀਰ ਬਣ ਗਏ ਸਨ। ਸਾਰਾਗੜ੍ਹੀ ਦੇ ਸਿੱਖ ਸੈਨਿਕਾਂ ਨੂੰ ਚਮਕੌਰ ਦੀ ਗੜ੍ਹੀ ਵਾਲੀ ਇਤਿਹਾਸਕ ਘਟਨਾ ਯਾਦ ਸੀ ਤੇ ਉਹ ਪੂਰਨ ਚੜ੍ਹਦੀ ਕਲਾ ਵਿਚ ਸਨ।

ਸਾਰਾਗੜ੍ਹੀ ਚੌਕੀ ਦੇ ਇੰਚਾਰਜ ਸ. ਈਸ਼ਰ ਸਿੰਘ ਅਤੇ ਸੂਚਨਾ ਭੇਜਣ ਵਾਲੇ ਸੈਨਿਕ ਸ. ਗੁਰਮੁਖ ਸਿੰਘ ਵੱਲੋਂ ਭੇਜੇ ਗਏ ਸੁਨੇਹੇ ਮਗਰੋਂ ਵੱਡੀ ਚੌਕੀ ਲਾਕ ਹਾਰਟ ਵਿਚ ਤੈਨਾਤ ਅੰਗਰੇਜ਼ ਅਫ਼ਸਰ ਕਰਨਲ ਹਾਟਨ ਨੇ ਮੋੜਵੇਂ ਸੁਨੇਹੇ ਵਿਚ ਹੁਕਮ ਦਿੱਤਾ ਕਿ ਗੜ੍ਹੀ ਦੀ ਰੱਖਿਆ ਹਰ ਕੀਮਤ 'ਤੇ ਕੀਤੀ ਜਾਣੀ ਚਾਹੀਦੀ ਹੈ, ਚਾਹੇ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਕਰਨਲ ਦਾ ਹੁਕਮ ਮਿਲਦਿਆਂ ਹੀ ਸਿੱਖ ਸੈਨਿਕਾਂ ਨੇ ਆਪਣੀਆਂ-ਆਪਣੀਆਂ ਪੁਜ਼ੀਸ਼ਨਾਂ ਸੰਭਾਲ ਲਈਆਂ ਤੇ ਸ਼ਹੀਦੀ ਜਾਮ ਪੀਣ ਲਈ ਡੱਟ ਗਏ।

ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਨਾਇਕ ਸ. ਲਾਲ ਸਿੰਘ, ਸ. ਭਗਵਾਨ ਸਿੰਘ ਅਤੇ ਸਿਪਾਹੀ ਸ. ਜੀਵਾ ਸਿੰਘ ਗੜ੍ਹੀ 'ਚੋਂ ਬਾਹਰ ਨਿਕਲੇ ਤੇ ਉਨ੍ਹਾਂ ਨੇ ਦੁਸ਼ਮਨ ਦੀ ਫਾਇਰਿੰਗ ਦਾ ਜਵਾਬ ਫਾਇਰਿੰਗ ਨਾਲ ਦੇਣਾ ਸ਼ੁਰੂ ਕਰ ਦਿੱਤਾ। ਕੁਝ ਦੇਰ ਦੀ ਫਾਇਰਿੰਗ ਮਗਰੋਂ ਗੋਲੀ ਲੱਗਣ ਨਾਲ ਸ. ਭਗਵਾਨ ਸਿੰਘ ਉਥੇ ਹੀ ਸ਼ਹੀਦ ਹੋ ਗਏ। ਬਾਕੀ ਦੇ ਦੋ ਸੈਨਿਕ ਵੀ ਇਸ ਗੋਲਾਬਾਰੀ ਵਿਚ ਗੰਭੀਰ ਜ਼ਖ਼ਮੀ ਹੋ ਗਏ ਸਨ। ਉਹ ਕਿਸੇ ਤਰ੍ਹਾਂ ਆਪਣੇ ਸਾਥੀ ਸ. ਭਗਵਾਨ ਸਿੰਘ ਦਾ ਮ੍ਰਿਤਕ ਸਰੀਰ ਚੁੱਕ ਕੇ ਗੜ੍ਹੀ ਵਿਚ ਆ ਗਏ। ਸ. ਗੁਰਮੁਖ ਸਿੰਘ (ਝੰਡੀ ਵਾਲਾ) ਆਪਣੇ ਝੰਡੇ ਅਤੇ ਸੂਰਜੀ ਰੌਸ਼ਨੀ ਦੇ ਸੰਚਾਰ ਉਪਕਰਣ ਨਾਲ ਗੜ੍ਹੀ ਦੇ ਅੰਦਰ ਅਤੇ ਬਾਹਰ ਵਾਪਰਨ ਵਾਲੀ ਹਰ ਘਟਨਾ ਦੀ ਸੂਚਨਾ ਲਗਾਤਾਰ ਕਰਨਲ ਹਾਟਨ ਤਕ ਪਹੁੰਚਾ ਰਿਹਾ ਸੀ।

ਇਸ ਗੜ੍ਹੀ ਦੇ ਇਕ ਪਾਸੇ ਸਿੱਧੀ ਢਲਾਣ ਸੀ ਤੇ ਇਧਰੋਂ ਹਮਲਾ ਕਰਨਾ ਬਹੁਤ ਔਖਾ ਸੀ। ਪਰ ਬਾਕੀ ਤਿੰਨ ਪਾਸਿਆਂ ਵੱਲ ਥੋੜ੍ਹੀਆਂ ਢਲਾਣਾਂ ਹੋਣ ਕਰਕੇ ਕਬਾਇਲੀ ਬਾਰ-ਬਾਰ ਇਧਰੋਂ ਹੀ ਹਮਲਾ ਕਰ ਰਹੇ ਸਨ। ਗੜ੍ਹੀ ਵਿਚ ਘਿਰੇ ਹੋਏ ਸਿੰਘ ਜੈਕਾਰੇ ਬੁਲਾ-ਬੁਲਾ ਕੇ ਆਪਣੀ ਹੋਂਦ ਅਤੇ ਦ੍ਰਿੜ੍ਹਤਾ ਦਾ ਸਬੂਤ ਦੇ ਰਹੇ ਸਨ। ਲੜਾਈ ਸ਼ੁਰੂ ਹੋਇਆਂ ੬ ਘੰਟੇ ਹੋ ਚੱਲੇ ਸਨ ਪਰ ਅਜੇ ਤਕ ੧੦,੦੦੦ ਕਬਾਇਲੀ ਪਠਾਣ ਇਸ ਚੌਕੀ ਨੂੰ ਜਿੱਤ ਸਕਣ ਵਿਚ ਕਾਮਯਾਬ ਨਹੀਂ ਸਨ ਹੋਏ। ਇਨ੍ਹਾਂ ੬ ਘੰਟਿਆਂ ਵਿਚ ੬੦੦ ਪਠਾਣ ਮਾਰੇ ਜਾ ਚੁਕੇ ਸਨ ਜਦਕਿ ਮੁਕਾਬਲਾ ਕਰ ਰਹੇ ੨੧ ਸਿੱਖ ਸੈਨਿਕਾਂ ਵਿੱਚੋਂ ੧੨ ਸ਼ਹੀਦ ਹੋ ਚੁਕੇ ਸਨ। ਹੁਣ ਕੇਵਲ ਨਾਇਕ ਸ. ਈਸ਼ਰ ਸਿੰਘ ਆਪਣੇ ਬਚੇ ਹੋਏ ੮ ਸਿੱਖ ਸੂਰਬੀਰਾਂ ਨਾਲ ਦੁਸ਼ਮਨਾਂ ਦਾ ਮੁਕਾਬਲਾ ਕਰ ਰਿਹਾ ਸੀ। 'ਐਨਸਾਈਕਲੋਪੀਡੀਆ ਆਫ ਸਿੱਖਇਜ਼ਮ' ਭਾਗ ਚੌਥਾ, ਪੰਨਾ ੫੯ ਉੱਪਰ ਲਿਖਿਆ

ਹੈ : *Havaldar (Nayak) Ishar Singh and his men, undaunted by the hopeless situation they were in, fought with grim determination.*

੨ ਵਜੇ ਦੇ ਕਰੀਬ ਸ. ਗੁਰਮੁਖ ਸਿੰਘ ਨੇ ਲਾਕ ਹਾਰਟ ਦੇ ਕਿਲ੍ਹੇ ਵਿਚ ਤੈਨਾਤ ਕਰਨਲ ਹਾਟਨ ਨੂੰ ਸੂਚਨਾ ਦਿੱਤੀ ਕਿ ਗੜ੍ਹੀ ਵਿਚਲਾ ਸਾਰਾ ਗੋਲਾ-ਬਾਰੂਦ ਮੁੱਕ ਗਿਆ ਹੈ, ਹੁਣ ਕੀ ਆਦੇਸ਼ ਹੈ। ਕਰਨਲ ਸਾਹਿਬ ਦਾ ਹੁਕਮ ਸੀ, ਡਟੇ ਰਹੋ ਤੇ ਜਿਸ ਤਰ੍ਹਾਂ ਹੋ ਸਕੇ ਦੁਸ਼ਮਨ ਦਾ ਮੁਕਾਬਲਾ ਕਰਦੇ ਰਹੋ।

ਸਾਰਾਗੜ੍ਹੀ ਦੇ ਅੰਦਰੋਂ ਫਾਇਰਿੰਗ ਦਾ ਜਵਾਬ ਨਾ ਮਿਲਣ ਕਰਕੇ ਕਬਾਇਲੀ ਅੱਗੇ ਵਧਦੇ ਆ ਰਹੇ ਸਨ। ਗੜ੍ਹੀ ਦੇ ਨੇੜੇ ਪਹੁੰਚ ਕੇ ਉਨ੍ਹਾਂ ਨੇ ਇਕ ਕੰਧ ਵਿਚ ਪਾੜ ਪਾਇਆ ਅਤੇ ਇਸ ਪਾਸੇ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਅੱਗ ਲਗਾ ਦਿੱਤੀ। ਜਿਸ ਵੇਲੇ ਦੁਸ਼ਮਨ-ਸੈਨਾ ਕਿਲ੍ਹੇ ਦੇ ਉੱਪਰ ਚੜ੍ਹੀ ਤਾਂ ਉਸ ਵੇਲੇ ਗੜ੍ਹੀ ਵਿਚ ਕੇਵਲ ੭ ਸਿੱਖ ਸੈਨਿਕ ਜ਼ਿੰਦਾ ਬਚੇ ਸਨ। ਇਕ ਵਾਰ ਫਿਰ ਸ. ਗੁਰਮੁਖ ਸਿੰਘ ਨੇ ਲਾਕ ਹਾਰਟ ਦੇ ਕਿਲ੍ਹੇ ਵਿਚ ਸੂਚਨਾ ਭੇਜੀ ਕਿ ਅਸੀਂ ਹਰ ਪਾਸੇ ਤੋਂ ਘਿਰ ਗਏ ਹਾਂ ਪਰ ਫ਼ਿਕਰ ਨਾ ਕਰੋ, ਅਸੀਂ ਆਪਣੀ ਸ਼ਹੀਦੀ-ਪਰੰਪਰਾ ਨੂੰ ਦਾਗ਼ ਨਹੀਂ ਲੱਗਣ ਦਿਆਂਗੇ।

ਇਸ ਗਹਿਗੱਚ ਤੇ ਅਣ-ਸਾਵੀਂ ਲੜਾਈ ਵਿਚ ਬਚੇ ਹੋਏ ਸੱਤ ਸਿੰਘਾਂ ਵਿੱਚੋਂ ਛੇ ਸਿੰਘ ਸ਼ਹੀਦੀ ਪਾ ਗਏ। ਹੁਣ ਕੇਵਲ ਸੂਚਨਾ ਭੇਜਣ ਵਾਲਾ ਸ. ਗੁਰਮੁਖ ਸਿੰਘ ਹੀ ਬਚਿਆ ਸੀ। ਹੁਣ ਉਸ ਨੇ ਕਰਨਲ ਹਾਟਨ ਕੋਲੋਂ ਆਗਿਆ ਮੰਗੀ ਕਿ ਉਹ ਸੰਚਾਰ ਉਪਕਰਣਾਂ ਨੂੰ ਬੰਦ ਕਰ ਕੇ ਆਪਣੀ ਰਾਈਫਲ ਚੁੱਕ ਕੇ ਦੁਸ਼ਮਨਾਂ ਨਾਲ ਭਿੜ ਜਾਵੇ। ਆਗਿਆ ਮਿਲਦੇ ਹੀ ਉਸ ਨੇ ਸੰਚਾਰ-ਸਾਧਨਾਂ ਲਈ ਵਰਤੇ ਜਾ ਰਹੇ ਸਾਰੇ ਉਪਕਰਣ ਕੱਪੜੇ ਦੇ ਥੈਲੇ ਵਿਚ ਬੰਦ ਕੀਤੇ ਅਤੇ 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਹਿ' ਦਾ ਨਾਅਰਾ ਬੁਲੰਦ ਕਰਦਾ, ਆਪਣੀ ਰਾਈਫਲ ਚੁੱਕ ਕੇ ਦੁਸ਼ਮਨਾਂ 'ਤੇ ਟੁੱਟ ਕੇ ਪੈ ਗਿਆ। ਕਬਾਇਲੀ ਅਫਗਾਨ ਮੰਨਦੇ ਹਨ ਕਿ ਇਕੱਲੇ ਗੁਰਮੁਖ ਸਿੰਘ ਨੇ 'ਸ਼ਹੀਦ' ਹੋਣ ਤੋਂ ਪਹਿਲਾਂ ਸਾਡੇ ੨੦ ਬੰਦਿਆਂ ਨੂੰ ਢੇਰੀ ਕਰ ਦਿੱਤਾ ਸੀ। ਗੜ੍ਹੀ ਦਾ 'ਕਮਾਂਡਰ' ਹਵਾਲਦਾਰ ਈਸ਼ਰ ਸਿੰਘ ਵੀ ਆਖ਼ਰੀ ਗੋਲੀ ਤਕ ਪਠਾਣਾਂ ਨਾਲ ਜੂਝਦਾ ਸ਼ਹੀਦ ਹੋ ਚੁੱਕਾ ਸੀ।

ਗੜ੍ਹੀ ਦੇ ਸਾਰੇ ਸਿੰਘਾਂ ਦੇ ਸ਼ਹੀਦ ਹੋ ਜਾਣ ਮਗਰੋਂ ਕਬਾਇਲੀਆਂ ਨੇ ਆਪਣੇ ਸਾਥੀਆਂ ਦੀਆਂ ਲਾਸ਼ਾਂ ਨੂੰ ਗੜ੍ਹੀ 'ਚੋਂ ਬਾਹਰ ਕੱਢ ਕੇ ਗੜ੍ਹੀ ਨੂੰ ਅੱਗ ਲਗਾ ਦਿੱਤੀ। ਸ਼ਹੀਦ ਹੋਣ ਵਾਲੇ ਸਿੱਖ-ਸ਼ਹੀਦਾਂ ਦੀ ਇਕ ਤਰ੍ਹਾਂ ਨਾਲ ਇਹ ਆਖ਼ਰੀ ਰਸਮ ਸੀ। ਉਹ ਆਪਣਾ ਫ਼ਰਜ਼ ਨਿਭਾਉਂਦੇ ਤੇ ਸੂਰਮਤਾਈ ਦੀ ਸਰਵਉੱਚ ਮਿਸਾਲ ਕਾਇਮ ਕਰ ਕੇ ਆਖ਼ਰ ਗੜ੍ਹੀ ਦੀ ਰਾਖ਼ ਵਿਚ ਹੀ ਮਿਲ ਗਏ ਸਨ। ਬ੍ਰਿਗੇਡੀਅਰ ਡੀ.ਐਮ. ਬਾਹੀ ਨੇ 'ਟਾਈਮਜ਼ ਆਫ ਇੰਡੀਆ' ਦੇ ੨੨ ਸਤੰਬਰ ੧੯੯੭ ਦੇ ਅੰਕ ਵਿਚ ਲਿਖਿਆ ਸੀ:

*The smouldering ruins of Saragarhi formed a befitting funeral pyre for the immortal heroes... they fought to the 'last man and last bullet' not yielding an inch of ground to the enemy.*

ਇਕ ਕਵੀ ਨੇ ਲਿਖਿਆ ਹੈ:

*On Saragarhi remparts died the Bravest of the Brave*
*'Neath Saragarhi' ruined walls*
*found a fitting grave,*
*for Saragarhi bens the fame,*
*They gave their lives to save.*

ਅਗਲੀ ਸਵੇਰ (੧੩ ਸਤੰਬਰ, ੧੮੯੭) ਨੂੰ ਜਦੋਂ ਰਾਹਤ ਦਲ ਸਾਰਾਗੜ੍ਹੀ ਪਹੁੰਚਿਆ ਤਾਂ ਉਥੇ ਇਕ ਦਿਨ ਪਹਿਲਾਂ ਹੋਈ ਘਮਸਾਣ ਦੀ ਲੜਾਈ ਅਤੇ ਸਿੱਖ ਸ਼ਹੀਦਾਂ ਦੀਆਂ ਨਿਸ਼ਾਨੀਆਂ ਆਪਣੀ ਦਾਸਤਾਨ ਆਪ ਬਿਆਨ ਕਰ ਰਹੀਆਂ ਸਨ। ਭਾਰੀ ਨੁਕਸਾਨ ਉਠਾ ਕੇ ਪਰਤ ਚੁੱਕੇ ਪਠਾਣਾਂ ਨੇ ਵੀ ਕਦੇ ਨਹੀਂ ਸੀ ਸੋਚਿਆ ਕਿ ੨੧ ਸਿੱਖ ਸੂਰਬੀਰ ਉਨ੍ਹਾਂ ਦਾ ਇਤਨਾ ਨੁਕਸਾਨ ਕਰ ਦੇਣਗੇ। ਸਾਰਾਗੜ੍ਹੀ ਵਿਖੇ ਸ਼ਹੀਦ ਹੋਣ ਵਾਲੇ ਸੂਰਬੀਰਾਂ ਦੇ ਨਾਮ ਇਸ ਪ੍ਰਕਾਰ ਹਨ:

| **ਪੇਟੀ ਨੰਬਰ** | **ਰੈਂਕ** | **ਨਾਮ** |
|---|---|---|
| ੧੬੫ | ਹਵਾਲਦਾਰ | ਈਸ਼ਰ ਸਿੰਘ |
| ੩੩੨ | ਨਾਇਕ | ਲਾਲ ਸਿੰਘ |
| ੫੪੬ | ਲਾਂਸ ਨਾਇਕ | ਚੰਦਾ ਸਿੰਘ |
| ੧੩੨੧ | ਸਿਪਾਹੀ | ਸੁੰਦਰ ਸਿੰਘ |
| ੪੯੨ | ਸਿਪਾਹੀ | ਉੱਤਮ ਸਿੰਘ |
| ੮੫੯ | ਸਿਪਾਹੀ | ਹੀਰਾ ਸਿੰਘ |
| ੭੯੧ | ਸਿਪਾਹੀ | ਭੋਲਾ ਸਿੰਘ |
| ੮੩੪ | ਸਿਪਾਹੀ | ਨਾਰਾਇਣ ਸਿੰਘ |
| ੮੭੪ | ਸਿਪਾਹੀ | ਦੀਵਾਨ ਸਿੰਘ |
| ੪੬੩ | ਸਿਪਾਹੀ | ਰਾਮ ਸਿੰਘ |
| ੧੨੫੭ | ਸਿਪਾਹੀ | ਭਗਵਾਨ ਸਿੰਘ |
| ੧੬੫੧ | ਸਿਪਾਹੀ | ਜੀਵਾ ਸਿੰਘ |
| ੭੮੨ | ਸਿਪਾਹੀ | ਸਾਹਿਬ ਸਿੰਘ |
| ੨੮੭ | ਸਿਪਾਹੀ | ਰਾਮ ਸਿੰਘ |
| ੬੮੭ | ਸਿਪਾਹੀ | ਦਇਆ ਸਿੰਘ |

| | | |
|---|---|---|
| ੭੮੧ | ਸਿਪਾਹੀ | ਜੀਵਨ ਸਿੰਘ |
| ੮੪੪ | ਸਿਪਾਹੀ | ਗੁਰਮੁਖ ਸਿੰਘ |
| ੧੭੩੩ | ਸਿਪਾਹੀ | ਗੁਰਮੁਖ ਸਿੰਘ |
| ੧੨੬੫ | ਸਿਪਾਹੀ | ਭਗਵਾਨ ਸਿੰਘ |
| ੧੫੫੬ | ਸਿਪਾਹੀ | ਬੇਲਾ ਸਿੰਘ |
| ੧੨੨੧ | ਸਿਪਾਹੀ | ਨੰਦ ਸਿੰਘ |
| | ਸਵੀਪਰ | ਦਾਉ ਸਿੰਘ |

ਜਦੋਂ ਸਾਰਾਗੜ੍ਹੀ ਦੀ ਘਟਨਾ ਅਤੇ ਸਿੱਖ ਸੂਰਬੀਰਾਂ ਦੀ ਕੁਰਬਾਨੀ ਦੀ ਗੱਲ ਇੰਗਲੈਂਡ ਪਹੁੰਚੀ ਤਾਂ ਬ੍ਰਿਟਿਸ਼ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੇ ਸਾਰੇ ਮੈਂਬਰਾਂ ਨੇ ਖੜ੍ਹੇ ਹੋ ਕੇ ਇਨ੍ਹਾਂ ਬਹਾਦਰਾਂ ਦੀ ਅਦੁੱਤੀ ਕੁਰਬਾਨੀ ਨੂੰ ਸਰਾਹੁੰਦਿਆਂ ਕਿਹਾ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ੩੬ ਸਿੱਖ ਰੈਜਮੈਂਟ ਦੇ ਇਨ੍ਹਾਂ ਵੀਰ ਸੈਨਿਕਾਂ 'ਤੇ ਬੜਾ ਮਾਣ ਹੈ। ਜਿਸ ਦੇਸ਼ ਦੀ ਫੌਜ ਵਿਚ ਸਿੱਖਾਂ ਵਰਗੀ ਬਹਾਦਰ ਕੌਮ ਹੋਵੇ, ਉਹ ਦੇਸ਼ ਲੜਾਈ ਦੇ ਮੈਦਾਨ ਵਿਚ ਕਦੇ ਹਾਰ ਨਹੀਂ ਸਕਦਾ। ਸਾਰਾਗੜ੍ਹੀ ਦੀ ਜੰਗ ਸਾਮੂਹਿਕ ਸੂਰਮਗਤੀ ਦਾ ਇਕ ਅਸਾਧਾਰਨ ਕਾਰਨਾਮਾ ਹੈ ਜਿਸ ਵਰਗੀ ਕੋਈ ਹੋਰ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

ਇਨ੍ਹਾਂ ਸਿੱਖ ਸੈਨਿਕਾਂ ਦੀ ਬਹਾਦਰੀ ਅਤੇ ਫ਼ਰਜ਼ ਲਈ ਕੁਰਬਾਨ ਹੋ ਜਾਣ ਦੀ ਭਾਵਨਾ ਨੂੰ ਵੇਖਦੇ ਹੋਏ ਇੰਗਲੈਂਡ ਦੀ ਗੋਰੀ ਸਰਕਾਰ ਨੇ ਸਾਰੇ ਬਹਾਦਰਾਂ ਨੂੰ ਮਰਨ-ਉਪ੍ਰੰਤ 'ਇੰਡੀਅਨ ਆਰਡਰ ਆਫ ਮੈਰਿਟ' (ਆਈ.ਓ.ਐਮ.) ਨਾਲ ਸਨਮਾਨਿਤ ਕੀਤਾ ਤੇ ਉਨ੍ਹਾਂ ਦੇ ਵਾਰਸਾਂ ਨੂੰ ੫੦੦ ਰੁਪਏ ਨਕਦ ਅਤੇ ੨-੨ ਮੁਰੱਬੇ ਜ਼ਮੀਨ (੫੦ ਏਕੜ) ਦਿੱਤੀ ਗਈ ਤਾਂ ਕਿ ਉਹ ਸਨਮਾਨਜਨਕ ਜ਼ਿੰਦਗੀ ਜੀਅ ਸਕਣ। ਇਹ ਮੈਡਲ ਮਗਰੋਂ ਜਾਰੀ ਹੋਏ 'ਵਿਕਟੋਰੀਆ ਕਰਾਸ' ਅਤੇ ਆਜ਼ਾਦ ਭਾਰਤ ਵਿਚ ਦਿੱਤੇ ਜਾਂਦੇ 'ਪਰਮਵੀਰ ਚੱਕਰ' ਦੇ ਬਰਾਬਰ ਸੀ। ੩੬ਵੀਂ ਸਿੱਖ ਬਟਾਲੀਅਨ ਨੂੰ ਵੀ ਜੰਗੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਇਨ੍ਹਾਂ ੨੧ ਸਿੰਘਾਂ ਦੀ ਸ਼ਹੀਦੀ ਨੇ ਸਾਰੇ ਯੂਰਪ ਵਿਚ ਧੁੰਮਾਂ ਪਾ ਦਿੱਤੀਆਂ। ਇਨ੍ਹਾਂ ਦੀ ਕੁਰਬਾਨੀ ਦੀਆਂ ਕਹਾਣੀਆਂ ਫਰਾਂਸ, ਇਟਲੀ ਅਤੇ ਜਾਪਾਨ ਆਦਿ ਦੇਸ਼ਾਂ ਦੇ ਸਕੂਲੀ ਬੱਚਿਆਂ ਨੂੰ ਪੜ੍ਹਾਈਆਂ ਜਾਣ ਲੱਗ ਪਈਆਂ।

ਅਲਾਹਾਬਾਦ ਦੇ ਅਖ਼ਬਾਰ 'ਪਾਇਨੀਅਰ' ਨੇ ਸਭ ਤੋਂ ਪਹਿਲਾਂ ਇਹ ਆਵਾਜ਼ ਉਠਾਈ ਕਿ ੨੧ ਸਿੱਖ ਸੂਰਬੀਰਾਂ ਦੇ ਮਾਣ ਵਿਚ ਕੋਈ ਢੁਕਵੀਂ ਯਾਦਗਾਰ ਕਾਇਮ ਕੀਤੀ ਜਾਏ। ਮਗਰੋਂ ਇਸ ਮਾਮਲੇ ਨੂੰ ਇੰਗਲੈਂਡ ਦੇ ਲੋਕਾਂ ਵੀ ਅਪਣਾ ਲਿਆ। ਭਾਰਤ ਅਤੇ ਇੰਗਲੈਂਡ ਦੇ ਲੋਕਾਂ ਨੇ ਇਸ ਕਾਰਜ ਲਈ ਦਿਲ ਖੋਲ੍ਹ ਕੇ ਪੈਸਾ ਦਿੱਤਾ ਜਿਸ ਦੇ ਨਤੀਜੇ ਵਜੋਂ ਸਾਰਾਗੜ੍ਹੀ ਵਿਖੇ ਇਕ ਬੁਰਜ, ਫੋਰਟ ਲਾਕ ਹਾਰਟ ਵਿਖੇ ਇਕ ਮੀਨਾਰ ਅਤੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਖੇ ਇਕ-ਇਕ ਗੁਰਦੁਆਰਾ ਸਥਾਪਿਤ

ਕੀਤਾ ਗਿਆ। ਅੰਮ੍ਰਿਤਸਰ ਵਾਲਾ ਗੁਰਦੁਆਰਾ ਚੌਂਕ ਧਰਮ ਸਿੰਘ ਮਾਰਕੀਟ ਦੇ ਨਜ਼ਦੀਕ ਹੈ ਜਿਸ ਵਿਚ ਲੱਗੀ ਮਾਰਬਲ ਦੀ ਸਿਲ 'ਤੇ ਉਨ੍ਹਾਂ ੨੧ ਸੂਰਬੀਰਾਂ ਦੇ ਨਾਮ ਦਰਜ ਹਨ ਜੋ ੧੨ ਸਤੰਬਰ, ੧੮੯੭ ਨੂੰ ਸਾਰਾਗੜ੍ਹੀ ਵਿਖੇ ਜੂਝਦੇ ਹੋਏ ਸ਼ਹੀਦ ਹੋ ਗਏ ਸਨ।

ਫਿਰੋਜ਼ਪੁਰ ਵਾਲੀ ਯਾਦਗਾਰ ਲੋਕਾਂ ਵੱਲੋਂ ਦਿੱਤੇ ਗਏ ਪੈਸੇ ਨਾਲ ਉਸਾਰੀ ਗਈ ਸੀ। ਇਸ ਲਈ ਇੰਗਲੈਂਡ ਦੀ ਮਲਕਾ ਨੇ ਵੀ ਬਹੁਤ ਸਾਰਾ ਫੰਡ ਪ੍ਰਦਾਨ ਕੀਤਾ ਸੀ। ਇਸ ਯਾਦਗਾਰ ਦਾ ਉਦਘਾਟਨ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਚਾਰਲਸ ਮੋਂਟਗੁਮਰੀ ਨੇ ੧੮ ਜਨਵਰੀ, ੧੯੦੪ ਨੂੰ ਕੀਤਾ ਸੀ। ਉਸੇ ਦਿਨ ਸਾਰਾਗੜ੍ਹੀ ਵਿਖੇ ਉਸਾਰੇ ਗਏ ਬੁਰਜ ਨੂੰ ਵੀ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਸੀ।

ਯੂਨੈਸਕੋ ਦੁਆਰਾ ਛਾਪੀ ਗਈ ਇਕ ਪੁਸਤਕ ਜਿਸ ਵਿਚ ਅਦੁੱਤੀ ਬਹਾਦਰੀ ਵਿਖਾਉਣ ਵਾਲੀਆਂ ਵਿਸ਼ਵ ਦੀਆਂ ੮ ਵੱਡੀਆਂ ਲੜਾਈਆਂ ਦਾ ਜ਼ਿਕਰ ਹੈ, ਸਾਰਾਗੜ੍ਹੀ ਦੀ ਜੰਗ ਵੀ ਉਨ੍ਹਾਂ ਵਿੱਚੋਂ ਇਕ ਹੈ। ਅੱਜ ਵੀ ਫਰਾਂਸ ਦੇ ਸਕੂਲਾਂ ਵਿਚ ਬੱਚਿਆਂ ਨੂੰ ਇਸ ਲੜਾਈ ਬਾਰੇ ਦੱਸਿਆ ਤੇ ਪੜ੍ਹਾਇਆ ਜਾਂਦਾ ਹੈ। ਪਰ ਅਫ਼ਸੋਸ ਹੈ ਕਿ ਸਾਡੇ ਸਕੂਲਾਂ ਅਤੇ ਕਾਲਜਾਂ ਦੀਆਂ ਪੁਸਤਕਾਂ ਵਿਚ ਸਾਰਾਗੜ੍ਹੀ ਦਾ ਕਿਤੇ ਕੋਈ ਜ਼ਿਕਰ ਨਹੀਂ ਮਿਲਦਾ ਅਤੇ ਨਾ ਹੀ ਅਸੀਂ ਆਪਣੀ ਨੌਜੁਆਨ ਪੀੜ੍ਹੀ ਨੂੰ ਇਸ ਬਾਰੇ ਦੱਸਣ ਦਾ ਕਦੇ ਕੋਈ ਯਤਨ ਹੀ ਕੀਤਾ ਹੈ।

ਸਾਰਾਗੜ੍ਹੀ ਦੀ ਜੰਗ ਸਾਹਸ, ਸਿਦਕ, ਚੜ੍ਹਦੀ ਕਲਾ ਅਤੇ ਕੁਰਬਾਨੀ ਦੀ ਇਕ ਅਮਰ ਗਾਥਾ ਹੈ ਜਿਸ ਨੂੰ ਬਾਰ-ਬਾਰ ਚੇਤੇ ਕਰਨ ਅਤੇ ਦੇਸ਼ਵਾਸੀਆਂ ਨੂੰ ਦੱਸਣ ਦੀ ਲੋੜ ਹੈ।

■

## ਸ੍ਰੀ ਦਰਬਾਰ ਸਾਹਿਬ, ਸ੍ਰੀ ਤਰਨਤਾਰਨ ਵਿਖੇ ਅੰਮ੍ਰਿਤ-ਸੰਚਾਰ

ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ ਤੋਂ ਮੈਨੇਜਰ ਸਾਹਿਬ ਦੀ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾਂਦੇ ਅੰਮ੍ਰਿਤ-ਸੰਚਾਰ ਸਮਾਗਮਾਂ ਸਮੇਂ ਮਿਤੀ ੧੫-੬-੦੭ ਨੂੰ ਕੁੱਲ ੪੪ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਜਿਨ੍ਹਾਂ ਵਿਚੋਂ ੨੭ ਪ੍ਰਾਣੀਆਂ ਨੂੰ ਕਕਾਰ ਗੁਰਦੁਆਰਾ ਸਾਹਿਬ ਵੱਲੋਂ ਭੇਟਾ ਰਹਿਤ ਦਿੱਤੇ ਗਏ। ਇਸੇ ਤਰ੍ਹਾਂ ਮਿਤੀ ੮-੭-੦੭ ਨੂੰ ਭਾਈ ਅਮਰਜੀਤ ਸਿੰਘ ਜੀ ਹਲਵਾਰੇ ਵਾਲਿਆਂ ਦੇ ਸਹਿਯੋਗ ਨਾਲ ਅੰਮ੍ਰਿਤ-ਸੰਚਾਰ ਹੋਇਆ, ਇਸ ਸਮੇਂ ੮੨ ਪ੍ਰਾਣੀ ਅਤੇ ਮਿਤੀ ੧੪-੭-੦੭ ਨੂੰ ੧੫੭ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇਨ੍ਹਾਂ ਸਾਰੇ ਪ੍ਰਾਣੀਆਂ ਨੇ ਗੁਰਦੁਆਰਾ ਸਾਹਿਬ ਤੋਂ ਕਕਾਰ ਭੇਟਾ-ਰਹਿਤ ਪ੍ਰਾਪਤ ਕੀਤੇ।

# ਡੇਰੇਦਾਰ ਵੱਲੋਂ ਗੁਰਬਾਣੀ ਦੀ ਤੋੜ-ਮਰੋੜ ਕਿਵੇਂ?

*-ਸ. ਇੰਦਰਜੀਤ ਸਿੰਘ ਗੋਗੋਆਣੀ**

ਪੰਜਾਬ ਵਿਚ ਵੱਡੀ ਪੱਧਰ 'ਤੇ ਸਰਗਰਮ ਗੁਰੂ ਗ੍ਰੰਥ ਤੇ ਗੁਰੂ-ਪੰਥ ਵਿਰੋਧੀ ਸ਼ਕਤੀਆਂ ਵੱਖ-ਵੱਖ ਦਿੱਸਦੀਆਂ ਹੋਈਆਂ ਵੀ ਇਕ ਨੁਕਤੇ ਉੱਤੇ ਸਾਂਝੀਆਂ ਹਨ ਕਿ ਇਹ ਸਾਰੇ ਪੂਜਾ ਆਪਣੇ ਸਰੀਰਾਂ ਦੀ ਕਰਵਾਉਂਦੇ ਹਨ ਅਤੇ ਵਰਤੋਂ ਮਕਸਦ ਲਈ ਗੁਰਬਾਣੀ ਦੀ ਕਰਦੇ ਹਨ। ਇਹ ਵੱਖ-ਵੱਖ ਗੱਦੀਆਂ 'ਤੇ ਹੁੰਦੇ ਹੋਏ ਵੀ ਕਰਨੀ ਤੇ ਕਰਤੂਤ ਪੱਖੋਂ ਇਕ ਹੀ ਹਨ। ਪੰਜਾਬੀ ਦਾ ਅਖਾਣ ਹੈ, 'ਕੁੱਕੜ ਰੰਗ-ਬਰੰਗੇ, ਬਾਂਗਾਂ ਇੱਕੋ ਜਿਹੀਆਂ'।

ਸਿੱਖ-ਪੰਥ ਲਈ ਸਭ ਤੋਂ ਖ਼ਤਰਨਾਕ ਇਹ ਲੋਕ ਇਸ ਕਰਕੇ ਹਨ ਕਿ ਇਹ ਨਾਟਕੀ ਢੰਗ ਨਾਲ ਸਾਧਾਰਨ ਸਿੱਖਾਂ ਨੂੰ ਵਧੀਆ ਤਰੀਕੇ ਨਾਲ ਗੁੰਮਰਾਹ ਕਰ ਲੈਂਦੇ ਹਨ ਅਤੇ ਇਹ ਹਕੀਕਤ ਹੈ ਕਿ ਗੁੰਮਰਾਹ ਹੋਇਆ ਸਿੱਖ ਸਭ ਤੋਂ ਵੱਧ ਖ਼ਤਰਨਾਕ ਹੁੰਦਾ ਹੈ। ਪੰਜਾਬ ਵਿਚ ਮੁੱਦਾ ਕਿਸੇ ਵੀ ਗੁਰੂ-ਡੰਮ੍ਹ ਦਾ ਉੱਠਿਆ, ਅੰਤ ਨੂੰ ਲੜਾਈ ਦੋਹਾਂ ਧੜਿਆਂ 'ਚ ਸਿੱਖਾਂ ਵਿਚਕਾਰ ਹੋਈ ਹੈ।

ਅਧੂਰਾ ਗਿਆਨ, ਕੱਚਘਰੜ ਸੋਚ ਤੇ ਅੰਨ੍ਹੀ ਸ਼ਰਧਾ ਨੇ ਸਾਡੀ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਸ਼ੈਤਾਨ ਲੋਕ ਆਪਣੀਆਂ ਗੱਦੀਆਂ ਲਾ ਕੇ ਹੱਸ ਰਹੇ ਨੇ। ਨਕਲੀ ਨਿਰੰਕਾਰੀਆਂ ਤੋਂ ਲੈ ਕੇ ਸਰਸਾ ਤੇ ਕਬਰਾਂ-ਮੜ੍ਹੀਆਂ ਦੀ ਪੂਜਾ-ਪਾਖੰਡ ਵਾਲੀਆਂ ਸਭ ਹੱਟੀਆਂ (ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ-ਪੰਥ ਤੋਂ ਟੁੱਟੇ ਹੋਏ ਸਿੱਖਾਂ ਦੇ ਆਸਰੇ) ਚੱਲ ਰਹੀਆਂ ਹਨ।

ਇਨ੍ਹਾਂ ਸਾਰਿਆਂ ਡੇਰਿਆਂ ਦੀ ਗੁੱਝੀ ਰਮਜ਼ ਇਹ ਹੈ ਕਿ ਇਨ੍ਹਾਂ ਨੇ ਸਰੂਪ ਸਿੱਖਾਂ ਵਾਲਾ ਧਾਰਨ ਕੀਤਾ ਹੋਇਆ ਹੈ ਅਤੇ ਵਰਤੋਂ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਕਰ ਲੈਂਦੇ ਹਨ। ਭੋਲੇ-ਭਾਲੇ ਸਿੱਖ/ਸਿੱਖਣੀਆਂ ਨੂੰ ਕਹਿੰਦੇ ਸੁਣੋਗੇ ਕਿ ਸਾਡੇ ਬਾਬਾ ਜੀ ਪ੍ਰਚਾਰ ਤਾਂ ਗੁਰਬਾਣੀ ਦਾ ਹੀ ਕਰਦੇ ਹਨ। ਹੁਣ ਉਨ੍ਹਾਂ ਨੂੰ ਕੌਣ ਸਮਝਾਏ ਕਿ ਗੁਰਬਾਣੀ ਦਾ ਆਸਰਾ ਲੈਣਾ ਇਨ੍ਹਾਂ ਡੇਰੇਦਾਰਾਂ ਦੀ ਕਮਜ਼ੋਰੀ ਤੇ ਮਜਬੂਰੀ ਐ। ਇਹ ਵੀ ਹਕੀਕਤ ਹੈ ਕਿ ਆਸਰੇ ਦੀ ਲੋੜ ਹਮੇਸ਼ਾਂ ਕਮਜ਼ੋਰ ਨੂੰ ਹੁੰਦੀ ਹੈ। ਇਕ ਗੱਲ ਤਾਂ ਸਪੱਸ਼ਟ ਹੋਈ ਕਿ ਇਨ੍ਹਾਂ ਦੀ ਕੋਈ ਆਪਣੀ ਵਿਚਾਰਧਾਰਾ, ਪਹਿਚਾਣ ਜਾਂ ਹੋਂਦ ਨਹੀਂ ਹੈ ਸਗੋਂ ਸਭਨਾਂ ਧਰਮਾਂ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਮੰਗਵੀਂ ਖਾਣ ਵਾਲਾ ਤਾਂ ਮੰਗਤਾ ਹੁੰਦਾ ਹੈ, ਦਾਤਾ ਨਹੀਂ ਹੁੰਦਾ। ਇਨ੍ਹਾਂ ਲੋਕਾਂ ਨੂੰ ਦਾਤੇ ਮੰਨਣ ਵਾਲਿਆਂ ਨੂੰ ਇਹ ਭਰਮ ਤਿਆਗ ਦੇਣ ਚਾਹੀਦਾ ਹੈ। ਇਨ੍ਹਾਂ ਦਾ ਤਾਂ ਉਹ ਹਾਲ ਹੈ

** ੧੬੦, ਪ੍ਰਤਾਪ ਐਵੀਨਿਊ, ਜੀ.ਟੀ. ਰੋਡ, ਅੰਮ੍ਰਿਤਸਰ।*

ਕਿ-

*ਕਹੀਂ ਕੀ ਈਂਟ ਕਹੀਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ।*

ਇੱਕ ਗੱਲ ਸਪੱਸ਼ਟ ਹੈ ਕਿ ਗੈਰ-ਸਿੱਖਾਂ ਉੱਤੇ ਸਾਡਾ ਕੋਈ ਜ਼ੋਰ ਨਹੀਂ ਪਰ ਗੁੰਮਰਾਹ ਹੋਏ ਸਿੱਖ ਪਰਵਾਰਾਂ ਨੂੰ ਪਿਆਰ ਤੇ ਵਿਚਾਰ ਨਾਲ ਪ੍ਰੇਰਣਾ ਸਾਡਾ ਹੱਕ ਬਣਦਾ ਹੈ। ਇਸ ਦਾ ਆਸ਼ਾਵਾਦੀ ਪੱਖ ਵੀ ਹੈ ਕਿ ਵੱਡੀ ਗਿਣਤੀ ਵਿਚ ਸਿੱਖ ਪਰਵਾਰਾਂ ਨੇ ਜਦ ਇਨ੍ਹਾਂ ਲੋਕਾਂ ਦੀ ਅਸਲੀਅਤ ਬਾਰੇ ਸਮਝ ਲਿਆ ਤਾਂ ਉਨ੍ਹਾਂ ਨੇ ਇਨ੍ਹਾਂ ਪਾਖੰਡੀਆਂ ਨੂੰ ਸਦਾ ਲਈ ਤਿਆਗ ਵੀ ਦਿੱਤਾ। ਸਿਆਣੇ ਕਹਿੰਦੇ ਹਨ, ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਪਰਤ ਪਵੇ ਤਾਂ ਭੁੱਲਿਆ ਨਹੀਂ ਹੁੰਦਾ। ਇਸ ਲਈ ਪੰਥ- ਦਰਦੀ ਲੇਖਕ, ਪ੍ਰਚਾਰਕ, ਪਰੰਪਰਕ ਜਥੇਬੰਦੀਆਂ, ਸਭਾ-ਸੁਸਾਇਟੀਆਂ ਕਾਰਜਸ਼ੀਲ ਰਹਿ ਕੇ ਅਸਲੀਅਤ ਪ੍ਰਗਟ ਕਰਦੀਆਂ ਰਹਿਣ ਤਾਂ ਠੱਗਾਂ ਤੋਂ ਗੁੰਮਰਾਹ ਹੋਏ ਲੋਕ ਹੌਲੀ-ਹੌਲੀ ਸਿੱਧੇ ਰਾਹ ਆ ਹੀ ਜਾਂਦੇ ਹਨ।

ਸਿੱਖ ਇਤਿਹਾਸ ਵਿਚ 'ਖੋਤੇ ਉੱਤੇ ਸ਼ੇਰ ਦੀ ਖੱਲ' ਵਾਲੀ ਸਾਖੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ 'ਨੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ' ਇਸ ਗੱਲ ਦੀ ਗਵਾਹੀ ਹੈ ਕਿ ਅੰਤ ਨੂੰ ਇਨ੍ਹਾਂ ਦੋਹਾਂ ਜਾਨਵਰਾਂ ਦੇ ਬੋਲਿਆਂ ਹੀ ਪਾਜ ਉੱਘੜਿਆ ਸੀ ਕਿ ਅਸਲੀਅਤ ਕੀ ਹੈ। ਕੀ ਉਸ ਤੋਂ ਬਾਅਦ ਕਿਸੇ ਨੇ ਖੋਤੇ ਨੂੰ ਸ਼ੇਰ ਜਾਂ ਗਿੱਦੜ ਨੂੰ ਬਾਦਸ਼ਾਹ ਮੰਨ ਲਿਆ ਸੀ? ਨਹੀਂ, ਕਿਸੇ ਨੇ ਨਹੀਂ ਮੰਨਿਆ। ਇਸੇ ਤਰ੍ਹਾਂ ਜਾਅਲੀ ਨੋਟ ਤੇ ਮੁਲੰਮੇ ਦੇ ਗਹਿਣੇ ਬਹੁਤਾ ਚਿਰ ਨਹੀਂ ਚੱਲਦੇ ਹੁੰਦੇ। 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਦੀ ਹਕੀਕਤ ਨੂੰ ਜਾਣੀਏ ਤਾਂ ਗੁਰਬਾਣੀ ਤੋਂ ਵੱਡਾ ਸਾਡੇ ਲਈ ਹੋਰ ਕੋਈ ਅੰਤਮ ਸੱਚ ਨਹੀਂ ਹੈ। ਗੁਰੂ ਪਿਤਾ ਤਾਂ ਫ਼ਰਮਾ ਰਹੇ ਹਨ:

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥* *(ਪੰਨਾ ੯੫੩)*

ਸੰਸਾਰ ਵਿਚ ਅਨੇਕਾਂ ਧਰਮ ਹਨ। ਹਰ ਕੋਈ ਆਪਣੀ ਵਿਚਾਰਧਾਰਾ ਅਨੁਸਾਰ ਪ੍ਰਚਾਰ ਕਰ ਰਿਹਾ ਹੈ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ। ਪਰ ਜਦ ਵੀ ਕਿਸੇ ਨੇ ਸਿੱਖ ਧਰਮ ਪ੍ਰਤੀ ਇਤਰਾਜ਼ਯੋਗ ਗੱਲ ਕੀਤੀ ਤਾਂ ਇਸ ਦਾ ਪ੍ਰਤੀਕਰਮ ਵੀ ਹਮੇਸ਼ਾ ਵੱਡੀ ਪੱਧਰ 'ਤੇ ਹੋਇਆ ਹੈ। ਅੰਗਰੇਜ਼-ਕਾਲ ਵਿਚ ਈਸਾਈ ਮਿਸ਼ਨਰੀਆਂ ਤੋਂ ਲੈ ਕੇ ਆਰੀਆ ਸਮਾਜ, ਸ਼ਰਧਾ ਰਾਮ ਫਿਲੌਰੀ, ਦਯਾ ਨੰਦ, ਮਹਾਤਮਾ ਗਾਂਧੀ, ਆਰ. ਐੱਸ. ਐੱਸ., ਅਸ਼ਰਧਕ ਲਿਖਾਰੀ ਅਤੇ ਨਕਲੀ ਨਿਰੰਕਾਰੀਆਂ ਤੋਂ ਲੈ ਕੇ ਸਰਸੇ ਵਾਲਿਆਂ ਦੀ ਸਿਧਾਂਤਕ ਛੇੜ-ਛਾੜ ਦਾ ਗੰਭੀਰ ਨੋਟਿਸ ਖ਼ਾਲਸਾ-ਪੰਥ ਨੇ ਲਿਆ ਹੈ।

ਵਰਤਮਾਨ ਮੀਡੀਏ ਦੇ ਪ੍ਰਚਾਰ ਵਿਚ ਡੇਰਾ ਸਿਰਸਾ ਦੇ ਬਾਹਰੀ ਸਵਾਂਗ ਅਤੇ ਜਾਮੇ-ਇੰਸਾਂ ਦੀ ਚਰਚਾ ਵੀ ਵੱਡੀ ਪੱਧਰ 'ਤੇ ਹੋਈ ਹੈ। ਇਸ ਤੋਂ ਅੱਗੇ ਵੀ ਇਕ ਗਹਿਰ-ਗੰਭੀਰ ਇਨ੍ਹਾਂ ਦੀ ਸਾਜ਼ਸ਼ ਖ਼ਾਲਸਾ-ਪੰਥ ਦਾ ਧਿਆਨ ਮੰਗਦੀ ਹੈ, ਜੋ ਇਨ੍ਹਾਂ 'ਧੁਰ ਕੀ ਬਾਣੀ' ਦੀ ਭੰਨ-ਤੋੜ ਕਰਕੇ ਆਪਣੇ ਹੀ ਭਜਨ ਬਣਾਏ ਹਨ। ਇਨ੍ਹਾਂ ਦਿਨਾਂ

'ਚ ਡੇਰਾ ਸਿਰਸਾ ਦੇ ਹਿੰਦੀ ਵਿਚ ਰੋਜ਼ਾਨਾ ਅਖ਼ਬਾਰ 'ਸੱਚ ਕਹੂੰ' ਅਤੇ ਮਾਸਿਕ ਮੈਗਜ਼ੀਨ 'ਸੱਚੀ ਸ਼ਿਕਸ਼ਾ' ਪੜ੍ਹਨ ਨੂੰ ਮਿਲੇ ਹਨ। ਗੁਰਬਾਣੀ ਪ੍ਰਤੀ ਇਨ੍ਹਾਂ ਨੇ ਜੋ ਲਿਖਤੀ ਰੂਪ ਵਿਚ ਬੱਜਰ ਗ਼ਲਤੀਆਂ ਕੀਤੀਆਂ ਹਨ, ਉਹ ਵੀ ਮੁਆਫ ਕਰਨ ਯੋਗ ਨਹੀਂ ਹਨ। ਸਾਡਾ ਇਤਿਹਾਸ ਗਵਾਹ ਹੈ ਕਿ ਰਾਮਰਾਈਏ ਗੁਰੂ-ਕਾਲ ਤੋਂ ਹੀ ਇਸ ਗੱਲੋਂ ਛੇਕੇ ਹੋਏ ਹਨ ਕਿ ਰਾਮਰਾਇ ਨੇ 'ਮੁਸਲਮਾਨ' ਦੀ ਥਾਂ 'ਬੇਈਮਾਨ' ਸ਼ਬਦ ਬਦਲ ਦਿੱਤਾ ਸੀ। ਹੁਣ ਡੇਰਾ ਸਿਰਸਾ ਦੀ ਇਸ ਹਰਕਤ ਨੂੰ ਸੰਗਤ ਆਪ ਹੀ ਵਿਚਾਰ ਲਵੇ।

ਡੇਰਾ ਸਿਰਸਾ ਦੇ ਹਿੰਦੀ ਭਾਸ਼ਾ ਦੇ ਮਾਸਕ ਮੈਗਜ਼ੀਨ 'ਸੱਚੀ ਸ਼ਿਕਸ਼ਾ' ਦਸੰਬਰ ੨੦੦੬ ਦੇ ਪੰਨਾ ੪੯ ਉੱਪਰ ਪਹਿਲਾਂ ਗੁਰਬਾਣੀ ਦੀ ਪੰਕਤੀ ਦਿੱਤੀ ਹੈ:

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥* *(ਪੰਨਾ ੮੦੯)*

ਇਸ ਦੇ ਨਾਲ ਹੀ ਆਪਣੇ ਭਜਨ ਦੀ ਟੇਕ ਸਿਰਲੇਖ ਹੇਠ ਲਿਖਿਆ ਹੈ:

*ਮਹਿਮਾ ਸਤਿਸੰਗ ਕੀ, ਸੁਨ ਲੇ ਮੇਰੇ ਮੀਤਾ*
*ਮੈਲ ਖੋਈ ਕੋਟ ਅਘ ਹਰੇ, ਨਿਰਮਲ ਭਏ ਚੀਤਾ*
*ਵੇਲਾ ਬੀਤ ਰਹਾ, ਕਯੋਂ ਬੈਠਾ ਚੁੱਪ ਕੀਤਾ?*

ਇਸੇ ਤਰ੍ਹਾਂ ਭਗਤ ਕਬੀਰ ਜੀ ਦਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੩੭੬ ਉੱਪਰ ਸਲੋਕ ਹੈ :

*ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥*

ਡੇਰੇਦਾਰਾਂ 'ਸੱਚੀ ਸ਼ਿਕਸ਼ਾ' ਅੰਕ ਦੇ ਪੰਨਾ ਨੰ: ੧੯ ਉੱਪਰ ਭਜਨ ਬਣਾਇਆ ਹੈ:

*ਜਾਨ ਬੂਝ ਕਰ ਔਗੁਣ ਕਰਤਾ ਹਾਥ ਮੇਂ ਦੀਪਕ ਕੂਏਂ ਪੜਤਾ।*

ਇਹ ਤਾਂ ਹਾਲੇ ਸਮੁੱਚੀ ਦਾਲ ਨਹੀਂ, ਕੁਝ ਦਾਣੇ ਹੀ ਟੋਹੇ ਹਨ। ਇਸ ਤੋਂ ਅੱਗੇ ਇਨ੍ਹਾਂ ਆਪਣੇ ਮੈਗਜ਼ੀਨ ਵਿਚ 'ਨਾਮ' ਅਤੇ 'ਗੁਰੂ' ਦੀ ਮਹਿਮਾ ਵਾਲੀਆਂ ਅਨੇਕਾਂ ਗੁਰਬਾਣੀ ਦੀਆਂ ਪੰਕਤੀਆਂ ਦੀ ਹੂ-ਬ-ਹੂ ਵਰਤੋਂ ਕੀਤੀ ਹੈ ਪਰ ਜੋ ਸਿੱਟਾ ਦਿੰਦੇ ਹਨ ਕਿ ਆਪਣੇ ਹੀ 'ਨਾਮ ਦਾਨ' ਦੀ ਮਹਿਮਾ ਅਤੇ 'ਗੁਰੂ ਵਜੋਂ' ਆਪਣੇ ਪਹਿਲੇ ਡੇਰੇਦਾਰ ਦੀ ਉਪਮਾ ਕੀਤੀ ਹੈ। ਇਹ ਗੁਰਬਾਣੀ ਦੀ ਘੋਰ ਬੇਅਦਬੀ ਹੈ ਜੋ ਪੰਜਾਬ ਵਿਚ ਗੱਦੀਆਂ ਲਾਈ ਬੈਠੇ ਸਮੁੱਚੇ ਡੇਰੇਦਾਰ ਸ਼ਰ੍ਹੇਆਮ ਕਰ ਰਹੇ ਹਨ। ਇਨ੍ਹਾਂ ਉੱਤੇ ਪਾਬੰਦੀ ਕਿਵੇਂ ਲਾਈ ਜਾਵੇ? ਇਹ ਫ਼ੈਸਲਾ ਖ਼ਾਲਸਾ-ਪੰਥ ਲਈ ਵਿਚਾਰਨ ਦੀ ਘੜੀ ਹੈ। ਅਗਰ ਅਸੀਂ ਇਨ੍ਹਾਂ ਉੱਤੇ ਗੁਰਬਾਣੀ ਦੀ ਗ਼ਲਤ ਵਰਤੋਂ ਕਰਨ ਪ੍ਰਤੀ ਰੋਕ ਲਾ ਲੈਂਦੇ ਹਾਂ ਤਾਂ ਘੱਟੋ ਘੱਟ ਭੋਲੇ-ਭਾਲੇ ਸਿੱਖਾਂ ਨੂੰ ਇਹ ਬਿਲਕੁਲ ਗੁੰਮਰਾਹ ਨਹੀਂ ਕਰ ਸਕਣਗੇ ਜਿਵੇਂ ਇਨ੍ਹਾਂ ਕਰ ਲਿਆ ਤੇ ਕਰ ਰਹੇ ਹਨ।

ਹੁਣ ਅਗਿਆਨਤਾ ਵੱਸ ਗੁੰਮਰਾਹ ਹੋਏ ਸਿੱਖ ਪਰਵਾਰ ਇਹ ਜਾਣਨ ਦੀ ਕੋਸ਼ਿਸ਼ ਕਰਨ ਕਿ ਸਾਨੂੰ ਗੁਰੂ ਸਾਹਿਬਾਂ ਦਾ ਉਪਦੇਸ਼ ਹੈ:

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*
*ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥* *(ਪੰਨਾ ੯੨੦)*

ਇਸ ਡੇਰੇ ਦੀਆਂ ਆਪੂੰ ਜੋੜੀਆਂ ਕਵਿਤਾਵਾਂ ਇੰਨੀਆਂ ਕੱਚੀਆਂ ਹਨ ਕਿ ਪੜ੍ਹ-ਸੁਣ ਕੇ ਹਾਸਾ ਹੀ ਆ ਜਾਂਦਾ ਹੈ। ਇਨ੍ਹਾਂ ਦੇ ਅਖ਼ਬਾਰ ਤੇ ਮੈਗਜ਼ੀਨ ਵਿਚ ਦਰਜ ਕਵਿਤਾਵਾਂ ਵਿੱਚੋਂ ਇੱਕਾ-ਦੁੱਕਾ ਨਮੂਨੇ ਇਹ ਹਨ; ਜੋ ਇਨ੍ਹਾਂ ਦੇ ਸਤਿਸੰਗ ਵਿਚ ਬੋਲੀਆਂ ਜਾਂਦੀਆਂ ਹਨ:

*ਮਨਾ ਗੁਰੂ ਵਾਲੀ ਡੋਰ ਦਾ ਪਤੰਗ ਬਣ ਜਾ*
*ਤੈਨੂੰ ਜਿਵੇਂ ਉਹ ਨਚਾਵੇ ਉਹੀ ਰੰਗ ਬਣ ਜਾ।* *(ਸੱਚ ਕਹੂੰ)*

ਸੋਚਣ ਵਾਲੀ ਗੱਲ ਇਹ ਹੈ ਕਿ ਕੀ ਪਹਿਲੇ ਹਿੱਸੇ 'ਚ ਪਤੰਗ ਦਾ ਦੂਜੇ ਹਿੱਸੇ ਵਿਚ ਰੰਗ ਨਾਲ ਕੋਈ ਜੋੜ-ਮੇਲ ਹੈ?

ਇਸੇ ਤਰ੍ਹਾਂ 'ਸੱਚੀ ਸ਼ਿਕਸ਼ਾ' ਵਿਚ ਸਤਿਸੰਗ ਦਾ ਭਜਨ ਹੈ:

*ਤੈਨੂੰ ਯਾਰ ਨਾਲ ਕੀ ਤੈਨੂੰ ਚੋਰ ਨਾਲ ਕੀ*
*ਓ ਤੂੰ ਤਾਂ ਆਪਣੀ ਨਿਬੇੜ, ਤੈਨੂੰ ਹੋਰ ਨਾਲ ਕੀ।*

ਇਹ ਤੁਕ ਪ੍ਰਚੱਲਤ ਲੋਕ ਉਕਤੀ ਨੂੰ ਤੋੜ-ਮਰੋੜ ਕੇ ਘੜੀ ਗਈ ਹੈ ਜੋ ਇਹ ਹੈ:

*ਤੈਨੂੰ ਸਾਧ ਨਾਲ ਕੀ, ਤੈਨੂੰ ਚੋਰ ਨਾਲ ਕੀ?*
*ਤੂੰ ਆਪਣੀ ਸੰਭਾਲ, ਤੈਨੂੰ ਹੋਰ ਨਾਲ ਕੀ?*

ਹੁਣ ਇਹ ਫ਼ੈਸਲਾ ਗੁੰਮਰਾਹ ਹੋਏ ਕੁਝ ਕੁ ਸਿੱਖ ਪਰਵਾਰਾਂ ਉੱਤੇ ਹੀ ਛੱਡਦੇ ਹਾਂ ਕਿ ਉਹ ਆਪ ਹੀ ਫੈਸਲਾ ਕਰਨ ਕਿ ਅਸੀਂ ਜੁੱਗੋ-ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਨੂੰ ਗੁਰੂ ਰੂਪ ਜਾਣਨਾ ਹੈ ਕਿ ਉੱਪਰ ਦਿੱਤੀਆਂ ਕੱਚਘਰੜ ਕਵਿਤਾਵਾਂ ਨੂੰ?

ਕੀ ਅਸੀਂ ਕਿਸੇ ਨਾਸ਼ਵਾਨ, ਚਰਿੱਤਰਹੀਣ ਤੇ ਕਰਮਹੀਣ ਸਰੀਰ ਦੀਆਂ ਫੋਟੋਆਂ ਪੂਜਣੀਆਂ ਨੇ ਜਾਂ ਕਿ ਦਸ ਗੁਰੂ ਸਾਹਿਬਾਨ ਦੇ ਸੱਚੇ-ਸੁੱਚੇ ਫ਼ਲਸਫ਼ੇ ਨੂੰ ਅਪਣਾ ਕੇ ਜੀਵਨ-ਜਾਚ ਸੰਵਾਰਨੀ ਐ?

ਕੀ ਅਸੀਂ ਇਨ੍ਹਾਂ ਦੇ ਇਕ, ਤਿੰਨ ਜਾਂ ਪੰਜ ਅੱਖਰਾਂ ਦੇ ਨਾਮ-ਦਾਨ ਦੇ ਪਾਖੰਡ ਵਿਚ ਫਸ ਕੇ ਆਪਣਾ ਬੌਧਿਕ ਵਿਕਾਸ ਖ਼ਤਮ ਨਹੀਂ ਕਰ ਲਿਆ?

ਕੀ ਅਸੀਂ ਅਧੂਰਾ ਗਿਆਨ ਤੇ ਗੁੰਮਰਾਹਕੁੰਨ ਪ੍ਰਚਾਰ ਸੁਣ ਕੇ ਡੇਰਿਆਂ ਉੱਤੇ

***(ਬਾਕੀ ਸਫ਼ਾ ੮੧ 'ਤੇ)***

# ਸਿੱਖ ਇਸਤਰੀ ਦਾ ਪਰਵਾਰ ਤੇ ਪੰਥ ਪ੍ਰਤੀ ਫ਼ਰਜ਼

*-ਮੇਜਰ ਭਗਵੰਤ ਸਿੰਘ**

ਅੱਜ ਦੇ ਯੁੱਗ ਵਿਚ ਹਰ ਇਕ ਵਿਅਕਤੀ ਸੁਖ, ਆਰਾਮ ਅਤੇ ਸ਼ਾਂਤੀ ਚਾਹੁੰਦਾ ਹੈ ਪਰ ਇਹ ਪੈਸੇ ਨਾਲ ਹੀ ਇਹ ਸਭ ਖ਼ਰੀਦਣਾ ਚਾਹੁੰਦਾ ਹੈ। ਇਸ ਲਈ ਇਹ ਪੈਸੇ ਦੀ ਦੌੜ ਮਗਰ ਪੈ ਗਿਆ ਹੈ ਜੋ ਸਰਾਸਰ ਗ਼ਲਤ ਹੈ। ਜੇਕਰ ਅੱਜ ਦੀ ਇਸਤਰੀ ਸਬਰ-ਸੰਤੋਖ ਵਿਚ ਯਕੀਨ ਰੱਖ ਲਵੇ ਜਿਵੇਂ ਗੁਰੂ ਮਹਾਰਾਜ ਫ਼ਰਮਾਉਂਦੇ ਹਨ-

*ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ (ਪੰਨਾ ੨੭੯)*

ਤਾਂ ਉਹ ਸਹੀ ਅਰਥਾਂ ਵਿਚ ਆਪਣੇ ਘਰ-ਪਰਵਾਰ ਪ੍ਰਤੀ ਅਤੇ ਸਿੱਟੇ ਦੇ ਤੌਰ 'ਤੇ ਪੰਥ ਪ੍ਰਤੀ ਵੱਡਾ ਉਸਾਰੂ ਰੋਲ ਅਦਾ ਕਰ ਸਕਦੀ ਹੈ। ਜਦੋਂ ਇਸ ਗੱਲ ਦੀ ਇਸਤਰੀ ਨੂੰ ਸਮਝ ਆ ਜਾਵੇਗੀ ਤਦ ਉਹ ਆਪਣੇ ਪਰਵਾਰ ਨੂੰ ਸਬਰ ਦੀ ਜ਼ਿੰਦਗੀ ਬਤੀਤ ਕਰਨੀ ਸਿਖਾ ਦੇਵੇਗੀ। ਸਬਰ-ਸੰਤੋਖ ਵਿਚ ਜੀਵਨ ਗੁਜ਼ਾਰਨ ਵਾਲੇ ਸਿੱਖ ਪਰਵਾਰ ਸਿੱਖ ਪੰਥ ਦੀ ਗੌਰਵਮਈ ਇਤਿਹਾਸਕ ਆਨ-ਸ਼ਾਨ ਨੂੰ ਕਾਇਮ ਕਰ ਸਕਦੇ ਹਨ। ਸਿੱਖ-ਪੰਥ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰੱਖਣ ਲਈ ਇਸਤਰੀ ਬਹੁਤ ਮਹੱਤਤਾ ਰੱਖਦੀ ਹੈ। ਗੁਰ-ਇਤਿਹਾਸ ਇਸ ਤੱਥ ਨੂੰ ਸਬੂਤ ਦੇ ਰੂਪ ਵਿਚ ਉਜਾਗਰ ਕਰਦਾ ਹੈ। ਜਿਵੇਂ ਕਿ:

ਬੇਬੇ ਨਾਨਕੀ ਜੀ ਜਿਨ੍ਹਾਂ ਨੂੰ ਸਾਰੇ ਪੰਥ ਦੀ ਭੈਣ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ, ਜਿਨ੍ਹਾਂ ਨੇ ਆਪਣੇ ਵੀਰ ਸ੍ਰੀ ਗੁਰੂ ਨਾਨਕ ਦੇਵ ਜੀ ਅੰਦਰ ਜਗਦੀ ਜੋਤ ਨੂੰ ਸਭ ਤੋਂ ਪਹਿਲਾਂ ਮਹਿਸੂਸ ਕੀਤਾ ਅਤੇ ਆਪਣੇ ਪਿਤਾ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਮੇਰਾ ਵੀਰ ਤਾਂ ਨਿਰੰਕਾਰ ਵੱਲੋਂ ਭੇਜੀ ਹੋਈ ਦੁਨੀਆਂ ਨੂੰ ਰੋਸ਼ਨੀ ਦੇਣ ਵਾਲੀ ਜੋਤ ਹੈ। ਫਿਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਦਾ ਉਧਾਰ ਕਰਨ ਲਈ ਨਿਕਲੇ ਤਾਂ ਇਹ ਬੇਬੇ ਨਾਨਕੀ ਜੀ ਹੀ ਸਨ ਜਿਨ੍ਹਾਂ ਨੇ ਮਾਤਾ ਸੁਲੱਖਣੀ ਜੀ ਅਤੇ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਮੇਵਾਰੀ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਨੁੱਖਤਾ ਦੀ ਸੇਵਾ ਨਿਭਾਉਣ ਵਾਸਤੇ ਘਰ-ਪਰਵਾਰ ਦੀਆਂ ਜ਼ਿੰਮੇਵਾਰੀਆ ਤੋਂ ਕਾਫ਼ੀ ਹੱਦ ਤਕ ਸੁਰਖਰੂ ਕੀਤਾ। ਬੇਬੇ ਨਾਨਕੀ ਜੀ ਦੇ ਵੱਡੇ ਭੈਣ ਜੀ ਹੋਣ ਦਾ ਮਾਣ ਉਨ੍ਹਾਂ ਦੀ ਝੋਲੀ ਵਿਚ ਕੁੱਲ ਸੰਸਾਰ ਵੱਲੋਂ ਪੈਂਦਾ ਆ ਰਿਹਾ ਹੈ। ਇਥੋਂ ਤਕ ਕਿ ਉਨ੍ਹਾਂ ਦੇ ਪਤੀ ਸ੍ਰੀ ਜੈ ਰਾਮ ਜੀ ਨੇ ਇਹ ਕਹਿੰਦਿਆਂ ਨਾਨਕੀ ਜੀ ਅਤੇ ਉਨ੍ਹਾਂ ਦੇ ਵੀਰ ਨਾਨਕ ਨੂੰ ਵਡਿਆਇਆ ਹੈ ਕਿ ਧੰਨ-ਧੰਨ ਹੈ ਤੇਰਾ ਵੀਰ ਜੋ ਜਗਤ-ਉਧਾਰ ਦੇ ਵਾਸਤੇ ਇੰਨਾ ਕੁਝ ਕਰ ਰਿਹਾ ਏ।

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਮਾਤਾ ਖੀਵੀ ਜੀ ਲੰਗਰ ਸੰਸਥਾ ਦੇ

**੭/੨, ਰਾਣੀ ਕਾ ਬਾਗ, ਨੇੜੇ ਸਟੇਟ ਬੈਂਕ ਆਫ ਇੰਡੀਆ, ਅੰਮ੍ਰਿਤਸਰ।*

ਪਹਿਲੇ ਸੰਚਾਲਕ ਬਣੇ। ਘਿਉ ਦੀ ਖੀਰ ਵਰਤਾ ਮਾਤਾ ਜੀ ਸੰਘਣੇ ਪੱਤਿਆਂ ਵਾਲੀ ਛਾਂ ਬਣੇ। ਵਰਤਮਾਨ ਸਮੇਂ ਵਿਚ ਵੀ ਇਸ ਰਵਾਇਤ ਨੂੰ ਜਾਰੀ ਰੱਖਦਿਆਂ ਸ੍ਰੀ ਖਡੂਰ ਸਾਹਿਬ ਦੇ ਗੁਰਦੁਆਰੇ ਵਿਚ ਘਿਉ ਵਾਲੀ ਖੀਰ ਵਰਤਾਈ ਜਾਂਦੀ ਹੈ। ਇਨ੍ਹਾਂ ਬਾਰੇ ਗੁਰੂ-ਘਰ ਦੇ ਰਬਾਬੀ ਨੇ ਫ਼ਰਮਾਇਆ ਹੈ:

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥* *(ਪੰਨਾ ੯੬੭)*

ਸਿੱਖ-ਪੰਥ ਦੇ ਪਹਿਲੇ ਇਸਤਰੀ ਪ੍ਰਚਾਰਕ ਬੀਬੀ ਅਮਰੋ ਜੀ ਨੂੰ ਸਵੀਕਾਰਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਮਾਂ ਖੀਵੀ ਜੀ ਨੇ ਗੁਰਬਾਣੀ ਦੀ ਐਸੀ ਗੁੜ੍ਹਤੀ ਦਿੱਤੀ ਕਿ ਉਨ੍ਹਾਂ ਨੂੰਹ ਦੇ ਰਿਸ਼ਤੇ ਨਾਲ ਸਹੁਰੇ ਘਰ ਵਿਚ ਬਾਣੀ ਦਾ ਐਸਾ ਬੀਜ, ਬੀਜ ਦਿੱਤਾ ਕਿ ਇਸ ਪਰਵਾਰ ਵਿੱਚੋਂ ਬਾਬਾ ਅਮਰਦਾਸ ਜੀ ਨੂੰ ਗੁਰੂ-ਪਦਵੀ ਪ੍ਰਾਪਤ ਹੋਈ। ਮਾਤਾ ਸਾਹਿਬ ਕੌਰ ਨੂੰ ਖਾਲਸੇ ਦੀ ਮਾਤਾ ਦਾ ਖਿਤਾਬ ਮਿਲਿਆ। ਮਾਤਾ ਗੁਜਰੀ ਜੀ ਸਿੱਖ ਇਤਿਹਾਸ ਵਿਚ ਪਹਿਲੀ ਸ਼ਹੀਦ ਇਸਤਰੀ ਹੈ ਜਿਨ੍ਹਾਂ ਨੇ ਮਾਂ, ਪਤਨੀ ਅਤੇ ਦਾਦੀ ਦੇ ਰਿਸ਼ਤਿਆਂ ਨੂੰ ਅਦੁੱਤੀ ਰੂਪ 'ਚ ਨਿਭਾਇਆ ਅਤੇ ਸਿੱਖ-ਪੰਥ ਦੀ ਸੁਯੋਗ ਅਗਵਾਈ ਕੀਤੀ। ਮਾਤਾ ਸੁੰਦਰ ਕੌਰ ਜੀ ਨੇ ਪੰਥ ਨੂੰ ਦੋ-ਫਾੜ ਹੋਣ ਤੋਂ ਬਚਾ ਕੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਜੇਕਰ ਮਾਤਾ ਭਾਗੋ ਜੀ ਗੁਰੂ ਸਾਹਿਬ ਤੋਂ ਵਿੱਛੜ ਕੇ ਆਏ ਸਿੱਖਾਂ ਨੂੰ ਲਾਹਨਤਾਂ ਨਾ ਪਾਉਂਦੀ ਤਾਂ ਅੱਜ ਸਿੱਖ-ਪੰਥ ਦੇ ਇਤਿਹਾਸ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਅਪਾਰ ਮਹਿਮਾ ਦਾ ਜ਼ਿਕਰ ਕਿਵੇਂ ਹੁੰਦਾ?

ਆਓ! ਵਿਚਾਰ ਕਰੀਏ ਕਿ ਅੱਜ ਵਰਤਮਾਨ ਸਮੇਂ ਅੰਦਰ ਸਿੱਖ ਬੀਬੀਆਂ ਪਰਵਾਰਾਂ ਵਿਚ ਕਿੰਨਾ ਯੋਗਦਾਨ ਪਾ ਸਕਦੀਆਂ ਹਨ।

ਪਰਵਾਰ ਨੂੰ ਖੁਸ਼, ਸੰਤੁਸ਼ਟ ਰੱਖਣ, ਆਪਸੀ ਪਿਆਰ, ਸ਼ਾਂਤੀ ਤੇ ਮਿਲਵਰਤਨ ਬਣਾਈ ਰੱਖਣ ਲਈ ਮਾਂ ਤੇ ਪਤਨੀ ਦਾ ਸਭ ਤੋਂ ਵੱਡਾ ਰੋਲ ਹੁੰਦਾ ਹੈ। ਅੱਜ ਲੜਕੀਆਂ ਦਾ ਲਿਬਾਸ ਦੇਖ ਕੇ ਅਤੇ ਟੀ.ਵੀ. ਵਿਚ ਇਨ੍ਹਾਂ ਦੇ ਉਲਟੇ-ਸਿੱਧੇ ਰੋਲ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਦੁਪੱਟਾ ਜਿਸ ਨੂੰ ਇਸਤਰੀ ਦੀ ਇੱਜ਼ਤ ਸਮਝਿਆ ਜਾਂਦਾ ਸੀ ਅੱਜ ਸਿਰ 'ਤੇ ਕੀ, ਗਲੇ ਵਿੱਚੋਂ ਵੀ ਗਾਇਬ ਹੋ ਗਿਆ ਹੈ। ਇਸ ਸਬੰਧ ਵਿਚ ਸਿੱਖ ਆਪਣੀ ਧੀ ਨੂੰ ਆਪਣੇ ਸਿੱਖੀ ਜੀਵਨ ਅਤੇ ਪਿਆਰ ਭਰੀ ਪ੍ਰੇਰਨਾ ਨਾਲ ਸਹੀ ਮਾਰਗ 'ਤੇ ਲਿਆ ਸਕਦੀ ਹੈ।

ਜੋ ਇਸਤਰੀ ਗੁਣਵੰਤੀ, ਬੱਤੀਹ ਸੁਲਖਣੀ ਹੋਵੇਗੀ, ਪਰਵਾਰ ਨੂੰ ਸਿੱਧੇ ਰਸਤੇ ਪਾਵੇਗੀ ਅਤੇ ਉਹ ਘਰ ਸਵਰਗ ਹੋਵੇਗਾ ਅਤੇ ਉਥੇ ਦੀਨ-ਦੁਨੀਆਂ ਦੇ ਸਾਰੇ ਸੁਖ ਅਤੇ ਖੁਸ਼ੀਆਂ ਹੋਣਗੀਆਂ। ਨੂੰਹ-ਸੱਸ ਦੇ ਰਿਸ਼ਤੇ ਨੂੰ ਸੁਖਾਵਾਂ ਬਣਾਉਣ ਲਈ ਨੂੰਹ ਦੀ, ਸੱਸ ਮਾਂ ਦੀ ਜ਼ਿੰਮੇਵਾਰੀ ਇਕੋ ਜਿਹੀ ਮਹੱਤਵਪੂਰਨ ਹੈ। ਸਿੱਖ ਸੱਸ-ਮਾਂ ਅਤੇ ਸਿੱਖ ਨੂੰਹ ਜੇਕਰ ਦੋਵੇਂ ਗੁਰਮਤਿ ਜੀਵਨ-ਜਾਚ ਤੋਂ ਜਾਣੂੰ ਹੋਣ ਤਾਂ ਜਿੱਥੇ ਉਨ੍ਹਾਂ ਵਿਚ ਆਪਸੀ

ਪਿਆਰ ਤੇ ਮਿਲਵਰਤਨ ਹੋ ਸਕਦਾ ਹੈ ਉਥੇ ਘਰੇਲੂ ਕਲੇਸ਼ ਤੇ ਲੜਾਈ-ਝਗੜਿਆਂ ਤੋਂ ਰਹਿਤ ਮਾਹੌਲ ਪੈਦਾ ਹੋ ਸਕਦਾ ਹੈ। ਇਓਂ ਅੰਤਮ ਰੂਪ 'ਚ ਸਿੱਖ-ਪੰਥ ਦੀ ਚੜ੍ਹਦੀ ਕਲਾ ਯਕੀਨੀ ਹੋ ਸਕਦੀ ਹੈ।

ਸਿੱਖ ਮਾਤਾ-ਪਿਤਾ ਨੂੰ ਆਪਣੀ ਬੱਚੀ ਨੂੰ ਵਿਆਹੁਣ ਤੋਂ ਪਹਿਲਾਂ ਜਾਂ ਸਹੁਰੇ-ਘਰ ਲਈ ਤੋਰਨ ਸਮੇਂ ਸਮਝਾਉਣਾ ਚਾਹੀਦਾ ਹੈ ਕਿ ਸੱਸ ਵੀ ਇਕ ਸਹੀ ਮਾਂ ਹੈ ਜੋ ਆਪਣੇ ਪੁੱਤਰ ਦੀ ਘਰ-ਗ੍ਰਿਹਸਥੀ ਦੀ ਨੀਂਹ ਤਿਆਰ ਕਰਦੀ ਹੈ। ਜੇਕਰ ਸੱਸ, ਨੂੰਹ ਦੇ ਪਿਆਰ ਅਤੇ ਸਤਿਕਾਰ ਦੇ ਮਿੱਠੇ ਬੋਲਾਂ ਦਾ ਦਿਲੋਂ ਵਜੋਂ ਸਵਾਗਤ ਕਰੇਗੀ ਤਾਂ ਨੂੰਹ ਵੀ ਇਸ ਦਾ ਚੰਗਾ ਹੁੰਗਾਰਾ ਭਰੇਗੀ ਅਤੇ ਇਵੇਂ ਘਰ ਸਵਰਗ ਬਣ ਜਾਵੇਗਾ। ਸੱਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਨੂੰਹ ਵੀ ਕਿਸੇ ਦੀ ਪਿਆਰੀ ਬੇਟੀ ਹੈ। ਅੱਜ ਪੜ੍ਹਿਆ-ਲਿਖਿਆ ਸਮਾਜ ਹੋਣ ਕਰਕੇ ਉਹ ਦਿਨ ਲੰਘ ਗਏ ਹਨ ਜਦੋਂ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਪਰ ਅਜੇ ਵੀ ਔਰਤ ਦੇ ਸਮਾਜ ਵਿਚ ਉਚਿਤ ਮਾਣ-ਸਨਮਾਨ ਵਾਸਤੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਭਾਰਤ ਵਿਚ ਅੱਜ ਵੀ ਔਰਤ ਨੂੰ ਤਿੰਨ ਪੱਪਿਆਂ (੫) ਦੀ ਮੁਥਾਜ ਸਮਝਿਆ ਜਾਂਦਾ ਹੈ— ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰਾਂ ਦੀ। ਸੰਵਿਧਾਨ ਨੇ ਔਰਤਾਂ ਨੂੰ ਕਾਫ਼ੀ ਹੱਕ ਦਿੱਤੇ ਹਨ। ਲੜਕੀਆਂ ਪੜ੍ਹਾਈ ਕਰ ਰਹੀਆਂ ਹਨ, ਜੋ ਚੰਗੀ ਗੱਲ ਹੈ। ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਪਰਵਾਰ ਟੁੱਟਦੇ ਜਾ ਰਹੇ ਹਨ। ਅੱਜ ੭੫% ਅਦਾਲਤਾਂ ਵਿਚ ਕੇਸ ਤਲਾਕ ਦੇ ਚੱਲ ਰਹੇ ਹਨ ਅਤੇ ਲੱਗਭਗ ਹਰ ਕੇਸ ਵਿਚ ਦਾਜ ਦਾ ਇਲਜ਼ਾਮ ਲਾਇਆ ਜਾ ਰਿਹਾ ਹੈ।

ਅਸਲ ਵਿਚ ਔਰਤ ਦੀ ਉਥੇ ਹਾਲਤ ਮਾੜੀ ਹੈ ਜਿੱਥੇ ਪਰਵਾਰਿਕ ਜੀਅ ਗੁਰੂ ਸਾਹਿਬ ਦੀ ਸਿੱਖਿਆ ਭੁੱਲਦੇ ਜਾ ਰਹੇ ਹਨ। ਗੁਰਬਾਣੀ ਦਾ ਤਾਂ ਸੰਦੇਸ਼ ਹੈ ਕਿ ਸਾਰੀ ਦੁਨੀਆਂ ਹੀ ਇਕ ਪਰਵਾਰ ਹੈ। ਫਿਰ ਘਰ-ਪਰਵਾਰ 'ਚ ਤਾਂ ਵੱਖ-ਵੱਖ ਜੀਆਂ ਵਿਚਕਾਰ ਆਪਸੀ ਪਿਆਰ ਤੇ ਮਿਲਵਰਤਨ ਹੋਣਾ ਹੋਰ ਵੀ ਜ਼ਰੂਰੀ ਹੈ। ਗੁਰਬਾਣੀ ਦੀ ਸੇਧ 'ਚ ਚੱਲਿਆਂ ਸਭ ਤਰ੍ਹਾਂ ਦੇ ਘਰੇਲੂ ਝਗੜੇ ਖ਼ਤਮ ਹੋ ਸਕਦੇ ਹਨ। ਨਿਮਰਤਾ, ਹਲੀਮੀ, ਕੁਰਬਾਨੀ ਤੇ ਆਪਾ-ਤਿਆਗ ਦੇ ਗੁਣ ਗੁਰਬਾਣੀ ਦੀ ਸੇਧ ਵਿਚ ਚੱਲਿਆਂ ਘਰ ਪਰਵਾਰ 'ਚ ਰਹਿੰਦਿਆਂ ਹੀ ਵਿਕਸਤ ਹੋ ਸਕਦੇ ਹਨ।

ਕੁੱਲ ਸਮੱਸਿਆਵਾਂ ਦੀ ਮੂਲ ਜੜ੍ਹ ਇਹ ਹੈ ਕਿ ਸਿੱਖ-ਇਸਤਰੀ ਸਿੱਖ ਪਰਵਾਰ ਨਾਲ ਸੰਬੰਧਿਤ ਹੋ ਕੇ ਗੁਰੂ ਦੀ ਨਿਰਮਲ ਸਿੱਖਿਆ ਤੋਂ ਅਨਜਾਣ ਹੈ। ਅਗਰ ਅਸੀਂ ਲੜਕੀ ਦੇ ਜੰਮਣ ਤੋਂ ਪਹਿਲਾਂ ਹੀ ਉਸ ਨੂੰ ਮਾਰ ਦੇਣ ਦੀ ਗੱਲ ਸੁਣਦੇ ਹਾਂ ਤਾਂ ਉਹ ਵੀ ਨੂੰਹ, ਸੱਸ, ਨਨਾਣ, ਭਰਜਾਈ ਤੋਂ ਹੀ ਚੱਲਦੀ ਹੈ ਤੇ ਖ਼ੁਦ ਇਸਤਰੀ ਹੀ ਇਸ ਦੀ ਜ਼ਿੰਮੇਵਾਰ ਹੈ। ਜੇਕਰ ਉਹ *"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"* ਦੇ ਗੁਰ-ਫ਼ਰਮਾਨ ਨੂੰ ਸਮਝ ਲਵੇ ਤਾਂ ਉਹ ਇਸ ਕੁਰਾਹੇ ਤੋਂ ਤੋਬਾ ਕਰ ਲਵੇਗੀ। ਅਸਲ ਵਿਚ ਗੁਰਮਤਿ ਜੀਵਨ-ਜਾਚ ਤੋਂ ਥਿੜਕ ਕੇ ਔਰਤ ਹੀ ਔਰਤ ਦੀ ਦੁਸ਼ਮਣ ਬਣ

ਗਈ ਹੈ। ਬਹੁਤ ਹੱਦ ਤਕ ਔਰਤ ਆਪਣੀ ਬਰਬਾਦੀ ਦੀ ਆਪ ਜ਼ਿੰਮੇਵਾਰ ਹੈ। ਔਰਤ ਨੂੰ ਆਪਣਾ ਅਸਲੀ ਵਜੂਦ ਬਰਕਰਾਰ ਰੱਖਣ ਵਾਸਤੇ ਇਸ ਮਸਲੇ 'ਤੇ ਉਸਾਰੂ ਸੋਚ ਤੇ ਅਮਲ ਦਰਸਾਉਣਾ ਪਵੇਗਾ।

ਅਫ਼ਸੋਸ! ਅੱਜ ਦੇ ਫੈਸ਼ਨ ਦੇ ਯੁੱਗ ਵਿਚ ਔਰਤ ਆਪਣੇ ਗੁਣਾਂ ਨੂੰ ਪਹਿਲ ਦੇਣ ਦੀ ਥਾਂ ਔਗੁਣਾਂ ਨੂੰ ਸੱਦਾ ਦੇ ਰਹੀ ਹੈ। ਔਰਤ ਕੋਲ ਹੁਣ ਆਪਣੇ ਬੱਚਿਆਂ ਲਈ ਅਤੇ ਪਤੀ ਲਈ ਕੋਈ ਵਕਤ ਨਹੀਂ ਹੈ। ਹੋਰ ਤਾਂ ਹੋਰ ਅੱਜ ਦੀ ਔਰਤ ਨਸ਼ੇ ਵਰਗੀ ਘਾਤਕ ਚੀਜ਼ ਜਿਸ ਵੱਲ ਉਹ ਤੱਕਦੀ ਵੀ ਨਹੀਂ ਸੀ, ਅੱਜ ਅਪਣਾ ਰਹੀ ਦਿੱਸਦੀ ਹੈ ਜੋ ਘੋਰ ਚਿੰਤਾ ਦਾ ਮਸਲਾ ਹੈ। ਪਹਿਲਾਂ ਇਸਤਰੀ ਵਿਚ ਸਹਿਨਸ਼ੀਲਤਾ, ਦਇਆ ਅਤੇ ਹਮਦਰਦੀ ਦੇ ਗੁਣ ਮਿਲਦੇ ਸਨ। ਅੱਜ ਦੀ ਇਸਤਰੀ ਆਪਣੇ ਬਾਰੇ ਸੋਚਦੀ ਹੈ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਰਹਿ ਕੇ ਝੂਠੀ ਸ਼ੁਹਰਤ ਅਤੇ ਸ਼ਾਨ ਦੀ ਖ਼ਾਤਰ ਆਪਣੀ ਅਸਲ ਪਹਿਚਾਨ ਨੂੰ ਗਵਾ ਰਹੀ ਹੈ। ਇਹ ਉਸ ਦੇ ਗੁਰਬਾਣੀ ਦੇ ਉਪਦੇਸ਼ ਨੂੰ ਭੁੱਲ ਜਾਣ ਕਰਕੇ ਵਾਪਰ ਰਿਹਾ ਹੈ।

ਪੁਰਾਣੇ ਜ਼ਮਾਨੇ ਵਿਚ ਜਦ ਪਰਵਾਰ ਇਕੱਠੇ ਹੁੰਦੇ ਸਨ ਤਦ ਦਾਦੀ ਮਾਂ ਜਾਂ ਨਾਨੀ ਮਾਂ ਬੱਚਿਆਂ ਨੂੰ ਰਾਤ ਨੂੰ ਸੁਹਣੀਆਂ ਕਹਾਣੀਆਂ ਅਤੇ ਗੁਰਮਤਿ ਦੀਆਂ ਸਾਖੀਆਂ ਸੁਣਾਉਂਦੀਆਂ ਸਨ ਜਿਹੜੀਆਂ ਬੱਚਿਆਂ 'ਤੇ ਬਹੁਤ ਚੰਗਾ ਅਸਰ ਪਾਉਂਦੀਆਂ ਸਨ। ਅੱਜ ਦੀ ਪਨੀਰੀ ਕੱਲ੍ਹ ਦੀ ਵਾਰਸ ਹੈ। ਗੁਰਬਾਣੀ ਵਿਚ ਪਤੀ-ਪਰਮਾਤਮਾ ਨੂੰ ਪਾਉਣ ਦਾ ਤਰੀਕਾ ਪ੍ਰੇਮ ਹੀ ਦੱਸਿਆ ਹੈ। ਦਸਮ ਪਾਤਸ਼ਾਹ ਉਚਾਰਨ ਕਰਦੇ ਹਨ:

*ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

*(ਸਵੱਯੇ ਪਾ: ੧੦)*

ਜੇਕਰ ਅਸੀਂ ਨਿਸਚੈ ਤੇ ਪਿਆਰ ਨਾਲ ਪਰਮਾਤਮਾ ਦੀ ਪ੍ਰਾਪਤੀ ਕਰ ਸਕਦੇ ਹਾਂ ਤਾਂ ਕੀ ਦੁਨਿਆਵੀ ਪਤੀ ਨੂੰ ਨਹੀਂ ਜਿੱਤਿਆ ਜਾ ਸਕਦਾ?

ਜੇਕਰ ਇਸਤਰੀ ਪਿਆਰ, ਲਗਨ ਅਤੇ ਸਤਿਕਾਰ ਦਾ ਹਥਿਆਰ ਅਪਣਾ ਲਵੇ ਤਾਂ ਘਰ ਵਿਚ ਨਾ ਸਿਰਫ਼ ਸੁਖ-ਸ਼ਾਂਤੀ ਦਾ ਹੀ ਵਰਤਾਰਾ ਹੋਵੇਗਾ ਬਲਕਿ ਉਹ ਘਰ ਸੱਚਖੰਡ ਬਣ ਜਾਵੇਗਾ। ਔਰਤ ਘਰ ਦਾ ਸ਼ਿੰਗਾਰ ਹੀ ਨਹੀਂ ਬਲਕਿ ਰੂਹ ਵੀ ਹੈ। ਔਰਤ ਸੁਚੇਤ ਹੋਵੇ ਤਾਂ ਮਰਦ ਜੀਵਨ ਦੇ ਸਹੀ ਮਾਰਗ 'ਤੇ ਜਾਵੇਗਾ ਅਤੇ ਘਰ, ਪਰਵਾਰ ਤੇ ਸਮਾਜ ਦੀ ਤਰੱਕੀ 'ਚ ਭਰਪੂਰ ਹਿੱਸਾ ਪਾਏਗਾ।

ਜੇਕਰ ਅੱਜ ਵੀ ਭੈਣਾਂ ਅਤੇ ਬੱਚੀਆਂ ਆਪਣੇ ਧਰਮ, ਆਪਣੇ ਸਭਿਆਚਾਰ ਨਾਲ ਜੁੜਨ ਦੀ ਕੋਸ਼ਿਸ਼ ਕਰਨ ਤਾਂ ਅੱਜ ਵੀ ਬੀਬੀਆਂ ਪਹਿਲੀਆਂ ਮਾਤਾਵਾਂ ਵਾਂਗ, ਸਿੱਖ ਬੀਬੀਆਂ ਤੇ ਪਹਿਲੇ ਵਾਂਗ ਵਾਹਿਗੁਰੂ ਦੀ ਬਖਸ਼ਿਸ਼ ਦੀਆਂ ਪਾਤਰ ਬਣ ਜਾਣਗੀਆਂ। ਸਿੱਖ ਬੀਬੀਆਂ ਦੁਆਰਾ ਗੁਰਮਤਿ ਅਸੂਲਾਂ, ਗੁਰਬਾਣੀ ਵਿਚ ਵਰਣਤ ਰੂਹਾਨੀ ਅਤੇ ਸਦਾਚਾਰਕ ਗੁਣਾਂ ਦਾ ਸੰਚਾਰ ਤੇ ਪਾਸਾਰ ਸਿੱਖ ਕੌਮ ਨੂੰ ਸਭ ਤਰ੍ਹਾਂ ਦੇ ਮੌਜੂਦ ਸੰਕਟਾਂ 'ਚੋਂ ਕੱਢ ਕੇ ਚੜ੍ਹਦੀ ਕਲਾ ਵੱਲ ਲਿਜਾ ਸਕਦਾ ਹੈ। ■

# ਤੁਰਦੇ ਜੋ ਕੰਡਿਆਂ 'ਤੇ ਫੁੱਲਾਂ ਦਾ ਖ਼ਾਬ ਲੈ ਕੇ

*-ਸ਼੍ਰੀ ਸੁਸ਼ੀਲ ਦੁਸਾਂਝ**

ਮਰਹੂਮ ਸ਼ਾਇਰ ਸ਼ੌਕਤ ਢੰਡਿਆੜਵੀ ਜਿੱਥੇ ਕਮਾਲ ਦੇ ਸ਼ਾਇਰ ਸਨ, ਉਥੇ ਲਤੀਫ਼ੇਬਾਜ਼ ਵੀ ਕਮਾਲ ਦੇ ਹੀ ਸਨ। ਇਸ ਕਾਲਮ ਵਿਚ ਪਾਠਕ ਸ਼ੌਕਤ ਸਾਹਿਬ ਦੀ ਸ਼ਾਇਰੀ ਮਾਣ ਚੁੱਕੇ ਹਨ। ਅੱਜ ਭਾਵੇਂ ਅਸੀਂ ਉਨ੍ਹਾਂ ਦੇ ਲਤੀਫ਼ੇ ਤੋਂ ਗੱਲ ਸ਼ੁਰੂ ਕਰਨੀ ਹੈ ਪਰ ਪਹਿਲਾਂ ਉਨ੍ਹਾਂ ਦਾ ਇਹ ਸ਼ੇਅਰ ਵੀ ਹੋ ਜਾਵੇ:

*ਤੁਰਦੇ ਜੋ ਕੰਡਿਆਂ 'ਤੇ ਫੁੱਲਾਂ ਦਾ ਖ਼ਾਬ ਲੈ ਕੇ,*
*ਮੁੜਦੇ ਨੇ ਦੋਸਤੋ ਉਹ ਸੂਹੇ ਗੁਲਾਬ ਲੈ ਕੇ।*

ਸ਼ਾਇਰੀ ਦੇ ਗਗਨ ਵਿਚ ਉੱਡਦਿਆਂ ਕਦੇ ਵੀ ਸ਼ੌਕਤ ਸਾਹਿਬ ਦੇ ਪੈਰ ਆਪਣੀ ਜ਼ਮੀਨ ਤੋਂ ਨਹੀਂ ਸਨ ਉਖੜੇ। ਇਸੇ ਲਈ ਉਨ੍ਹਾਂ ਦੇ ਲਤੀਫ਼ਿਆਂ ਵਿਚ ਵੀ ਤਿੱਖੇ ਵਿਅੰਗ ਦੇ ਨਾਲ-ਨਾਲ ਕੋਈ ਨਾ ਕੋਈ ਸੁਨੇਹਾ ਹੋਇਆ ਕਰਦਾ ਸੀ। ਸ਼ੌਕਤ ਢੰਡਿਆੜਵੀ ਦੇ ਸਦਾ ਲਈ ਤੁਰ ਜਾਣ ਤੋਂ ਦੋ ਕੁ ਮਹੀਨੇ ਪਹਿਲਾਂ ਦੂਰਦਰਸ਼ਨ ਜਲੰਧਰ ਤੋਂ ਕੁਲਵਿੰਦਰ ਬੁੱਟਰ ਦਾ ਕਵੀ ਦਰਬਾਰ ਲਈ ਸੱਦਾ ਆਇਆ ਤਾਂ ਸ਼ੌਕਤ ਵੀ ਸਾਡੇ ਨਾਲ ਸਨ। ਉਹ ਕਾਵਿ-ਮਹਿਫ਼ਲ ਸ਼ੌਕਤ ਢੰਡਿਆੜਵੀ ਦੀ ਆਖ਼ਰੀ ਵਿਜ਼ੂਅਲ ਨਿਸ਼ਾਨੀ ਹੈ। ਉਸੇ ਦਿਨ ਸ਼ੌਕਤ ਨੇ ਲਤੀਫ਼ਾ ਸੁਣਾਇਆ:

ਸਿਗਰਟ ਪੀ ਰਹੇ ਬੰਦੇ ਨੂੰ ਦੇਖ ਤਲਬਗਾਰ ਹੋ ਦੂਸਰੇ ਬੰਦੇ ਨੇ ਬੜੇ ਅਦਬ ਨਾਲ ਕਿਹਾ, 'ਭਾਈ ਸਾਹਿਬ ਤੁਹਾਡੇ ਕੋਲ ਮਾਚਿਸ ਹੋਏਗੀ?'

'ਹਾਂ...ਹਾਂ, ਕਿਉਂ ਨਹੀਂ।' ਸਿਗਰਟ ਪੀ ਰਹੇ ਬੰਦੇ ਨੇ ਜੇਬ 'ਚੋਂ ਮਾਚਿਸ ਕੱਢ ਕੇ ਫੜਾ ਦਿੱਤੀ। ਦੂਸਰੇ ਬੰਦੇ ਨੇ ਮਾਚਿਸ ਫੜੀ ਤੇ ਹੋਰ ਵੀ ਜ਼ਿਆਦਾ ਅਦਬ ਨਾਲ ਕਹਿਣ ਲੱਗਾ, 'ਭਾਈ ਸਾਹਿਬ ਤੁਹਾਡੇ ਕੋਲ ਸਿਗਰਟ ਵੀ ਹੋਵੇਗੀ?'

ਹੁਣ ਇਸ ਲਤੀਫ਼ੇ ਵਿਚ ਬੇਹੱਦ ਮਹੀਨ ਤਰੀਕੇ ਨਾਲ ਮੰਗਣ ਦੀ ਸ਼ੈਲੀ ਪ੍ਰਸਤੁਤ ਕੀਤੀ ਗਈ ਹੈ। ਲਤੀਫ਼ੇ ਤੋਂ ਬਾਅਦ ਸ਼ੌਕਤ ਢੰਡਿਆੜਵੀ ਨੇ ਹੱਸਦਿਆਂ ਕਿਹਾ ਕਿ ਜੇ ਮੰਗਤਾ ਬਣਨਾ ਹੋਏ ਤਾਂ ਪਹਿਲਾਂ ਬੀੜੀ ਸਿਗਰਟ ਪੀਣੀ ਸ਼ੁਰੂ ਕਰ ਦਿਓ, ਮੰਗਣ ਦੀ ਜਾਚ ਆਪੇ ਆ ਜਾਂਦੀ ਹੈ। ਇਸ ਨਿੱਕੇ ਜਿਹੇ ਲਤੀਫ਼ੇ ਨੇ ਮੈਨੂੰ ਆਪਣੇ ਪਿੰਡ ਦੇ ਕੁਝ ਇਕ ਨੌਜਵਾਨਾਂ ਦੀ ਯਾਦ ਦੁਆ ਦਿੱਤੀ, ਜਿਹੜੇ ਸਾਡੇ ਨਾਲ ਹੀ ਪੜ੍ਹਦੇ, ਖੇਡਦੇ ਰਹੇ ਤੇ ਫਿਰ ਨਸ਼ਿਆਂ ਦੇ ਸੰਸਾਰ ਵਿਚ ਅਜਿਹੇ ਡਿੱਗੇ ਕਿ ਅਖ਼ੀਰ ਨੂੰ ਭਿਖਾਰੀ ਹੋ ਗਏ। ਬਹੁਤ ਤਕਲੀਫ਼ ਹੁੰਦੀ ਹੈ ਇਹ ਦੇਖ ਕੇ ਕਿ ਕਿਵੇਂ ਸਾਡੀ ਜਵਾਨੀ ਨੂੰ ਨਸ਼ਿਆਂ

*# ੨੫੩੧/੧, ਡੀ.ਪੀ. ਸੁਸਾਇਟੀ, ਸੈਕਟਰ-੬੭, ਮੁਹਾਲੀ, ਮੋ: ੯੮੭੨੬-੦੮੫੧੧

ਦੇ ਦੈਂਤ ਨੇ ਆਪਣੇ ਖ਼ੂਨੀ ਜਬਾੜਿਆਂ ਵਿਚ ਦਬੋਚ ਲਿਆ ਹੈ।

ਮੈਨੂੰ ਯਾਦ ਆਉਂਦਾ ਹੈ ਮੇਰੇ ਪਿੰਡ ਦੁਸਾਂਝ ਕਲਾਂ ਦਾ ਬਲਵਿੰਦਰ ਸਿੰਘ ਬਿੱਲਾ ਜਿਹਨੇ ਹਾਕੀ ਦੇ ਸੰਸਾਰ ਵਿਚ ਬੁਲੰਦੀਆਂ ਛੂਹਣੀਆਂ ਸਨ ਅੱਜ ਉਹ ਇਸ ਸੰਸਾਰ ਵਿਚ ਨਹੀਂ। ਮੈਂ ਜਦ ਵੀ ਪਿੰਡ ਜਾਣਾ, ਉਹਨੂੰ ਨਸ਼ੇ ਦੀ ਲੋਰ ਵਿਚ ਬੱਸ ਅੱਡੇ 'ਤੇ ਹੀ ਇਧਰ-ਉਧਰ ਘੁੰਮਦਿਆਂ ਦੇਖਣਾ। ਜਦੋਂ ਕਹਿਣਾ, 'ਤੈਨੂੰ ਕੀ ਹੋ ਗਿਆ ਬਿੱਲੇ?' ਉਹਨੇ ਹੱਸ ਛੱਡਣਾ। ਨਸ਼ੇ ਦੀ ਲੱਤ ਨੇ ਉਹਨੂੰ ਇਕ ਸਟਾਰ ਖਿਡਾਰੀ ਤੋਂ ਚੋਰ ਤਕ ਬਣਾ ਧਰਿਆ। ਫਿਰ ਇਕ ਦਿਨ ਪਿੰਡੋਂ ਫ਼ੋਨ ਆਇਆ ਕਿ ਬਿੱਲਾ ਪੂਰਾ ਹੋ ਗਿਐ। ਸਾਡੇ ਪਿੰਡ ਦੇ ਕੁਝ ਹੋਰ ਨੌਜਵਾਨ ਹਨ, ਜਿਨ੍ਹਾਂ ਨੂੰ ਕਦੋਂ ਨਸ਼ਿਆਂ ਦਾ ਦੈਂਤ ਪੂਰੀ ਤਰ੍ਹਾਂ ਨਿਗਲ ਜਾਵੇਗਾ, ਕੁਝ ਪਤਾ ਨਹੀਂ। ਪਰ ਕੀ ਇਹ ਸਿਰਫ਼ ਮੇਰੇ ਪਿੰਡ ਦੀ ਹੀ ਕਹਾਣੀ ਹੈ?

ਰੋਜ਼ ਆਪਣੇ ਆਲੇ-ਦੁਆਲੇ ਵਾਪਰਦੇ ਹਾਦਸਿਆਂ ਦੀ ਜੜ੍ਹ ਵਿਚ ਕਿਤੇ ਨਾ ਕਿਤੇ ਨਸ਼ੇ ਹੀ ਬੈਠੇ ਹੋਏ ਹਨ। 'ਜਨਰੇਸ਼ਨ ਸੇਵੀਅਰ ਐਸੋਸੀਏਸ਼ਨ' ਅਤੇ 'ਬਚਪਨ' ਵੱਲੋਂ ਆਇਆ ਤਾਜ਼ਾ ਸਰਵੇਖਣ ਤਾਂ ਹੋਰ ਵੀ ਹਿਲਾ ਦੇਣ ਵਾਲਾ ਹੈ। ਸਰਵੇਖਣ ਮੁਤਾਬਿਕ ਤੀਜੀ ਤੋਂ ਅਠਵੀਂ ਜਮਾਤ ਤਕ ਪੜ੍ਹਦੇ ਪੇਂਡੂ ਸਕੂਲਾਂ ਦੇ ੪੪ ਫ਼ੀਸਦੀ ਬੱਚੇ ਬੀੜੀਆਂ, ਸਿਗਰਟਾਂ ਅਤੇ ਜਰਦੇ ਦੇ ਆਦੀ ਹੋ ਚੁੱਕੇ ਹਨ। ਇਹ ਇਕ ਸਰਵੇਖਣ ਹੈ। ਇਹਦੇ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਅਜਿਹੀਆਂ ਰਿਪੋਰਟਾਂ ਆ ਚੁੱਕੀਆਂ ਹਨ ਕਿ ਪੰਜਾਬ ਦੀ ਜਵਾਨੀ ਕਿਵੇਂ ਨਸ਼ਿਆਂ ਦੀਆਂ ਹਨੇਰੀਆਂ ਗਲੀਆਂ ਵਿਚ ਗੁਆਚਦੀ ਜਾ ਰਹੀ ਹੈ। ਪੇਂਡੂ ਖੇਤਰਾਂ ਵਿਚ ਭਾਵੇਂ ਬਹੁਤ ਹੱਦ ਤਕ ਹਾਲੇ ਵੀ ਰਵਾਇਤੀ ਨਸ਼ੇ ਭੰਗ, ਭੁੱਕੀ, ਪੋਸਤ, ਅਫੀਮ, ਸ਼ਰਾਬ ਆਦਿ ਹੀ ਹਨ ਪਰ ਸ਼ਹਿਰੀ ਖੇਤਰਾਂ ਅਤੇ ਪੰਜਾਬ ਦੇ ਦੁਆਬੇ ਇਲਾਕੇ ਵਿਚ ਨਸ਼ਿਆਂ ਦਾ ਬਿਲਕੁਲ ਆਧੁਨਿਕ ਨੈੱਟਵਰਕ ਪੂਰੀ ਤਰ੍ਹਾਂ ਫੈਲ ਚੁੱਕਾ ਹੈ। ਇਹ ਸਮੈਕ, ਹੈਰੋਇਨ ਅਤੇ ਮੈਡੀਕਲ ਸਟੋਰਾਂ ਤੋਂ ਬਿਨਾਂ ਰੋਕ-ਟੋਕ ਮਿਲਦੀਆਂ ਨਸ਼ੀਲੀਆਂ ਦਵਾਈਆਂ ਦਾ ਸੰਸਾਰ ਹੈ। ਰਵਾਇਤੀ ਨਸ਼ਿਆਂ ਦੇ ਆਦੀ ਤਾਂ ਭਾਵੇਂ ਕੁਝ ਸਾਲ ਕੱਢ ਹੀ ਜਾਂਦੇ ਹਨ ਪਰ ਸਮੈਕ, ਹੈਰੋਇਨ, ਨਸ਼ੀਲੀਆਂ ਦਵਾਈਆਂ ਅਤੇ ਟੀਕਿਆਂ ਵਾਲੇ ਆਧੁਨਿਕ ਅਮਲੀਆਂ ਦੇ ਸਾਹਾਂ ਦਾ ਤਾਂ ਪਤਾ ਹੀ ਨਹੀਂ ਕਦੋਂ ਟੁੱਟ ਜਾਣ!

ਨਸ਼ਿਆਂ ਦੇ ਲਗਾਤਾਰ ਵਧਦੇ ਜਾ ਰਹੇ ਇਸ ਨੈੱਟਵਰਕ ਬਾਰੇ ਪਾਠਕ ਜਾਣੂ ਹੀ ਹਨ, ਇਸ ਲਈ ਇਹਦੇ ਵਿਸਥਾਰ ਵਿਚ ਨਾ ਜਾਂਦਿਆਂ ਕੁਝ ਇਕ ਉਨ੍ਹਾਂ ਕਾਰਨਾਂ ਵੱਲ ਝਾਤ ਮਾਰਦੇ ਹਾਂ ਜਿਹੜੇ ਇਹਦੇ ਮੂਲ ਵਿਚ ਬੈਠੇ ਹੋਏ ਹਨ। ਸਾਡੀ ਬਿਲਕੁਲ ਸਾਫ਼ ਸਮਝ ਹੈ ਕਿ ਜੇਕਰ ਇਕ ਪੜ੍ਹਿਆ-ਲਿਖਿਆ ਨੌਜਵਾਨ ਅਤੇ ਖਿਡਾਰੀ ਵੀ ਨਸ਼ਿਆਂ ਨੂੰ ਅਪਣਾਉਂਦਾ ਹੈ ਤਾਂ ਇਹਦੇ ਵਿਚ ਸਾਡੀਆਂ ਗ਼ੈਰ-ਵਿਗਿਆਨਕ ਸਿੱਖਿਆਵਾਂ ਅਤੇ ਖੇਡ ਨੀਤੀਆਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਦੂਸਰੀ ਅਹਿਮ ਗੱਲ ਇਹ ਹੈ ਕਿ

ਨਸ਼ਾਤੰਤਰ ਇਸ ਕਰਕੇ ਆਏ ਦਿਨ ਵਧ-ਫੁਲ ਰਿਹਾ ਹੈ ਕਿਉਂਕਿ ਸਾਡੇ ਹਾਕਮਾਂ ਨੂੰ ਇਹ ਸਾਰਾ ਕੁਝ ਬਹੁਤ ਸੂਤ ਬੈਠਦਾ ਹੈ। ਹਾਕਮ ਜਾਣਦੇ ਹਨ ਕਿ ਜਿਹੜਾ ਬੰਦਾ ਆਪਣੇ ਆਪ ਬਾਰੇ ਸੋਚਣਾ ਹੀ ਬੰਦ ਕਰ ਦੇਵੇਗਾ, ਉਹ ਉਨ੍ਹਾਂ ਨੂੰ ਕੁਝ ਪੁੱਛਣ ਜਾਂ ਕਹਿਣ ਦੀ ਹਿੰਮਤ ਕਿਵੇਂ ਕਰ ਸਕਦਾ ਹੈ? ਪੰਚਾਇਤੀ ਚੋਣਾਂ ਤੋਂ ਲੈ ਕੇ ਉੱਪਰਲੇ ਪੱਧਰ ਤਕ ਦੀਆਂ ਹਰ ਤਰ੍ਹਾਂ ਦੀਆਂ ਚੋਣਾਂ ਵਿਚ ਖੁਦ ਸਿਆਸੀ ਪਾਰਟੀਆਂ, ਆਗੂਆਂ ਵੱਲੋਂ ਨਸ਼ਿਆਂ ਦੇ ਵੰਡੇ ਜਾਂਦੇ ਟਰੱਕਾਂ ਦੇ ਟਰੱਕ ਇਸ ਗੱਲ ਦਾ ਪ੍ਰਮਾਣ ਹਨ ਕਿ ਸਾਡੇ ਸਿਆਸੀ ਆਗੂ ਕਿਹੋ ਜਿਹਾ ਭਵਿੱਖ ਸਿਰਜਣਾ ਚਾਹੁੰਦੇ ਹਨ। ਲਗਭਗ ਹਰ ਸਿਆਸੀ ਪਾਰਟੀ ਦੀ ਮਨਸ਼ਾ ਹਰ ਹੀਲੇ ਸੱਤਾ ਹਾਸਲ ਕਰਨਾ ਹੀ ਰਹਿ ਗਈ ਹੈ। ਇਨ੍ਹਾਂ ਦੀ ਇਹ ਮਨਸ਼ਾ ਸਿਰ-ਹੀਣੇ ਲੋਕ ਹੀ ਪੂਰੀ ਕਰ ਸਕਦੇ ਹਨ, ਸਦਾ ਹੀ ਇਨ੍ਹਾਂ ਦੀ ਰਜ਼ਾ ਵਿਚ ਰਹਿਣ ਵਾਲੇ ਲੋਕ। ਸਾਫ਼ ਹੈ ਕਿ ਸਿਰ-ਹੀਣੇ ਲੋਕਾਂ ਦੀ ਜਮਾਤ ਪੈਦਾ ਕਰਨ ਲਈ ਸਭ ਤੋਂ ਸੌਖਾ ਹਥਿਆਰ ਨਸ਼ੇ ਹੀ ਹਨ। ਇਹੀ ਕਾਰਨ ਹੈ ਕਿ ਭ੍ਰਿਸ਼ਟ ਸਿਆਸੀ ਆਗੂਆਂ, ਅਫ਼ਸਰਸ਼ਾਹਾਂ ਅਤੇ ਸਮੱਗਲਰਾਂ ਦਾ ਗਠਜੋੜ ਪੰਜਾਬ ਦੀ ਜਵਾਨੀ ਨੂੰ ਲਗਾਤਾਰ ਚੂੰਡ-ਚੂੰਡ ਖਾ ਰਿਹਾ ਹੈ। ਬਾਹਰਲੇ ਬੰਦੇ ਨੂੰ ਦੋਸ਼ ਦੇਣ ਤੋਂ ਪਹਿਲਾਂ ਇਹ ਸੋਚਣਾ ਬਣਦਾ ਹੈ ਕਿ ਜਿਹੜੀਆਂ ਸਰਹੱਦਾਂ ਤੋਂ 'ਉਧਰਲੀ ਹਵਾ' ਵੀ ਇਧਰ ਆਉਣ ਵੇਲੇ ਪੁੱਛ ਕੇ ਆਉਂਦੀ ਹੈ, ਉਨ੍ਹਾਂ ਸਰਹੱਦਾਂ ਤੋਂ ਕੁਇੰਟਲਾਂ ਦੀ ਕੁਇੰਟਲ ਹੈਰੋਇਨ, ਅਫ਼ੀਮ ਇਧਰ ਕਿਵੇਂ ਪਹੁੰਚ ਜਾਂਦੀ ਹੈ?

ਬਹੁਤਾ ਵਿਸਥਾਰ ਵਿਚ ਨਹੀਂ ਜਾਇਆ ਜਾ ਸਕਦਾ। ਸਮਾਪਤੀ ਵੀ ਸ਼ੌਕਤ ਢੰਡਿਆੜਵੀ ਦਾ ਇਹ ਲਤੀਫ਼ਾ ਸੁਣਾ ਕੇ ਹੀ ਕਰਨੀ ਹੈ:

ਬੱਸ 'ਚ ਬੈਠੇ ਮੁਸਾਫ਼ਰ ਨੇ ਜੇਬ 'ਚੋਂ ਖੀਰਾ, ਚਾਕੂ ਤੇ ਨਮਕ ਕੱਢਿਆ। ਉਹਨੇ ਖੀਰੇ ਦੇ ਚਾਰ ਪੀਸ ਕੀਤੇ। ਬੜੇ ਪਿਆਰ ਨਾਲ ਉਨ੍ਹਾਂ 'ਤੇ ਨਮਕ ਲਾਇਆ ਤੇ ਫਿਰ ਇਕ-ਇਕ ਕਰਕੇ ਨਾਲ ਬੈਠੇ ਮੁਸਾਫ਼ਰ ਨੂੰ ਧੱਕੇ ਨਾਲ ਖੁਆ ਦਿੱਤੇ। ਖੀਰੇ ਦੇ ਚਾਰੇ ਪੀਸ ਖਾਣ ਤੋਂ ਬਾਅਦ ਜਦੋਂ ਮੁਸਾਫ਼ਰ ਨੇ ਪੁੱਛਿਆ, 'ਤੁਸੀਂ ਖੀਰਾ ਕਿਉਂ ਨਹੀਂ ਖਾਧਾ?'

'ਛੱਡੋ ਜੀ, ਇਹ ਕੋਈ ਬੰਦਿਆਂ ਦੇ ਖਾਣ ਵਾਲੀ ਚੀਜ਼ ਐ?' ਖੀਰੇ ਵਾਲੇ ਦਾ ਜੁਆਬ ਸੀ।

ਇਹ ਲਤੀਫ਼ਾ ਵੀ ਸਾਡੇ ਨੌਜਵਾਨਾਂ ਨੂੰ ਸਮਝਣ ਦੀ ਲੋੜ ਹੈ ਕਿ ਕਿਵੇਂ ਕੁਝ ਲੋਕ ਧੱਕੇ ਨਾਲ ਹੀ ਉਨ੍ਹਾਂ ਨੂੰ ਨਸ਼ਿਆਂ ਦੇ ਆਦੀ ਬਣਾਉਣ ਵਿਚ ਜੁੱਟੇ ਹੋਏ ਹਨ ਤੇ ਕਿਵੇਂ ਨੌਜਵਾਨਾਂ ਨੇ ਇਨ੍ਹਾਂ ਤੋਂ ਬਚਣਾ ਹੈ। ਆਓ, ਸ਼ੌਕਤ ਢੰਡਿਆੜਵੀ ਦੇ ਸ਼ੇਅਰ ਮੁਤਾਬਿਕ ਹੀ ਜ਼ਿੰਦਗੀ ਨੂੰ ਸੰਵਾਰਨ ਦਾ ਯਤਨ ਕਰੀਏ ਤੇ ਕੰਡਿਆਂ 'ਤੇ ਤੁਰਨ ਦਾ ਹੌਸਲਾ ਰੱਖ ਕੇ ਗੁਲਾਬ ਲੈ ਕੇ ਪਰਤੀਏ।

*(ਰੋਜ਼ਾਨਾ ਅਜੀਤ 'ਚੋਂ ਧੰਨਵਾਦ ਸਹਿਤ)* ■

# ਅਸ਼ਲੀਲ ਸਾਹਿਤਕਾਰਾਂ ਦਾ ਸਮਾਜ 'ਤੇ ਬੁਰਾ ਪ੍ਰਭਾਵ

*-ਸ. ਚਰਨਜੀਤ ਸਿੰਘ**

ਗੁਰਬਾਣੀ ਦਾ ਫ਼ੁਰਮਾਨ ਹੈ :

*- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* *(ਪੰਨਾ ੬੨)*

*- ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥*
*ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥* *(ਪੰਨਾ ੧੩੭੯)*

ਅਸ਼ਲੀਲ ਸਾਹਿਤ ਉਹ ਮਿੱਠਾ ਜ਼ਹਿਰ ਹੈ ਜਿਹੜਾ ਤਥਾਕਥਿਤ ਸਾਹਿਤਕਾਰਾਂ ਨੇ ਚਟਪਟਾ ਅਤੇ ਸਵਾਦਲਾ ਬਣਾ ਕੇ ਸਾਡੇ ਵਾਸਤੇ ਰਚਿਆ ਹੁੰਦਾ ਹੈ। ਇਹਦਾ ਅਸਰ ਖਾਸ ਕਰਕੇ ਨੌਜਵਾਨ ਪੀੜ੍ਹੀ 'ਤੇ ਤਾਂ ਬੜਾ ਹੀ ਮਾਰੂ ਹੁੰਦਾ ਹੈ। ਅੱਜਕਲ੍ਹ ਅਸ਼ਲੀਲ ਕੈਸਟਾਂ ਦਾ ਰੁਝਾਨ ਵਧ ਚੁਕਿਆ ਹੈ ਜਿਹੜਾ ਕਿ ਨੌਜਵਾਨਾਂ ਦੇ ਚਾਲ-ਚਲਣ ਵਿਚ ਭਾਰੀ ਗਿਰਾਵਟ ਲਿਆਉਣ ਦਾ ਕਾਰਨ ਬਣ ਰਿਹਾ ਹੈ। ਚਾਲ-ਚਲਣ ਹੀ ਤਾਂ ਮਨੁੱਖ ਦੀ ਸਭ ਤੋਂ ਕੀਮਤੀ ਚੀਜ਼ ਹੈ ਜਿਸ ਬਾਰੇ ਇਕ ਅੰਗਰੇਜ਼ ਫ਼ਿਲਾਸਫ਼ਰ ਨੇ ਲਿਖਿਆ ਹੈ:

*If money is lost, nothing is lost;*
*If health is lost, something is lost;*
*If character is lost, everything is lost.*

ਭਾਵ ਪੈਸਾ ਗਿਆ, ਕੁਝ ਨਹੀਂ ਗਿਆ; ਸਿਹਤ ਗਈ ਕੁਝ ਗਿਆ; ਜੇਕਰ ਚਾਲ-ਚਲਣ ਗਿਆ ਤਾਂ ਸਭ ਕੁਝ ਗਿਆ।

ਕਦੇ ਦੇਵਰ-ਭਾਬੀ ਦਾ ਰਿਸ਼ਤਾ ਬੜਾ ਸੱਚਾ-ਸੁੱਚਾ ਹੁੰਦਾ ਸੀ ਜਿਹੜਾ ਅਸ਼ਲੀਲ ਕਿਸਮ ਦੇ ਲੇਖਕਾਂ ਨੇ ਪਲੀਤ ਕਰ ਕੇ ਰੱਖ ਦਿੱਤਾ ਹੈ। ਇਨ੍ਹਾਂ ਇਤਨੀਆਂ ਘਟੀਆ ਕਿਸਮ ਦੀਆਂ ਰਚਨਾਵਾਂ ਸਮਾਜ ਨੂੰ ਦਿੱਤੀਆਂ ਹਨ ਜੋ ਪਰਵਾਰ ਵਿਚ ਬੈਠ ਕੇ ਸੁਣੀਆਂ ਹੀ ਨਹੀਂ ਜਾ ਸਕਦੀਆਂ। ਇਨ੍ਹਾਂ ਵਿਚ ਜੀਜਾ-ਸਾਲੀ, ਦੇਵਰ-ਭਾਬੀ, ਨੂੰਹ-ਸਹੁਰੇ, ਜੇਠ ਅਤੇ ਛੜਿਆਂ ਨੂੰ ਰੱਜ ਕੇ ਬਦਨਾਮ ਕੀਤਾ ਗਿਆ ਹੈ। ਉਹ ਔਰਤ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਪਵਿੱਤਰ ਬਾਣੀ ਵਿਚ "*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*" (ਪੰਨਾ ੪੭੩) ਆਖ ਕੇ ਮਾਣ-ਸਤਿਕਾਰ ਦਿੱਤਾ ਭਾਵ ਮਹਾਂਪੁਰਖਾਂ ਅਤੇ ਰਾਜਿਆਂ ਦੀ ਜਨਮਦਾਤੀ ਕਿਹਾ ਹੈ, ਇਨ੍ਹਾਂ ਨੇ ਉਸ ਨੂੰ ਭੋਗ ਦੀ ਵਸਤੂ ਅਤੇ ਅਬਲਾ ਬਣਾ ਕੇ ਰੱਖ ਦਿੱਤਾ ਹੈ। ਜੇਕਰ ਔਰਤ ਅਬਲਾ ਹੁੰਦੀ ਤਾਂ ਹਿੰਦੁਸਤਾਨ ਵਿਚ ਰਜ਼ੀਆ ਸੁਲਤਾਨ, ਰਾਣੀ ਦੁਰਗਾਵਤੀ ਅਤੇ ਮਾਤਾ ਭਾਗ ਕੌਰ ਵਰਗੀਆਂ ਦਲੇਰ ਔਰਤਾਂ ਪੈਦਾ ਨਾ ਹੁੰਦੀਆਂ।

** ਪਿੰਡ ਨਵੀਆਂ ਬਾਗੜੀਆਂ, ਡਾਕ. ਆਲਮਾ, ਜ਼ਿਲ੍ਹਾ ਗੁਰਦਾਸਪੁਰ।*

ਇਨ੍ਹਾਂ ਦੀਆਂ ਰਚਨਾਵਾਂ ਨੇ ਸਮਾਜ ਸੁਧਾਰ ਤਾਂ ਕੀ ਕਰਨਾ ਸੀ ਸਗੋਂ ਨਕਲੀ ਹੀਰਾਂ ਅਤੇ ਰਾਂਝਿਆਂ ਦੀ ਗਿਣਤੀ ਵਿਚ ਹੀ ਵਾਧਾ ਕੀਤਾ ਹੈ। ਬੱਚੀਆਂ ਦੀ ਸੋਲ੍ਹਾਂ ਸਾਲ ਦੀ ਉਮਰ ਮਗਰ ਤਾਂ ਹੱਥ ਧੋ ਕੇ ਹੀ ਪੈ ਗਏ ਹਨ। ਇੰਜ ਜਾਪਦਾ ਹੈ ਕਿ ਰੁਮਾਂਸ ਦੇ ਬਿਨਾਂ ਹੋਰ ਕੋਈ ਵਿਸ਼ਾ ਲਿਖਣ ਵਾਸਤੇ ਰਹਿ ਹੀ ਨਾ ਗਿਆ ਹੋਵੇ। ਲੇਖਕ ਤੇ ਕਵੀ ਵੀਰੋ! ਜ਼ਰਾ ਪੜ੍ਹੋ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ:

*ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।*
*ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।*
*ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।*
*ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।*
*ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਞਾਣੈ।*
*ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।*
*ਸਾਧਸੰਗਤਿ ਵਿਟਹੁ ਕੁਰਬਾਣੈ॥੧੧॥* *(ਵਾਰ ੨੧)*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਾਹਿਤਕਾਰ ਇੰਨਾ ਲੱਚਰ ਅਤੇ ਘਟੀਆ ਸਾਹਿਤ ਕਿਉਂ ਰਚਦੇ ਹਨ? ਇਸ ਦੇ ਕਈ ਕਾਰਨ ਹਨ। ਅਸ਼ਲੀਲ ਲੇਖਕਾਂ ਦਾ ਦਿਮਾਗ਼ੀ ਪੱਧਰ ਹੀ ਇੰਨਾ ਨੀਵਾਂ ਹੋ ਗਿਆ ਹੈ ਕਿ ਉਨ੍ਹਾਂ ਨੂੰ ਉਸਾਰੂ ਸਾਹਿਤ ਰਚਣ ਵਿਚ ਤਸੱਲੀ ਹੀ ਨਹੀਂ ਮਿਲਦੀ। ਸਭਿਆਚਾਰ ਦੇ ਸਬੰਧ ਵਿਚ ਗਿਆਨੀ ਸੰਤ ਸਿੰਘ ਜੀ ਮਸਕੀਨ ਆਪਣੀ ਪੁਸਤਕ 'ਗੁਰੂ ਚਿੰਤਨ' ਦੇ ਪੰਨਾ ੪੩ 'ਤੇ ਲਿਖਦੇ ਹਨ: 'ਇਕ ਪੜ੍ਹਿਆ-ਲਿਖਿਆ ਮਨੁੱਖ ਜਦ ਫ਼ਿਲਮੀ ਐਕਟਰਾਂ 'ਤੇ ਆਪਣਾ ਦਿਮਾਗ਼ ਖ਼ਰਚ ਕਰ ਕੇ, ਉਨ੍ਹਾਂ ਦੀ ਜੀਵਨ-ਝਾਕੀ ਪੇਸ਼ ਕਰਦਾ ਹੈ ਤਾਂ ਇਸ ਨਾਲ ਉਹ ਕੋਈ ਸਮਾਜ ਦੀ ਸੇਵਾ ਨਹੀਂ ਕਰ ਰਿਹਾ ਹੁੰਦਾ, ਸਗੋਂ ਇਸ ਨਾਲ ਸਮਾਜ ਦਾ ਜ਼ਿਹਨ ਗੰਦਾ ਕਰ ਰਿਹਾ ਹੁੰਦਾ ਹੈ।' ਇਸ ਤਰ੍ਹਾਂ ਦੇ ਅਸ਼ਲੀਲ ਨਾਵਲ, ਜਿਨਸੀਅਤ ਨਾਲ ਭਰੀਆਂ ਕਹਾਣੀਆਂ ਸਮਾਜ ਦੀ ਅਧੋਗਤੀ ਦੀਆਂ ਨਿਸ਼ਾਨੀਆਂ ਬਣਦੀਆਂ ਹਨ।

ਕਿਸੇ ਕਵੀ ਦੇ ਕਥਨ ਅਨੁਸਾਰ :

*ਬਲ ਵਾਲੇ ਸੂਰਜ ਨੇ ਭਾਵੇਂ ਦੁਨੀਆਂ ਸਭ ਰੁਸ਼ਨਾਈ।*
*ਅੰਤ ਸਮੇਂ ਉਸ ਦੇ ਮੂੰਹ ਉੱਤੇ, ਦੇਖ ਪਲਿੱਤਣ ਛਾਈ।*
*ਨਿੱਕੇ ਦੀਵੇ ਹੱਸ ਕੇ ਆਖਿਆ, 'ਹੇ ਸੂਰਜ! ਕਿਉਂ ਝੁਰੇਂ?*
*ਜਦ ਤਕ ਮੈਂ ਹਾਂ ਜਗਦਾ ਰਹਿੰਦਾ, ਰੱਖਸਾਂ ਜੋਤ ਜਗਾਈ।'*

ਸੋ ਸੱਚਾ ਸਾਹਿਤਕਾਰ ਤਾਂ ਦੀਵੇ ਦੇ ਸਮਾਨ ਹੁੰਦਾ ਹੈ ਜਿਸ ਦਾ ਕੰਮ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨਾ ਹੁੰਦਾ ਹੈ। ਜੇਕਰ ਸਾਰੇ ਸਾਹਿਤਕਾਰ ਇਹ ਸੋਚ ਕੇ ਲਿਖਣ ਕਿ ਅਸੀਂ ਸਿਰਫ਼ ਉਸਾਰੂ ਸਾਹਿਤ ਹੀ ਸਮਾਜ ਨੂੰ ਦੇਣਾ ਹੈ ਤਾਂ ਉਹ ਹਿੰਦੁਸਤਾਨ ਕੀ, ਦੁਨੀਆਂ ਦਾ ਕੋਨਾ-ਕੋਨਾ ਰੁਸ਼ਨਾ ਸਕਦੇ ਹਨ। ■

# ਪੰਜਾਬ ਦਾ ਬਟਵਾਰਾ ਅਤੇ ਸਿੱਖ:ਇਕ ਇਤਿਹਾਸਕ ਝਾਤ

*-ਸ. ਮੁਨੀਸ਼ ਸਿੰਘ**

ਪੰਜਾਬ ਦਾ ਬਟਵਾਰਾ (੧੯੪੭) ਸਮਕਾਲੀ ਇਤਿਹਾਸ ਵਿਚ ਹੋਈਆਂ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਤ੍ਰਾਸਦੀਆਂ ਵਿੱਚੋਂ ਇਕ ਹੈ। ਇਸ ਘਟਨਾ ਨੇ ਸਮਾਜ ਦੇ ਵੱਡੇ ਤਬਕੇ ਨੂੰ ਪ੍ਰਭਾਵਿਤ ਕੀਤਾ। ਸੰਪਰਦਾਇਕਤਾ ਦੇ ਇਸ ਜਨੂੰਨ ਨੇ ਨਾ ਕੇਵਲ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਧੀਆਂ-ਭੈਣਾਂ ਦੀ ਬੇਪਤੀ ਕੀਤੀ, ਕਦੇ ਨਾ ਪੂਰਾ ਹੋਣ ਵਾਲਾ ਆਰਥਿਕ ਨੁਕਸਾਨ ਉਠਾਉਣਾ ਪਿਆ, ਬਲਕਿ ਉਨ੍ਹਾਂ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣੀਆਂ ਜੜ੍ਹਾਂ ਨਾਲੋਂ ਟੁੱਟਣਾ ਪਿਆ। ਭਾਵੇਂ ਮੁਲਕ ਆਜ਼ਾਦ ਹੋਇਆਂ ਨੂੰ ੬੦ ਵਰ੍ਹੇ ਹੋ ਗਏ ਹਨ, ਪਰ ਇਸ ਤ੍ਰਾਸਦੀ ਦਾ ਅਸਰ ਅੱਜ ਵੀ ਉਨ੍ਹਾਂ ਲੋਕਾਂ ਦੇ ਮਨਾਂ ਉੱਤੇ ਦੇਖਣ ਨੂੰ ਮਿਲਦਾ ਹੈ। ਪ੍ਰਸਿੱਧ ਇਤਿਹਾਸਕਾਰ ਸ੍ਰੀ ਗਿਆਨ ਇੰਦਰ ਪਾਂਡੇ ਅਨੁਸਾਰ, "ਬਟਵਾਰੇ ਦੇ ਦੌਰਾਨ ਸਿੱਖਾਂ ਨੇ ਸਭ ਤੋਂ ਵੱਧ ਨੁਕਸਾਨ ਉਠਾਇਆ" ਅਤੇ ਮਿਸਟਰ ਡੇਨਿਸ ਜੁੱਡ ਦੇ ਇਸ ਕਥਨ ਨਾਲ ਉਪਰੋਕਤ ਬਿਆਨ ਨੂੰ ਹੋਰ ਵੀ ਬਲ ਮਿਲਦਾ ਹੈ ਕਿ "ਭਾਰਤ ਦੀ ਵੰਡ ਨਾਲ ਹਿੰਦੂਆਂ ਨੂੰ ਹਿੰਦੁਸਤਾਨ ਤੇ ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ ਪਰੰਤੂ ਸਿੱਖ ਬਿਲਕੁਲ ਅਨਾਥਾਂ ਵਾਂਗ ਰਹਿ ਗਏ ਜਿਨ੍ਹਾਂ ਦੇ ਪਿੱਛੇ ਕੁਝ ਵੀ ਨਹੀਂ ਬਚਿਆ।"

'ਡਾਇਰੈਕਟ ਐਕਸ਼ਨ ਡੇ' ਕਿਉਂ ਜੋ ਪੰਜਾਬ ਵਿਚ 'ਡਾਇਰੈਕਟ ਐਕਸ਼ਨ ਅੰਦੋਲਨ' ਬਣ ਚੁਕਿਆ ਸੀ, ਦੇ ਚੱਲਦੇ ਹੋਏ ੨ ਮਾਰਚ ਨੂੰ ਪੰਜਾਬ ਦੇ ਮੁੱਖ ਮੰਤਰੀ ਜਨਾਬ ਖਿਜ਼ਰ ਹਯਾਤ ਖ਼ਾਂ ਨੇ ਅਸਤੀਫ਼ਾ ਦੇ ਦਿੱਤਾ। ਜਨਾਬ ਖਿਜ਼ਰ ਹਯਾਤ ਖ਼ਾਂ ਦੇ ਅਸਤੀਫ਼ੇ ਤੋਂ ਤੁਰੰਤ ਬਾਅਦ ਹੀ ਪੰਜਾਬ ਵਿਚ ਦੰਗੇ ਸ਼ੁਰੂ ਹੋ ਗਏ। ਪੱਛਮੀ ਪੰਜਾਬ ਵਿਚ ਇਸ ਦੇ ਨਤੀਜੇ ਹੋਰ ਵੀ ਗੰਭੀਰ ਸਨ। ਮਾਰਚ ਦੇ ਇਨ੍ਹਾਂ ਦੰਗਿਆਂ ਵਿਚ ਮਰਨ ਵਾਲਿਆਂ ਵਿੱਚੋਂ ਸਭ ਤੋਂ ਵੱਧ ਸਿੱਖ ਸਨ, ਜਿਸ ਦਾ ਕਾਰਨ ਇਨ੍ਹਾਂ ਦੀ ਪਹਿਚਾਣ ਸੀ। ਇਸੇ ਵਜ੍ਹਾ ਕਰਕੇ ਇਨ੍ਹਾਂ ਉੱਪਰ ਚੋਰੀ-ਛੁਪੇ ਵਾਰ ਕਰ ਕੇ ਨੱਸ ਜਾਣ ਦੀਆਂ ਵਾਰਦਾਤਾਂ ਆਮ ਸਨ। ਸਿੱਖਾਂ ਦੇ ਕਈ ਪਿੰਡਾਂ ਥਮਾਲੀ, ਥੋਹਾ, ਚੋਆ, ਖਾਲਸਾ ਆਦਿ ਵਿਚ ਵੱਢ-ਕੱਟ, ਘਰਾਂ ਨੂੰ ਤਬਾਹ ਕਰਨ, ਔਰਤਾਂ ਨੂੰ ਅਗਵਾ ਕਰਨ ਅਤੇ ਗੁਰਦੁਆਰਾ ਸਾਹਿਬਾਨ ਨੂੰ ਢਾਹੁਣ ਦਾ ਦੌਰ ਚੱਲਦਾ ਰਿਹਾ। ਇਸ ਸ਼ੁਰੂਆਤੀ ਦੌਰ ਵਿਚ ਸਿੱਖ ਆਪਣੀ ਜਾਨ-ਮਾਲ ਦੀ ਸੁਰੱਖਿਆ ਵਾਸਤੇ ਹੀ ਲੜਦੇ ਰਹੇ ਸਨ।

ਪੰਜਾਬ ਵਿਚ ਹੋ ਰਹੇ ਫ਼ਸਾਦਾਂ ਨੇ ਨਾ ਕੇਵਲ ਪੂਰੇ ਮੁਲਕ ਬਲਕਿ ਇਸ ਤੋਂ ਬਾਹਰ ਇੰਗਲੈਂਡ ਦੇ ਲੋਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ। *The Times*

** ਖੋਜਾਰਥੀ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*

*London* ਵਿਚ ਛਪੀ ਇਕ ਖ਼ਬਰ ਅਨੁਸਾਰ ਪੰਜਾਬ ਦੇ ਹਾਲਾਤ ਬਹੁਤ ਗੰਭੀਰ ਸਨ। ੧੧ ਮਾਰਚ ਨੂੰ ਛਪੇ ਇਕ ਲੇਖ *Lesson from the Punjab* ਵਿਚ ਛਪਿਆ ਕਿ 'ਸਿੱਖ ਪੰਜਾਬ ਵਿਚ ਇਨਸਾਫ਼ ਦੀ ਮੰਗ ਕਰ ਰਹੇ ਹਨ ਤੇ ਮੁਸਲਿਮ ਲੀਗ ਉਨ੍ਹਾਂ ਨੂੰ ਦੇਣ ਤੋਂ ਇਨਕਾਰ ਕਰ ਰਹੀ ਹੈ ਜਿਸ ਦੀ ਕਿ ਉਹ ਆਪ ਪੂਰੇ ਭਾਰਤ ਵਿਚ ਮੰਗ ਕਰ ਰਹੇ ਹਨ।'

ਅਪ੍ਰੈਲ ਦੇ ਸ਼ੁਰੂ ਵਿਚ ਸਿੱਖਾਂ ਨੇ ਆਪਣੇ ਆਪ ਨੂੰ ਲਾਮਬੰਦ ਕਰਨਾ ਵੀ ਸ਼ੁਰੂ ਕਰ ਦਿੱਤਾ। ਮਿਸਟਰ ਈਵਾਨ ਜੈਨਕਸਨ ਨੇ ਵੀ ਜੋ ਕਿ ਉਸ ਸਮੇਂ ਪੰਜਾਬ ਦੇ ਗਵਰਨਰ ਸਨ, ਇਕ ਗੁਪਤ ਖ਼ਤ ਦੇ ਜ਼ਰੀਏ ਭਾਰਤ ਦੇ ਵਾਇਸਰਾਏ ਲਾਰਡ ਲੂਈਸ ਮਾਊਂਟਬੈਟਨ ਨੂੰ ਚਿਤਾਵਨੀ ਦਿੱਤੀ ਕਿ ਸਿੱਖ ਪੰਜਾਬ ਵਿਚ ਜਥੇਬੰਦ ਹੋ ਰਹੇ ਹਨ ਤੇ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਤੇ ਜਥੇਦਾਰ ਕਰਤਾਰ ਸਿੰਘ ਦੀ ਅਗਵਾਈ ਵਿਚ ੫੦ ਲੱਖ ਰੁਪਏ 'ਰੱਖਿਆ ਫੰਡ' ਵੀ ਜਮ੍ਹਾਂ ਕੀਤਾ ਹੈ। ਇਸੇ ਹੀ ਲੜੀ ਵਿਚ ੧੩ ਅਪ੍ਰੈਲ ਵਿਸਾਖੀ ਵਾਲੇ ਦਿਨ ੩੦੦ ਸਿੱਖ ਜਥੇਦਾਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਸਹੁੰ ਚੁੱਕੀ ਕਿ ਉਹ ਕੌਮ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰ ਦੇਣਗੇ। ਆਜ਼ਾਦ ਹਿੰਦ ਫੌਜ ਵਿਚ ਰਹੇ ਸਿੱਖ ਵੀ ਇਸ ਵਿਚ ਪਿੱਛੇ ਨਾ ਰਹੇ। ਉਨ੍ਹਾਂ ਨੇ ਆਪਣਾ ਮੁੱਖ ਦਫ਼ਤਰ ਮਜੀਠਾ ਰੋਡ ਅੰਮ੍ਰਿਤਸਰ ਵਿਚ ਸਥਾਪਿਤ ਕੀਤਾ ਤਾਂ ਜੋ ਮਾਰ ਝੱਲ ਰਹੇ ਲੋਕਾਂ ਦੀ ਮੱਦਦ ਕੀਤੀ ਜਾ ਸਕੇ। ਨਿਹੰਗ ਸਿੰਘਾਂ ਦੀ ਗਿਣਤੀ ਵਿਚ ਵੀ ਅਚਾਨਕ ਹੀ ਵਾਧਾ ਹੋਣ ਲੱਗ ਪਿਆ ਤੇ ਨਾਲ ਹੀ ਸਿੱਖ ਰਿਆਸਤਾਂ ਨਾਲ ਸੰਪਰਕ ਵੀ ਵਧਾਏ ਜਾਣ ਲੱਗੇ।

ਇਨ੍ਹਾਂ ਸਾਰੀਆਂ ਚੱਲ ਰਹੀਆਂ ਗਤੀਵਿਧੀਆਂ ਦਾ ਅਸਰ ਸਾਨੂੰ ਮਈ ਵਿਚ ਦੇਖਣ ਨੂੰ ਮਿਲਿਆ। ਸਿੱਖਾਂ ਨੇ ਹਮਲਾਵਰਾਂ ਦਾ ਮੂੰਹ ਤੋੜ ਜਵਾਬ ਦੇਣ ਲਈ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਪੰਜਾਬ ਵਿਚ ਦਿਨੋ-ਦਿਨ ਤਣਾਅ ਵਧਦਾ ਹੀ ਜਾ ਰਿਹਾ ਸੀ ਜਿਸ ਨੂੰ ਦੇਖਦੇ ਹੋਏ ੧੯ ਮਈ ਨੂੰ ਪੰਜਾਬ ਦੇ ਗਵਰਨਰ ਨੇ ਇਕ ਹੁਕਮ ਜਾਰੀ ਕੀਤਾ, ਜਿਸ ਅਨੁਸਾਰ ਅਜਿਹੀਆਂ ਸਾਰੀਆਂ ਖ਼ਬਰਾਂ, ਬਿਆਨਾਂ ਤੇ ਤਸਵੀਰਾਂ 'ਤੇ ਰੋਕ ਲਗਾ ਦਿੱਤੀ ਜਿਸ ਨਾਲ ਸੰਪਰਦਾਇਕਤਾ ਦੀ ਭਾਵਨਾ ਵਧਦੀ ਹੋਵੇ।

ਇਸੇ ਦੌਰਾਨ ਹੀ ਭਾਰਤ ਦੇ ਵਾਇਸਰਾਏ ਲਾਰਡ ਲੂਈਸ ਮਾਊਂਟਬੈਟਨ ਨੇ '੩ ਜੂਨ ਪਲਾਨ' ਪੇਸ਼ ਕੀਤਾ ਜਿਸ ਰਾਹੀਂ ਉਸ ਨੇ ਕਾਂਗਰਸ ਨੂੰ ਬਟਵਾਰੇ ਲਈ ਮਨਾ ਲਿਆ। ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਇਸ ਨੇ ਸਾਰੇ ਦੇਸ਼ ਵਿਚ ਸੰਪਰਦਾਇਕਤਾ ਦੀ ਭਾਵਨਾ ਨੂੰ ਵਧਾਇਆ। ਮਾਸਟਰ ਤਾਰਾ ਸਿੰਘ ਤੇ ਹੋਰ ਸਿੱਖ ਲੀਡਰਾਂ ਨੇ ਇਕ ਬਿਆਨ ਜਾਰੀ ਕਰ ਕੇ ਇਸ ਫ਼ੈਸਲੇ ਦੀ ਨਿਖੇਧੀ ਕੀਤੀ ਕਿ ਬ੍ਰਿਟਿਸ਼ ਸਰਕਾਰ ਦਾ ਇਹ ਪ੍ਰਸਤਾਵ ਬਟਵਾਰੇ ਦੇ ਸਿਧਾਂਤ 'ਤੇ ਆਧਾਰਿਤ ਹੈ, ਜੋ ਕਿ ਸਿੱਖਾਂ ਵਾਸਤੇ ਨਿਰਾਸ਼ਾਜਨਕ ਹੈ। ਅੱਗਜ਼ਨੀ, ਕਤਲ ਤੇ ਬੰਬ ਧਮਾਕੇ ਪੰਜਾਬ ਵਿਚ ਆਮ ਹੋ ਗਏ

ਸਨ, ਖਾਸ ਕਰਕੇ ਪੱਛਮੀ ਪੰਜਾਬ ਵਿਚ। ਸ. ਖੁਸ਼ਵੰਤ ਸਿੰਘ ਦੇ ਅਨੁਸਾਰ, 'ਜੂਨ ੧੯੪੭ ਦੁਆਲੇ, ਪੱਛਮੀ ਪੰਜਾਬ ਵਿਚ ਹਿੰਦੂਆਂ ਤੇ ਸਿੱਖਾਂ ਦਾ ਵਿਰੋਧ ਪੂਰੀ ਤਰ੍ਹਾਂ ਹਿੰਮਤ ਹਾਰ ਚੁੱਕਿਆ ਸੀ।' 'ਨਾਰੇ ਤਕਬੀਰ', 'ਹਰ ਹਰ ਮਹਾਂਦੇਵ' ਅਤੇ 'ਜੋ ਬੋਲੇ ਸੋ ਨਿਹਾਲ' ਦੇ ਨਾਹਰੇ ਉਨ੍ਹਾਂ ਲੰਬੀਆਂ ਰਾਤਾਂ ਵਿਚ ਅਕਸਰ ਗੂੰਜਦੇ ਰਹਿੰਦੇ ਸਨ। ਪੱਛਮੀ ਪੰਜਾਬ ਵਿਚ ਤਾਂ ਇਕ ਨਾਹਰਾ ਆਮ ਲਗਾਇਆ ਜਾਂਦਾ ਸੀ ਕਿ 'ਕੋਈ ਸਿੱਖ ਰਹਨੇ ਨਾ ਪਾਏ ਮਗਹਿਰਬੀ ਪੰਜਾਬ ਮੇਂ'।

ਜੁਲਾਈ ਦੇ ਮਹੀਨੇ ਵਿਚ ਵੀ ਤਣਾਅਪੂਰਨ ਮਾਹੌਲ ਘਟਣ ਦੀ ਬਜਾਇ ਹੋਰ ਵਧਿਆ। ਇਸੇ ਦੌਰਾਨ ਬ੍ਰਿਟਿਸ਼ ਸਰਕਾਰ ਨੇ ਬਟਵਾਰੇ ਦੀ ਪ੍ਰਤੀਕ੍ਰਿਆ ਨੂੰ ਸਹੀ ਤਰਤੀਬ ਦੇਣ ਲਈ 'ਪੰਜਾਬ ਹੱਦਬੰਦੀ ਕਮਿਸ਼ਨ' ਦੀ ਸਥਾਪਨਾ ਸਰ ਰੈਡਕਲਿਫ ਦੀ ਅਗਵਾਈ ਅਧੀਨ ਕੀਤੀ ਜਿਸ 'ਤੇ ੧੦ ਜੁਲਾਈ ਨੂੰ ਗਿਆਨੀ ਕਰਤਾਰ ਸਿੰਘ ਨੇ ਸਰ ਈਵਾਨ ਜੈਨਕਸਨ ਨੂੰ ਆਗਾਹ ਕੀਤਾ ਕਿ ਜੇਕਰ ਸਿੱਖ 'ਹੱਦਬੰਦੀ ਕਮਿਸ਼ਨ' ਤੋਂ ਸੰਤੁਸ਼ਟ ਨਾ ਹੋਏ ਤਾਂ ਉਹ ਹਿੰਸਾਤਮਕ ਕਾਰਵਾਈ ਕਰਨਗੇ। ਸਿੱਖਾਂ ਦੇ ਜ਼ੋਰ ਪਾਉਣ ਅਤੇ ਹਿੱਤਾਂ ਨੂੰ ਧਿਆਨ ਵਿਚ ਰੱਖਣ ਵਾਸਤੇ ਸਿੱਖ ਰਾਜਨੀਤੀ ਦੇ ਜਾਣਕਾਰ ਮੇਜਰ ਸ਼ਾਰਟ ਨੂੰ ਇੰਗਲੈਂਡ ਤੋਂ ਭਾਰਤ ਬੁਲਾਇਆ ਗਿਆ ਤਾਂ ਜੋ ਸਿੱਖਾਂ ਦਾ ਸਹੀ ਪੱਖ ਸਰਕਾਰ ਦੇ ਸਾਹਮਣੇ ਰੱਖਿਆ ਜਾ ਸਕੇ। ਇਸੇ ਹੀ ਮਹੀਨੇ ਬਰਤਾਨਵੀ ਸੰਸਦ ਵਿਚ 'ਭਾਰਤ ਦੀ ਆਜ਼ਾਦੀ ਦਾ ਬਿੱਲ' ਪਾਸ ਹੋ ਗਿਆ ਅਤੇ ਨਾਲ ਹੀ ਇਸ ਨੂੰ ਸ਼ਾਹੀ ਮਨਜ਼ੂਰੀ ਵੀ ਮਿਲ ਗਈ। ਸੱਤਾ ਦੇ ਤਬਾਦਲੇ ਤੋਂ ਕੁਝ ਦਿਨ ਪਹਿਲਾਂ ਹੀ ਅੰਮ੍ਰਿਤਸਰ ਤੇ ਲਾਹੌਰ ਵਿਚ ਹਾਲਾਤ ਬਦਤਰ ਹੋ ਗਏ ਸਨ। ਅਰਾਜਕਤਾ ਦਾ ਇਹ ਦੌਰ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਆਮ ਸੀ। ਪੁਲਿਸ ਤੇ ਸੈਨਾ ਜਿਨ੍ਹਾਂ ਨੂੰ ਲੋਕਾਂ ਦਾ ਰਾਖਾ ਕਿਹਾ ਜਾਂਦਾ ਹੈ ਨੇ ਆਪਣੇ ਹੱਥੀਂ ਲੁੱਟਮਾਰ ਅਤੇ ਵੱਢ-ਟੁੱਕ ਕੀਤੀ।

ਅਖ਼ੀਰ ੩੦ ਦਿਨਾਂ ਦੀ ਮਿਹਨਤ ਤੋਂ ਬਾਅਦ ਮਿਸਟਰ ਰੈਡਕਲਿਫ ਨੇ ਸਰਹੱਦ ਦੇ ਬਟਵਾਰੇ ਦਾ ਕਾਰਜ ਪੂਰਾ ਕੀਤਾ। ਇਸੇ ਵਾਸਤੇ ਇਹ 'ਰੈਡਕਲਿਫ ਐਵਾਰਡ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਵੇਂ ਇਹ ਐਵਾਰਡ ੯ ਅਗਸਤ ਤਕ ਤਿਆਰ ਹੋ ਚੁੱਕਿਆ ਸੀ, ਪਰੰਤੂ ਇਸ ਨੂੰ ਆਮ ਲੋਕਾਂ ਸਾਹਮਣੇ ੧੬ ਅਗਸਤ ਨੂੰ ਹੀ ਪੇਸ਼ ਕੀਤਾ ਗਿਆ। ਇਸ ਐਵਾਰਡ ਨੂੰ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਬੜੀ ਕਠੋਰਤਾ ਨਾਲ ਨਿੰਦਿਆ ਗਿਆ। ਇਹ ਕਿਸੇ ਵੀ ਧਿਰ ਨੂੰ ਸੰਤੁਸ਼ਟ ਨਹੀਂ ਕਰ ਸਕਿਆ ਕਿਉਂਕਿ ਇਹ ਇਕ ਅਜਿਹੀ ਹੱਦਬੰਦੀ ਸੀ, ਜਿਸ ਨੂੰ ਬਣਾਉਣ ਸਮੇਂ ਭੂਗੋਲਿਕ ਤੇ ਕੁਦਰਤੀ ਸਥਿਤੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਇਸ ਤਰ੍ਹਾਂ ੧੫ ਅਗਸਤ, ੧੯੪੭ ਨੂੰ ਭਾਰਤ ਆਜ਼ਾਦ ਹੋ ਗਿਆ ਜਿਸ ਵਿਚ ਸਿੱਖਾਂ ਦੀ ਸਥਿਤੀ ਬੜੀ ਡਾਵਾਂਡੋਲ ਸੀ, ਕਿਉਂਕਿ ਜਦੋਂ ਦਿੱਲੀ ਵਿਚ ਆਜ਼ਾਦੀ ਦਾ ਜਸ਼ਨ ਮਨਾਇਆ ਜਾ ਰਿਹਾ ਸੀ ਤਾਂ ਇਸ ਦੇ ਉਲਟ ਪੰਜਾਬ ਵਿਚ ਲੋਕ ਸੰਪਰਦਾਇਕਤਾ ਦੀ ਭੱਠੀ ਵਿਚ ਝੁਲਸ ਰਹੇ ਸਨ।

ਇਸ ਸਮੇਂ ਦੌਰਾਨ ਸਿੱਖ ਔਰਤਾਂ ਨੇ ਵੀ ਅਥਾਹ ਸਾਹਸ ਤੇ ਦਲੇਰੀ ਦਾ ਸਬੂਤ ਦਿੱਤਾ। ਉਨ੍ਹਾਂ ਨੇ ਆਪਣੀ ਇੱਜ਼ਤ ਬਚਾਉਣ ਲਈ ਜੌਹਰ ਕੀਤੇ, ਖੂਹਾਂ ਵਿਚ ਛਾਲਾਂ ਮਾਰੀਆਂ, ਕੁਝ ਨੇ ਤਾਂ ਵੈਰੀਆਂ ਦਾ ਸਾਹਮਣਾ ਵੀ ਕੀਤਾ ਪਰੰਤੂ ਆਪਣੇ ਧਰਮ ਤੇ ਇੱਜ਼ਤ ਨੂੰ ਢਾਹ ਨਾ ਲੱਗਣ ਦਿੱਤੀ। ਥੋਹਾ ਖਾਲਸਾ ਦੀ ਘਟਨਾ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਹੈ ਜਿੱਥੇ ੯੦ ਔਰਤਾਂ ਨੇ ਆਪਣੀ ਇੱਜ਼ਤ ਤੇ ਧਰਮ ਬਚਾਉਣ ਦੀ ਖ਼ਾਤਰ ਖੂਹ ਵਿਚ ਛਾਲਾਂ ਮਾਰ ਕੇ ਸ਼ਹੀਦੀ ਪ੍ਰਾਪਤ ਕੀਤੀ, ਪਰੰਤੂ ਆਪਣਾ ਧਰਮ ਨਹੀਂ ਹਾਰਿਆ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਬਟਵਾਰੇ ਦੇ ਦੌਰਾਨ ਸਿੱਖਾਂ ਨੂੰ ਸਭ ਤੋਂ ਵੱਧ ਨੁਕਸਾਨ ਉਠਾਉਣਾ ਪਿਆ। ਇਨ੍ਹਾਂ ਦੀਆਂ ਆਰਥਿਕ ਗਤੀਵਿਧੀਆਂ ਦਾ ਕੇਂਦਰ ਤੇ ਮੁੱਖ ਧਾਰਮਿਕ ਸਥਾਨ ਪਾਕਿਸਤਾਨ ਵਿਚ ਰਹਿ ਗਏ ਜਿਨ੍ਹਾਂ ਦੇ ਦਰਸ਼ਨ-ਦੀਦਾਰਿਆਂ ਦੀ ਕਾਮਨਾ ਅੱਜ ਵੀ ਸਮੂਹ ਸਿੱਖ ਸੰਗਤ ਆਪਣੀ ਅਰਦਾਸ ਵਿਚ ਕਰਦੀ ਹੈ।

■

---

***ਡੇਰੇਦਾਰ ਵੱਲੋਂ ਗੁਰਬਾਣੀ ਦੀ ਤੋੜ-ਮਰੋੜ ਕਿਵੇਂ?*** *(ਸਫ਼ਾ ੬੮ ਦਾ ਬਾਕੀ ਹਿੱਸਾ)*

ਭਟਕਦੇ ਨਹੀਂ ਫਿਰਦੇ? ਅਤੇ ਇਹ ਭਟਕਣਾ ਹੀ ਸਾਡੀ ਅਸ਼ਾਂਤੀ ਤੇ ਬੇਚੈਨੀ ਦਾ ਕਾਰਨ ਹੈ।

ਕੀ ਅਸੀਂ ਸਰਬੰਸਦਾਨੀ, ਸ਼ਮਸ਼ੀਰ-ਏ-ਬਹਾਦਰ, ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਰਸ ਬਣ ਕੇ ਫ਼ਖ਼ਰ ਨਾਲ ਜੀਵਨ ਜੀਅ ਸਕਦੇ ਹਾਂ ਜਾਂ ਉਨ੍ਹਾਂ ਦਾ ਸਵਾਂਗ ਧਾਰਨ ਵਾਲੇ ਸ਼ਖ਼ਸ ਦੀ ਛਬੀਲ ਪੀ ਕੇ?

ਐ ਵਕਤੀ ਤੌਰ 'ਤੇ ਥੋੜ੍ਹੀ ਜਿਹੀ ਗਿਣਤੀ ਵਿਚ ਆਪਣੇ ਅਸਲ ਮਾਰਗ ਤੋਂ ਭਟਕ ਗਏ ਕੌਮੀ ਵਾਰਸੋ! ਗੁਰੂ ਗ੍ਰੰਥ ਤੇ ਗੁਰੂ-ਪੰਥ ਦੇ ਇਨ੍ਹਾਂ ਦੋਖੀ ਲੋਕਾਂ ਦੀ ਪਹਿਚਾਣ ਕਰੋ। ਸਾਨੂੰ ਦਸਮ ਪਿਤਾ ਜੀ ਦਾ ਉਪਦੇਸ਼ ਹੈ: "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਦਾ।"

ਇਹ ਡੇਰੇਦਾਰ ਲੋਕ ਸਾਨੂੰ ਇਨ੍ਹਾਂ ਤਿੰਨਾਂ ਹੀ ਉਪਦੇਸ਼ਾਂ ਤੋਂ ਤੋੜ ਰਹੇ ਹਨ। ਮਾਨਸਿਕ ਗ਼ੁਲਾਮੀ ਲਾਹ ਸੁੱਟੋ, ਜਾਗੋ, ਕੱਚ ਤੇ ਸੱਚ ਨੂੰ ਪਹਿਚਾਣੋ। ਅੰਮ੍ਰਿਤ ਛਕੋ, ਸਿੰਘ ਸਜੋ ਅਤੇ ਸੰਸਾਰ ਵਿਚ ਫਖ਼ਰ ਨਾਲ ਰਹੋ...।

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥* *(ਪੰਨਾ ੧੧੦੨)*

■

***ਲੜੀ ਜੋੜਨ ਲਈ ਦੇਖੋ ਮਹੀਨਾ ਅਗਸਤ ੨੦੦੭ ਸਫ਼ਾ ੮੫***

# ਤਪਾ ਸ਼ਿਵ ਨਾਥ

*-ਸ: ਦੇਵਿੰਦਰ ਸਿੰਘ**

ਚੇਲਾ-I : ਕੀ ਮਤਲਬ?

ਪੇਂਡੂ-I : ਤੇਰਾ ਤਾਂ... ਮੇਰੇ ਤੋਂ ਵੀ ਪਹਿਲਾਂ ਦਾ ਆਉਣ-ਜਾਣ ਆ ਡੇਰੇ 'ਤੇ। ਜੇ ਤੇਰੀ ਗੱਲ ਨਹੀਂ ਸੁਣਦਾ ਤਾਂ ਮ੍ਹਾਤੜਾਂ ਨੂੰ ਕੀ ਸਮਝਦਾ ਉਹ? ਅੱਜ ਤਾਂ ਮੱਲੋ-ਮੱਲੀ ਵੱਢਣ ਨੂੰ ਪੈਂਦਾ ਏ।

ਚੇਲਾ-II : *(ਗੁੱਸੇ ਨਾਲ)* ਭਗਤਾ!

ਚੇਲਾ-I : ਕੋਈ ਬੋਲਣ ਦੀ ਅਕਲ ਨਹੀਂ ਤੈਨੂੰ?

ਪੇਂਡੂ-I : ਹੋਰ ਕੀ?... ਮੈਂ ਤਾਂ ਕੌੜਾ-ਫਿੱਕਾ ਸਹਿ ਲਿਆ... ਹਰ ਕਿਸੇ ਨੇ ਤਾਂ ਨਹੀਂ ਸਹਿਣਾ... *(ਸੋਚਾਂ ਵਿਚ)* ਕਿੱਡਾ ਉੱਚਾ ਨਾਂ ਸੀ ਡੇਰੇ ਦਾ!

ਪੇਂਡੂ-II : ਤੇਰੀ ਗੱਲ ਠੀਕ ਏ। ਲੋਕ ਤੁਰੇ ਰਹਿੰਦੇ ਸਨ ਏਧਰ ਨੂੰ।

ਚੇਲਾ-II : ਮੈਂ ਤਾਂ ਨਵਾਂ ਆਇਆਂ ਏਥੇ ਪਰ ਤਪਾ ਸ਼ਿਵ ਨਾਥ ਦੇ ਨਾਂ ਦਾ ਡੰਕਾ ਵੱਜਦਾ ਸੀ ਆਲੇ-ਦੁਆਲੇ।

ਚੇਲਾ-I : ਹਾਂ, ੧੨-੧੨ ਕੋਹ ਤਕ ਦਬਦਬਾ ਸੀ ਸੁਆਮੀ ਦਾ।

ਪੇਂਡੂ-I : ਹੁਣ ਤਾਂ ੫-੭ ਘਰ ਵੀ ਪੱਲੇ ਨਹੀਂ ਰਹੇ।

ਪੇਂਡੂ-II : ਇਹੀ ਗੱਲ ਤਾਂ ਮੈਂ ਕਹੀ ਸੀ ਗੁਰੂ-ਘਰ ਦੇ ਵਧਦੇ ਪ੍ਰਤਾਪ ਅੱਗੇ ਤੁਹਾਡੀ ਧੱਕੇਸ਼ਾਹੀ ਤੇ ਇਹ ਫੋਕੇ ਦਿਖਾਵੇ ਨਹੀਂ ਚੱਲਣੇ। ਤੁਸੀਂ ਵਤੀਰਾ ਬਦਲੋ। ਪਰ ਤੁਸੀਂ ਤਾਂ...

ਪੇਂਡੂ-I : ਰਿਧੀਆਂ-ਸਿਧੀਆਂ ਦਾ ਰੁਹਬ ਦਿਖਾ ਕੇ ਲੋਕਾਂ ਨੂੰ ਡਰਾਉਂਦੇ ਓ, ਧਮਕਾਉਂਦੇ ਓ....

ਪੇਂਡੂ-II : ਸਰਾਪ ਦਾ ਸਹਿਮ ਪਾ ਕੇ ਦੱਛਣਾ ਮੰਗਦੇ ਓ।

ਚੇਲਾ-I : ਇਹ ਕੀ ਕਹਿ ਰਹੇ ਓ, ਤੁਸੀਂ?

ਪੇਂਡੂ-I : ਠੀਕ ਕਹਿ ਰਹੇ ਹਾਂ ਅਸੀਂ। ਨਾਲੇ ਸਾਡੇ ਘਰਾਂ ਤੋਂ ਖਾਂਦੇ ਓ, ਨਾਲੇ ਘੂਰਦੇ ਓ।

ਪੇਂਡੂ-II : ਕਈ ਵਾਰ ਨਿਆਣਿਆਂ ਨੂੰ ਦੁੱਧ ਨਹੀਂ ਮਿਲਦਾ...।

ਪੇਂਡੂ-I : ...ਪਰ ਤੁਸੀਂ ਸਣੇ ਮਲਾਈ ਦਧੂਨਾ ਖਾਲੀ ਕਰ ਜਾਂਦੇ ਓ।

ਪੇਂਡੂ-II : ਲੋਕ ਇਹ ਵੀ ਸਹਿ ਲੈਂਦੇ ਨੇ ਪਰ ਤੁਸੀਂ ਤਾਂ ਚੰਗਾ-ਚੋਖਾ ਖਾ ਕੇ ਵੀ...।

**ਲੇਨ ਨੰ: ੩, ਨਿਊ ਸਤਿਨਾਮਪੁਰਾ, ਫਗਵਾੜਾ।*

ਪੇਂਡੂ-I : ...ਘਰ ਵਾਲਿਆਂ ਨੂੰ ਡੇਲੇ ਕੱਢ-ਕੱਢ ਡਰਾਉਂਦੇ ਓ।

ਚੇਲਾ-I : *(ਗੁੱਸੇ ਵਿਚ)* ਬਸ... ਭਗਤਾ! ਬਸ। ਕੁੱਛੜ ਬੈਠ ਕੇ ਦਾਹੜੀ ਪੱਟਦਾ ਏਂ, ਓਏ ਸਾਡੇ ਡੇਰੇ ਵਿਚ ਖੜ੍ਹ ਕੇ ਸਾਡੀ ਹੀ ਬਦਖੋਹੀ ਕਰੀ ਜਾਂਦੇ ਓ, ਓਏ ਤੁਹਾਡਾ ਬੇੜਾ ਬਹਿ ਜਾਏ, ਤੁਹਾਨੂੰ ਕੋਈ ਡਰ ਭਉ ਈ ਨਹੀਂ ਰਿਹਾ ਤਪੇ ਦਾ? *(ਪੇਂਡੂ-I ਨੂੰ)* ਖੜ੍ਹੇ-ਖੜੋਤੇ ਨੂੰ ਭਸਮ ਕਰ ਦਊਂ ਤੈਨੂੰ?

ਪੇਂਡੂ-II : ਉਤਰ ਆਇਆਂ ਏਂ ਧਮਕੀਆਂ 'ਤੇ।

ਪੇਂਡੂ-I : ਲੱਗ ਪਿਆ ਏਂ ਕੌੜਾ-ਫਿੱਕਾ ਬੋਲਣ। ਬਸ ਇੰਨੇ ਜੋਗੇ ਹੀ ਓ ਤੁਸੀਂ।

ਚੇਲਾ-II : ਸ਼ਾਂਤ ਹੋਵੋ ਸੁਆਮੀ ਜੀ। ਇਹ ਤਾਂ ਪੁਰਾਣੇ ਮਿੱਤਰ ਨੇ, ਸਾਡਾ ਭਲਾ ਚਾਹੁਣ ਵਾਲੇ।

ਚੇਲਾ-I : ਕਿਹੋ ਜਿਹੇ ਮਿੱਤਰ ਓ, ਤੁਸੀਂ?

ਪੇਂਡੂ-II : ਹਾਂ, ਮਿੱਤਰ ਹੀ ਤਾਂ ਹਾਂ। ਤਾਂ ਹੀ ਤਾਂ ਚਾਹੁੰਦੇ ਹਾਂ, ਤੁਸੀਂ ਆਪਣੀ ਅੜੀ ਛੱਡੋ, ਵਤੀਰਾ ਬਦਲੋ...।

ਪੇਂਡੂ-I : ਤਾਂ ਕਿ ਡੇਰੇ ਦੀ ਪੁੱਛ-ਪ੍ਰਤੀਤ ਬਣੀ ਰਹੇ।

ਪੇਂਡੂ-II : ਅਸੀਂ ਤਾਂ ਸਮਝਾਉਂਦੇ ਆਂ ਕਿ...!

ਚੇਲਾ-I : ਤੁਸੀਂ ਕਦੋਂ ਤੋਂ ਹੋ ਗਏ ਸਮਝਾਉਣ ਜੋਗੇ?

ਪੇਂਡੂ-I : ਧੀਰਾ ਹੋ, ਧੀਰਾ ਹੋ! ਭੋਲੇ ਨਾਥ! ਤੁਹਾਡੇ ਇਸੇ ਵਤੀਰੇ ਕਾਰਨ ਹੀ ਤਾਂ ਰੌਣਕ ਘਟੀ ਹੈ, ਸ਼ਰਧਾ ਘਟੀ ਹੈ।

ਚੇਲਾ-I : ਮੇਰੇ ਕਾਰਨ?

ਪੇਂਡੂ-II : ਹਾਂ... ਓਧਰ ਪਤੈ ਗੁਰੂ-ਘਰ ਦੇ ਵਤੀਰੇ ਦਾ?

ਚੇਲਾ-II : ਕਿਹੋ ਜਿਹਾ ਵਰਤਾਉ ਹੈ ਉਥੇ?

ਪੇਂਡੂ-I : ਉਥੇ ਪਿਆਰ ਹੈ, ਨਿਮਰਤਾ ਵਰਤਦੀ ਏ।

ਪੇਂਡੂ-II : ਮਿੱਠੇ ਬੋਲ ਨੇ। ਦਰਸ਼ਨ ਕਰੋ ਤਾਂ ਮਨ ਸ਼ਾਂਤ ਹੁੰਦਾ ਹੈ।

ਪੇਂਡੂ-I : ਕੌੜਾ ਬੋਲ ਤੇ ਉੱਕਾ ਹੀ ਨਹੀਂ।

ਚੇਲਾ-II : ਵਾਹ! ਅੱਛਾ।

ਪੇਂਡੂ-I : *(ਪੇਂਡੂ-II ਨੂੰ)* ਇਨ੍ਹਾਂ ਨੂੰ ਭਾਈ ਮਾਹਣੇ ਦੀ ਗੱਲ ਦੱਸੋ?

ਚੇਲਾ-II : ਓਹ ਕੀ?

ਪੇਂਡੂ-I : ਆਹੋ... ਪਹਿਲਾਂ ਇਹਨੂੰ ਦੱਸੋ... ਇਹਨੇ ਜਾਣੈ ਸਲਾਮੀ ਪਾਉਣ।

ਪੇਂਡੂ-II : ਭੋਲੇ ਨਾਥ! ਸ਼ਾਂਤ ਰਿਹਾ ਕਰ।

ਪੇਂਡੂ-I : ਤੂੰ ਗੱਲ ਸੁਣ ਤੇ ਸਮਝ।

ਚੇਲਾ-I : ਹਾਂ ਦੱਸੋ, ਕੀ ਸਮਝਾਉਣਾ ਚਾਹੁੰਦੇ ਓ?

ਪੇਂਡੂ-II : ਭਾਈ ਮਾਹਣਾ! ਗੁਰੂ-ਘਰ ਆਈਆਂ ਸੰਗਤਾਂ ਨੂੰ ਲੰਗਰ ਛਕਾਉਂਦੇ ਸਮੇਂ...

ਪੇਂਡੂ-I : ...ਉੱਚਾ-ਨੀਵਾਂ ਬੋਲਦਾ ਰਹਿੰਦਾ ਸੀ।

ਚੇਲਾ-II : ਕੌੜਾ-ਫਿੱਕਾ?

ਚੇਲਾ-I : ਇਹ ਗੱਲ ਮੈਨੂੰ ਸੁਣਾ-ਸੁਣਾ ਕੇ ਕਰ ਰਹੇ ਓ? ਮੇਰੇ 'ਤੇ ਢੁਕਾ ਰਹੇ ਓ?

ਪੇਂਡੂ-II : ਨਹੀਂ ਭੋਲੇ ਨਾਥ! ਸਾਡਾ ਅਜਿਹਾ ਕੋਈ ਮਤਲਬ ਨਹੀਂ... ਪਰ... ਭਾਈ ਮਾਹਣਾ ਤਾਂ...

ਪੇਂਡੂ-I : ਐਵੇਂ ਖਿਝ-ਖਿਝ ਪੈਂਦਾ ਰਹਿੰਦਾ ਸੀ, ਸੰਗਤ ਨੂੰ...।

ਚੇਲਾ-I : *(ਆਪਣੇ ਵੱਲ ਉਂਗਲ ਕਰ ਕੇ)* ਮੇਰੇ ਵਾਂਗ! ਕਹਿ ਦੇਹ... ਕਹਿ ਦੇਹ ਭੋਲੇ ਨਾਥ ਵਾਂਗ। ਮੈਨੂੰ ਪਤੈ, ਤੁਸੀਂ ਹਰ ਗੱਲ ਮੈਨੂੰ ਲਾ-ਲਾ ਕੇ ਕਰਦੇ ਓ।

ਚੇਲਾ-II : ਨਹੀਂ ਸੁਆਮੀ ਜੀ! ਇਹੋ ਜਿਹੀ ਕੋਈ ਗੱਲ ਨਹੀਂ। ਐਵੇਂ ਨਾ ਖਿਝੋ।

ਚੇਲਾ-I : ਓਏ ਮੈਂ ਖਿਝਦਾ ਆਂ? ਬੈਠਾ ਰਹੁ ਚੁੱਪ ਕਰ ਕੇ। ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ।... ਜਾਨਾਂ ਮੈਂ... ਜਾ ਕੇ ਦੱਸਦਾਂ ਤਪੇ ਨੂੰ ਸਾਰੀ ਗੱਲ। *(ਜਾਂਦਾ ਹੈ)*

ਪੇਂਡੂ-II : ਇਹ ਹਉਮੈ... ਇਹ ਹੰਕਾਰ... ਇਹ ਵੱਢ-ਖਾਣਾ ਸੁਭਾਅ...

ਪੇਂਡੂ-I : ...ਇਹ ਫਕੀਰਾਂ ਨੂੰ... ਜੋਗੀਆਂ ਨੂੰ... ਸ਼ੋਭਾ ਨਹੀਂ ਦਿੰਦਾ।

ਚੇਲਾ-II : ਤੁਸੀਂ ਠੀਕ ਕਹਿੰਦੇ ਓ... ਫਿਰ ਭਾਈ ਮਾਹਣੇ ਦਾ ਕੀ ਬਣਿਆ?

ਪੇਂਡੂ-II : ਗੁਰੂ ਜੀ ਨੇ ਉਹਨੂੰ ਵਰਜਿਆ।

ਪੇਂਡੂ-I : ਮੰਦਾ ਬੋਲਣ ਤੋਂ ਰੋਕਿਆ।

ਚੇਲਾ-II : ਫਿਰ ਸੁਧਰਿਆ ਉਹ?

ਪੇਂਡੂ-II : ਨਾ...ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।

ਚੇਲਾ-II : ਫਿਰ?

ਪੇਂਡੂ-I : ਲੰਗਰ ਵਰਤਾਉਂਦਾ ਇਕ ਦਿਨ ਤਾਂ ਬਹੁਤਾ ਈ ਖਰ੍ਹਵਾ ਬੋਲਿਆ...

ਪੇਂਡੂ-II : ਅਖੇ... ਮੈਂ ਗੁਰੂ ਦਾ ਸੇਵਕ ਆਂ, ਕੰਗਾਲਾਂ ਦਾ ਨੌਕਰ ਨਹੀਂ।

ਚੇਲਾ-II : ਹੈਂਅ! ਸੰਗਤ ਤਾਂ ਗੁਰੂ ਦਾ ਰੂਪ ਹੁੰਦੀ ਹੈ ਭਗਤੋ! ਉਹਨੇ ਸੰਗਤ ਨੂੰ ਕੰਗਾਲ ਕਿਹੈ?

ਪੇਂਡੂ-I : ਹਾਂ।

ਪੇਂਡੂ-II : ਤਾਂ ਹੀ ਤਾਂ ਗੁਰੂ ਜੀ ਨੇ ਉਹਨੂੰ ਲੰਗਰ ਦੀ ਸੇਵਾ ਤੋਂ ਉੱਕਾ ਹੀ ਹਟਾ ਦਿੱਤਾ।

ਚੇਲਾ-II : ਠੀਕ ਕੀਤਾ ਗੁਰੂ ਜੀ ਨੇ... ਜਿਹੜਾ ਸੰਗਤ ਨਾਲ ਪਿਆਰ ਨਹੀਂ ਕਰਦਾ...

ਪੇਂਡੂ-I : ਉਹ ਗੁਰੂ ਨਾਲ ਪਿਆਰ ਕਿਵੇਂ ਕਰ ਸਕਦੈ?

ਪੇਂਡੂ-II : ਉਹਦਾ ਪਿਆਰ ਤਾਂ ਨਿਰਾ ਦਿਖਾਵਾ ਹੋਏਗਾ...

ਪੇਂਡੂ-I : ਫੋਕਾ ਪਖੰਡ...

ਚੇਲਾ-II : ਸੁਆਮੀ ਨਾਲ ਹੇਰਾ-ਫੇਰੀ ਤੇ ਆਪਣੇ-ਆਪ ਨਾਲ ਧੋਖਾ।

ਪੇਂਡੂ-II : ਇਹੀ ਪਿਆਰ ਤੇ ਨਿਮਰਤਾ ਧਾਰਨ ਲਈ... ਮੈਂ.. ਇਨ੍ਹਾਂ ਦੋਨਾਂ ਨੂੰ ਵਾਰ-ਵਾਰ ਸਮਝਾਇਆ...।

ਪੇਂਡੂ-I : ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

ਚੇਲਾ-II : ਵਾਹ! ਇਹ ਬਾਣੀ ਬਾਬੇ ਨਾਨਕ ਦੀ ਹੈ?

ਪੇਂਡੂ-II : ਹਾਂ।

ਪੇਂਡੂ-I : ਇਕ ਵਾਰੀ ਜੋਗੀ ਵੀ ਆਏ ਸਨ... ਬਹੁਤ ਪ੍ਰਸੰਨ ਹੋਏ ਸਨ ਗੁਰੂ-ਘਰ ਦੀ ਨਿਮਰਤਾ ਤੋਂ।

ਪੇਂਡੂ-II : ਉਹ ਕਈ ਦਿਨ ਟਿਕੇ। ਲੰਗਰ ਵੀ ਛਕਿਆ। ਬਚਨ-ਬਿਲਾਸ ਵੀ ਕੀਤੇ।

ਪੇਂਡੂ-I : ਜਾਂਦੇ ਸਮੇਂ ਕਹਿਣ ਲੱਗੇ, ਅਸੀਂ ਖੁਸ਼ ਹਾਂ, ਕੁਝ ਦਾਨ ਕਰਨਾ ਚਾਹੁੰਦੇ ਹਾਂ।

ਚੇਲਾ-II : ਪਹੁੰਚੇ ਹੋਏ ਜੋਗੀ ਰਿਧੀਆਂ-ਸਿਧੀਆਂ ਦੇ ਮਾਲਕ ਹੁੰਦੇ ਨੇ। ਕਰਾਮਾਤਾਂ ਤਾਂ ਉਨ੍ਹਾਂ ਦੀ ਗੋਦੜੀ 'ਚੋਂ ਉਛਲ-ਉਛਲ ਪੈਂਦੀਆਂ ਨੇ। ਮੌਜ ਵਿਚ ਆਉਣ ਤਾਂ ਨਿਮਰਤਾ ਦੇ ਭੰਡਾਰ ਬਖ਼ਸ਼ ਦਿੰਦੇ ਨੇ।

ਪੇਂਡੂ-II : ਪਤੈ ਗੁਰੂ ਅੰਗਦ ਦੇਵ ਜੀ ਨੇ ਕੀ ਕਿਹੈ?

ਚੇਲਾ-II : ਕੀ ਕਿਹਾ? ਕੀ ਮੰਗਿਆ?

ਪੇਂਡੂ-I : ਉਨ੍ਹਾਂ ਕਿਹਾ, ਗੁਰੂ ਨਾਨਕ ਦਾ ਦਿੱਤਾ ਹੋਇਆ ਬੜਾ ਕੁਝ ਏ। ਬਹੁਤ ਬਖਸ਼ਿਸ਼ ਹੈ ਬਾਬੇ ਨਾਨਕ ਦੀ।

ਪੇਂਡੂ-II : ਗੁਰੂ ਜੀ ਨੇ ਕਿਹਾ, ਅਸੀਂ ਸੰਤੁਸ਼ਟ ਹਾਂ, ਹੋਰ ਕੋਈ ਇੱਛਾ ਨਹੀਂ।

ਪੇਂਡੂ-I : ਜੋਗੀ ਬਹੁਤ ਖੁਸ਼ ਹੋਏ।

ਚੇਲਾ-II : ਉਹ ਤੇ ਹੈ ਈ। ਏਡੇ ਉੱਚੇ ਸਿਦਕ ਵਾਲੇ ਕੋਈ ਵਿਰਲੇ ਹੀ ਹੁੰਦੇ ਨੇ।

ਪੇਂਡੂ-II : ਜੋਗੀਆਂ ਨੇ ਫੇਰ ਦੁਬਾਰਾ ਕਿਹਾ, ਅਸੀਂ ਕੁਝ ਨਾ ਕੁਝ ਜ਼ਰੂਰ ਦੇਣਾ ਚਾਹੁੰਦੇ ਹਾਂ।

ਪੇਂਡੂ-I : ਉਨ੍ਹਾਂ ਕਿਹਾ, ਇਹ ਸਾਡੀ ਖੁਸ਼ੀ ਹੈ, ਜੋ ਮਰਜ਼ੀ ਮੰਗੋ।

ਚੇਲਾ-II : ਹੂੰਅ!

ਪੇਂਡੂ-II : ਗੁਰੂ ਜੀ ਨੇ ਕਿਹਾ, ਜੇ ਤੁੱਠੇ ਹੋ ਤਾਂ ਨਿਮਰਤਾ ਦਿਓ.. ਮਿੱਠਤ ਦਿਓ... ਸੇਵਾ ਦਾ ਚਾਅ ਦਿਓ।

ਪੇਂਡੂ-I : ਮਿੱਠ ਬੋਲਣ... ਨਿਵ ਚੱਲਣ ਦੀ ਦਾਤ ਬਖਸ਼ੋ।

ਚੇਲਾ-II : ਵਾਹ! ਧੰਨ ਹੋ! ਧੰਨ ਓ ਸੱਚੇ ਪਾਤਸ਼ਾਹ! ਧੰਨ ਏ ਤੁਹਾਡੀ ਘਾਲ-ਕਮਾਈ!

ਪੇਂਡੂ-II : ਧੰਨ ਸੱਚੇ ਪਾਤਸ਼ਾਹ! ਬਲਿਹਾਰ! ਬਲਿਹਾਰ!!

ਪੇਂਡੂ-I : ਧੰਨ ਗੁਰੂ ਅੰਗਦ ਦੇਵ ਜੀ!

*(ਤਪਾ ਤੇ ਚੇਲਾ-I ਪਿੱਛੇ ਖੜ੍ਹੇ ਸੁਣਦੇ ਹਨ ਤੇ ਖਿਝਦੇ ਹਨ)*

ਤਪਾ : ਓਏ ਬੇੜਾ ਬਹਿ ਜਾਏ ਤੁਹਾਡਾ ਪਾਪੀਓ! ਓਏ ਤੁਸੀਂ ਮੇਰੇ ਚੇਲੇ ਓ ਕਿ ਗੁਰੂ ਅੰਗਦ ਦੇ? ਓਏ ਤੁਸੀਂ ਬੈਠੇ ਓ ਤਪਾ ਸ਼ਿਵ ਨਾਥ ਦੇ ਡੇਰੇ ਤੇ ਪ੍ਰਸੰਸਾ ਦੇ ਗੀਤ ਗਾਉਂਦੇ ਓ ਗੁਰੂ ਅੰਗਦ ਦੇ? ਓ ਮਰ ਜਾਓ ਤੁਸੀਂ! ਸ਼ਰਮ ਨਹੀਂ ਆਉਂਦੀ ਤੁਹਾਨੂੰ? *(ਡੰਡਾ ਚੁੱਕ ਕੇ ਚੇਲਾ-II ਵੱਲ ਦੌੜਦਾ ਹੈ)* ਪਤਾ ਨਹੀਂ ਕਿਸ ਮਨਹੂਸ ਘੜੀ ਮੈਂ ਤੈਨੂੰ ਚੇਲਾ ਬਣਾ ਲਿਆ... ਨਿਕਲ ਜਾਹ, ਨਿਕਲ ਜਾਹ ਮੇਰੇ ਡੇਰੇ 'ਚੋਂ! ਦਫ਼ਾ ਹੋ ਜਾ!

*(ਚੇਲਾ-II ਚੁੱਪ-ਚਾਪ ਖੜ੍ਹਾ ਹੈ। ਚੇਲਾ-I ਉਹਨੂੰ ਆ ਕੇ ਧੱਕੇ ਮਾਰਨ ਲੱਗਦਾ ਹੈ)*

ਚੇਲਾ-I : ਜਾਹ! ਮਰ ਪਰ੍ਹਾਂ।... ਚਲਾ ਜਾਹ। ਇਸ ਤੋਂ ਪਹਿਲਾਂ ਕਿ ਸੁਆਮੀ ਜੀ ਤੈਨੂੰ ਕੋਈ ਸਰਾਪ ਦੇ ਦੇਣ, ਤੁਰਦਾ ਹੋ ਚੁੱਪ ਕਰ ਕੇ।

*(ਉਹ ਦੂਰੋਂ ਮੱਥਾ ਟੇਕ ਕੇ ਜਾਂਦਾ ਹੈ)*

ਤਪਾ : ਜਾਹ, ਜਿਸ ਗੁਰੂ ਦੇ ਗੀਤ ਗਾਉਂਦਾ ਸੀ, ਉਹਦੇ ਹੀ ਲੰਗਰ 'ਚੋਂ ਛਕ ਹੁਣ ਖੀਰ।

ਪੇਂਡੂ-II : ਉਹ ਦੁਆਰ ਤਾਂ ਹਰ ਬੰਦੇ ਲਈ... ਹਰ ਵੇਲੇ ਖੁੱਲ੍ਹਾ ਹੈ... ਪਰ ਤੁਹਾਨੂੰ ਇੰਨਾ ਕ੍ਰੋਧ ਨਹੀਂ ਸੀ ਕਰਨਾ ਚਾਹੀਦਾ।

ਪੇਂਡੂ-I : ਜੇ ਤੁਸੀਂ ਹੀ ਗੁੱਸੇ 'ਚ ਅਬਾ-ਤਬਾ ਬੋਲੋਗੇ ਤਾਂ ਇਥੇ ਆਊ ਕੌਣ?

ਚੇਲਾ-I : ਓਏ ਤੇਰੀ ਜੀਭ ਸੜ ਜਾਏ ਮੂਰਖਾ!... ਸੁਆਮੀ ਦੇ ਬਚਨਾਂ ਨੂੰ ਅਬਾ-ਤਬਾ ਕਹਿਨੈਂ?... *(ਪੇਂਡੂ-II)* ਉੱਤੋਂ ਕਹਿਨੈ ਓਂ, ਗੁੱਸਾ ਨਾ ਕਰੋ। ਮੇਰੇ ਸੁਆਮੀ ਨੂੰ... *(ਉਧਰ ਨੂੰ ਹੱਥ ਜੋੜ ਕੇ ਸਿਰ*

*ਝੁਕਾਉਂਦਾ ਹੈ)* ਉੱਚਾ-ਨੀਵਾਂ ਬੋਲਦੇ ਹੋ ਤਾਂ ਫਿਰ ਮੈਨੂੰ ਤਾਂ ਗੁੱਸਾ ਆਏਗਾ ਹੀ। *(ਸੁਆਮੀ ਦੇ ਗੋਡੇ ਘੁੱਟਦਾ ਹੈ)*

ਪੇਂਡੂ-II : ਤੇ ਜਿਸ ਗੁਰੂ ਦੀ ਨਿੱਤ ਬਦਖੋਹੀ ਕਰਦੇ ਹੋ ਉਹਦੇ ਸਿੱਖਾਂ ਨੂੰ ਗੁੱਸਾ ਨਹੀਂ ਆਏਗਾ?

ਤਪਾ : ਫਿਰ ਕੀ ਕਰ ਲਓਗੇ ਤੁਸੀਂ? ਨਾਲੇ ਤੁਹਾਡਾ ਗੁਰੂ?

ਚੇਲਾ-I : ਨਾਲੇ ਉਹਦੇ ਸਿੱਖ। ਪੱਲੇ ਹੈ ਕੀ ਤੁਹਾਡੇ?

ਪੇਂਡੂ-I : ਬਸ! ਬਹੁਤਾ ਨਾ ਬੋਲੀ ਜਾ।... ਫੇਰ ਕਹੇਂਗਾ ਅਬਾ-ਤਬਾ ਕਹਿੰਦੇ ਓ। ਹੋਰ ਸ਼ਹਿਦ ਵਗਦੈ ਤੁਹਾਡੀ ਬੋਲੀ 'ਚੋਂ!

ਤਪਾ : ਓਏ ਤੂੰ! ਤੈਨੂੰ ਵੀ ਜੀਭ ਲੱਗ ਗਈ ਆ?

ਪੇਂਡੂ-II : ਧੀਰਜ ਰੱਖੋ ਤਪਾ ਜੀ ਮਹਾਰਾਜ, ਧੀਰਜ ਰੱਖੋ। ਗੁਰੂ ਅੰਗਦ ਦੇਵ ਜੀ ਤਾਂ ਰੱਬ ਦਾ ਰੂਪ ਨੇ।

ਪੇਂਡੂ-I : ਤੇ ਬੜੇ ਸਮਰੱਥਾਵਾਨ ਨੇ ਉਨ੍ਹਾਂ ਦੇ ਕਈ ਸਿੱਖ।

ਤਪਾ : *(ਮਖੌਲ ਨਾਲ)* ਅੱਛਾ! ਮੈਨੂੰ ਤਾਂ ਪਤਾ ਈ ਨਹੀਂ ਸੀ। *(ਚੇਲਾ-II ਹੱਸਦਾ ਹੈ)* ਫੇਰ ਉਨ੍ਹਾਂ ਨੂੰ ਕਹੋ, ਮੀਂਹ ਪਵਾ ਦੇਣ। ਪਵਾਉਂਦੇ ਕਿਉਂ ਨਹੀਂ?

ਚੇਲਾ-I : ਹਾਂ, ਕਰਾ ਲੈਣ ਵਰਖਾ, ਪਵਾ ਲੈਣ ਮੀਂਹ।

ਪੇਂਡੂ-II : ਪਵਾ ਸਕਦੇ ਨੇ। ਬੜੀ ਰਹਿਮਤ ਹੈ ਉਨ੍ਹਾਂ 'ਤੇ। ਬੜੀ ਸ਼ਕਤੀ ਹੈ ਉਨ੍ਹਾਂ ਦੇ ਬੋਲਾਂ 'ਚ। ਭਾਈ ਜੀਵਾ ਨੂੰ ਜਾਣਦੇ ਓ ਨਾ?

ਪੇਂਡੂ-I : ਬਹੁਤ ਮੀਂਹ-ਝੱਖੜ ਸਮੇਂ ਉਨ੍ਹਾਂ ਦੇ ਟਿਕੇ ਹੋਏ ਮਨ ਵਿਚ ਇਕ ਵਿਚਾਰ ਆਇਆ ਸੀ..

ਪੇਂਡੂ-II : ਜੇ ਮੀਂਹ ਘੜੀ ਕੁ ਰੁਕ ਜਾਏ ਤਾਂ ਮੈਂ ਗੁਰੂ ਜੀ ਦੇ ਲੰਗਰ ਵਿਚ ਦਹੀਂ ਪਹੁੰਚਾ ਆਵਾਂ, ਸੰਗਤ ਦੇ ਛਕਣ ਹਿਤ ਖਿਚੜੀ ਦੇ ਆਵਾਂ।

ਪੇਂਡੂ-I : ਤੇ ਤੁਸੀਂ ਜਾਣਦੇ ਓ ਕਿ ਮੀਂਹ ਬੰਦ ਹੋ ਗਿਆ ਸੀ, ਤੂਫ਼ਾਨ ਰੁਕ ਗਿਆ ਸੀ।

ਪੇਂਡੂ-II : ਜੇ ਭਾਈ ਜੀਵੇ ਦੇ ਇਕ ਫੁਰਨੇ ਨਾਲ ਮੀਂਹ ਰੁਕ ਸਕਦੈ ਤਾਂ ਉਹਦੀ ਅਰਦਾਸ ਨਾਲ ਮੀਂਹ ਪੈ ਵੀ ਸਕਦਾ ਏ।

ਪੇਂਡੂ-I : ਬੜੀ ਉੱਚੀ ਅਵਸਥਾ ਵਾਲੇ ਗੁਰਸਿੱਖ ਹੈਗੇ ਨੇ ਸੰਗਤ ਵਿਚ।

ਚੇਲਾ-I : ਫੇਰ ਉਨ੍ਹਾਂ ਨੂੰ ਕਹੋ ਨਾ, ਘੇਰ ਕੇ ਲਿਆਉਣ ਕੋਈ ਬਦਲੋਟੀ, ਪਵਾ ਲੈਣ ਮੀਂਹ, ਕਰਵਾ ਲੈਣ ਵਰਖਾ...।

ਤਪਾ : ...ਹਾਂ ਠੀਕ ਐ। ਪਵਾ ਲੈਣ ਕਣੀਆਂ। ਤਪਾ ਸ਼ਿਵ ਨਾਥ ਕੋਲ ਕੀ ਕਰਨ ਆਉਂਦੇ ਓ? ਹੈਂਅ!

ਚੇਲਾ-I : ਲਿਲਕੜੀਆਂ ਲੈਂਦੇ ਓ ਬਾਰਿਸ਼ ਲਈ ਸਾਡੇ ਕੋਲ...

ਤਪਾ : ...ਤੇ ਪ੍ਰਸ਼ੰਸਾ ਕਰਦੇ ਓ ਗੁਰੂ ਦੀ? ਵਾਹ! ਸ਼ਾਬਾਸ਼ੇ ਤੁਹਾਡੇ!

ਪੇਂਡੂ-II : ਸ਼ਿਵ ਨਾਥ! ਅਸੀਂ ਸੰਸਾਰੀ ਲੋਕ ਆਂ, ਦੁਨੀਆਂਦਾਰ।

ਪੇਂਡੂ-I : ਅਸੀਂ ਗ੍ਰਿਹਸਤੀ ਹਾਂ।.... ਟੱਬਰ-ਟੀਹਰ ਵਾਲੇ। ਸਾਡੀਆਂ ਲੋੜਾਂ ਨੇ... ਆਪਣੇ ਲਈ, ਆਪਣੇ ਪਰਵਾਰ ਲਈ।

ਪੇਂਡੂ-II : ਤੰਗੀਆਂ-ਤੁਰਛੀਆਂ ਕੱਟਦੇ ਹੋਏ... ਘਾਟੇ-ਤੋਟੇ ਸਹਿ ਸਹਿ ਕੇ ਵੀ ਅਸੀਂ ਰੋਟੀ-ਰੋਜ਼ੀ ਲਈ ਕਿਰਤ ਕਰਦੇ ਹਾਂ... ਹੱਡ-ਭੰਨਵੀਂ ਮਿਹਨਤ ਕਰਦੇ ਹਾਂ।

ਪੇਂਡੂ-I : ਇਸ ਘਾਲ-ਕਮਾਈ ਸਮੇਂ ਸਾਨੂੰ ਲੋੜ ਹੈ ਉੱਚੇ-ਸੁੱਚੇ ਅੱਲ੍ਹਾ ਦੇ ਲੋਕਾਂ ਦੀ।

ਪੇਂਡੂ-II : ਰੱਬ ਦੇ ਪਿਆਰੇ ਜੋਗੀਆਂ ਦੀ... ਸੰਤਾਂ, ਫਕੀਰਾਂ ਦੀ।

ਪੇਂਡੂ-I : ਰੱਬੀ ਰੂਪ ਗੁਰੂਆਂ ਦੀ... ਪੀਰਾਂ ਦੀ ...ਜਿਹੜੇ ਸਾਡੀ ਇਸ ਮਸ਼ੱਕਤ ਭਰੀ ਕਿਰਤ-ਕਮਾਈ ਦੀ ਜ਼ਿੰਦਗੀ ਵਿਚ ਸਾਨੂੰ ਧਰਵਾਸ ਦੇਣ।

ਪੇਂਡੂ-II : ਪ੍ਰੇਰਨਾ ਦੇਣ... ਹੌਸਲਾ ਦੇਣ। ਹੋਰ ਮਿਹਨਤ ਕਰਨ ਲਈ ਹੋਰ ਜੂਝਣ ਲਈ।

ਪੇਂਡੂ-I : ਤੇ... ਉਹ ਸਾਨੂੰ ਗੁਰੂ-ਦਰਬਾਰ 'ਚੋਂ ਮਿਲਦਾ ਏ।

ਪੇਂਡੂ-II : ਉਹ ਵੀ ਮਿੱਠੇ ਬਚਨਾਂ ਰਾਹੀਂ।

ਪੇਂਡੂ-I : ਤਪਦੇ ਮਨਾਂ ਨੂੰ ਠਾਰਦੇ ਸ਼ਾਂਤ ਬੋਲਾਂ ਰਾਹੀਂ।

ਚੇਲਾ-I : *(ਖਿਝ ਕੇ)* ਉਹ ਸ਼ਾਂਤ ਬੋਲਦੇ ਨੇ ਤਾਂ ਕੀ ਅਸੀਂ ਵੱਢਣ ਪੈਂਦੇ ਆਂ?

ਤਪਾ : ਸਾਥੋਂ ਕੁਝ ਵੀ ਨਹੀਂ ਮਿਲਦਾ ਤੁਹਾਨੂੰ?... ਓਏ ਅਸੀਂ ਤਪੱਸਿਆ ਕੀਤੀ ਹੈ।

ਪੇਂਡੂ-II : ਇਹ ਠੀਕ ਹੈ....

ਪੇਂਡੂ-I : ਕਈ ਸਾਲ ਤਪੱਸਿਆ ਕੀਤੀ ਏ... ਪਰ...

ਚੇਲਾ-I : ਪਰ ਕੀ?... ਯੋਗ ਕਮਾਉਣਾ ਕੋਈ ਸੌਖੀ ਗੱਲ ਨਹੀਂ।

ਤਪਾ : ਅਸੀਂ ਕੋਈ ਗਏ-ਗੁਜ਼ਰੇ ਨਹੀਂ...। ਅਸੀਂ ਵੀ ਸ਼ਕਤੀ-ਭਗਤੀ ਵਾਲੇ ਆਂ।

ਚੇਲਾ-I : ਨੌਂ ਨਿਧੀਆਂ ਅਠਾਰਾਂ ਸਿਧੀਆਂ ਦੇ ਮਾਲਕ ਨੇ, ਸੁਆਮੀ ਜੀ! *(ਸਿਰ ਝੁਕਾਉਂਦਾ ਹੈ)*

ਤਪਾ : *(ਹੱਥ ਮਾਰ ਕੇ)* ਇਹ ਸ਼ਕਤੀਆਂ ਐਵੇਂ ਨਹੀਂ ਮਿਲੀਆਂ ਹੋਈਆਂ...ਹਾਂਅ।

***ਚਲਦਾ...***

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ-੨੨*

# ਗੁਰ ਸਬਦ ਕੋ ਕਰਿਹੁ ਬਿਚਾਰ...

*-ਸ. ਬਲਵਿੰਦਰ ਸਿੰਘ ਜੌੜਾਸਿੰਘਾ**

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਬਖ਼ਸ਼ਿਸ਼ਾਂ ਦੀ ਝੜੀ ਲੱਗੀ ਹੋਈ ਸੀ। ਵਾਰੋ-ਵਾਰੀ ਲੋਕ ਝੋਲੀਆਂ ਭਰ ਰਹੇ ਸਨ। ਧੰਨ ਨਿਰੰਕਾਰ, ਧੰਨ ਗੁਰੂ ਅਮਰਦਾਸ ਬੋਲਦਿਆਂ ਹੋਇਆਂ ਭਾਈ ਮੱਲਣ ਪਿੱਛੇ ਹਟਿਆ ਤਾਂ ਭਾਈ ਰਾਮੂ, ਭਾਈ ਦੀਪਾ, ਭਾਈ ਉਗਰਸੈਨ ਅਤੇ ਭਾਈ ਨਗੌਰੀਆ ਨੇ ਪਾਤਸ਼ਾਹ ਦੇ ਚਰਨੀਂ ਲੱਗ, ਮੱਥਾ ਟੇਕਿਆ ਅਤੇ ਅਰਜ਼ ਕੀਤੀ ਕਿ 'ਗਰੀਬ ਨਿਵਾਜ ਪਾਤਸ਼ਾਹ! ਸਾਨੂੰ ਵੀ ਉਪਦੇਸ਼ ਦੇਵੋ।' ਸਤਿਗੁਰਾਂ ਨੇ ਚਹੁੰਆਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ, 'ਹੇ ਭਾਈ! ਕੋਈ ਵੀ ਗੁਰਸਿੱਖ ਪਿਆਰਾ ਕਿਸੇ ਵੀ ਵਕਤ ਤੁਹਾਡੇ ਗ੍ਰਹਿ ਆਵੇ ਉਸ ਨੂੰ ਭੋਜਨ ਤਿਆਰ ਕਰ ਕੇ ਛਕਾ ਕੇ ਸੇਵਾ ਕਰਨੀ ਹੈ। ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਕੇ ਚਾਰ ਘੜੀਆਂ ਸਭ ਕੰਮ ਛੱਡ ਕੇ ਗੁਰ-ਸ਼ਬਦ ਵਿਚ ਧਿਆਨ ਜੋੜ ਕੇ ਬਾਣੀ ਪੜ੍ਹਨੀ ਹੈ। ਫਿਰ ਗੁਰ-ਸ਼ਬਦ ਦੀ ਅਰਥ-ਵਿਚਾਰ ਕਰਨੀ ਹੈ ਅਤੇ ਗੁਰਬਾਣੀ ਦੇ ਭਾਵ ਨੂੰ ਚਿੱਤ ਵਿਚ ਵਸਾਉਣਾ ਹੈ। ਚਾਰ ਘੜੀਆਂ ਅੰਮ੍ਰਿਤ ਵੇਲੇ ਦੀ ਗੱਲ ਸਮਝਾਉਂਦਿਆਂ ਕਿਹਾ ਕਿ ਜਿਵੇਂ ਬੇੜੀ ਭਾਰ ਨਾਲ ਭਰੀ ਹੁੰਦੀ ਹੈ ਪਰ ਉਹ ਪਾਣੀ ਤੋਂ ਚਾਰ ਉਂਗਲਾਂ ਬਾਹਰ ਰਹੇਗੀ ਤਾਂ ਸਭ ਨੂੰ ਪਾਰ ਲਾ ਦਿੰਦੀ ਹੈ। ਪਰ ਜੇ ਇਹ ਚਾਰ ਉਂਗਲਾਂ ਉੱਪਰ ਨਾ ਰਹੇ ਤਾਂ ਭਾਰ ਨਾਲ ਡੁੱਬ ਜਾਂਦੀ ਹੈ। ਇਸੇ ਤਰ੍ਹਾਂ ਮਨੁੱਖ ਅੱਠ ਪਹਿਰ ਘਰਬਾਰੀ ਕੰਮਾਂ ਵਿਚ ਲੱਗਿਆ ਰਹਿੰਦਾ ਹੈ:

*ਚਤੁਰ ਘਟੀ ਸਭਿ ਕਾਜ ਬਿਸਾਰਹੁ। ਅਰਥ ਸੁਨਹੁ ਕੈ ਆਪ ਉਚਾਰਹੁ।*
*ਸਲਿਤਾ ਮਹਿਂ ਨੌਕਾ ਬਹੁ ਭਰੀਯਤਿ। ਚਤੁਰੰਗਲ ਜਲ ਵਹਿਰ ਨਿਹਰੀਯਤਿ॥੨੦॥*
*ਭਰੀ ਭਾਰ ਸੌਂ ਉਤਰਹਿ ਪਾਰ। ਤਿਮਿ ਜਗ ਕਾਰਜ ਕੇ ਬਿਵਹਾਰ।*

*(ਗੁਰੁ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੪੦, ਪੰਨਾ ੧੪੮੭)*

ਇਸ ਲਈ ਆਪਣੇ ਮਨ ਨੂੰ ਜਗਤ ਦੇ ਜੰਜਾਲਾਂ ਤੋਂ ਬਾਹਰ ਰੱਖ ਕੇ ਸੰਸਾਰੀ ਕਾਰ-ਵਿਹਾਰਾਂ ਵਿੱਚੋਂ ਸਮਾਂ ਕੱਢ ਕੇ ਚਾਰ ਘੜੀਆਂ ਨਿਰੰਕਾਰ ਦਾ ਸਿਮਰਨ ਕਰਨਾ ਹੈ, ਕਿਉਂਕਿ ਪਰਮੇਸ਼ਰ ਪ੍ਰੇਮ ਨਾਲ ਹੀ ਪ੍ਰਸੰਨ ਹੁੰਦਾ ਹੈ। ਜਦੋਂ ਪ੍ਰਭੂ ਪ੍ਰਸੰਨ ਹੋ ਜਾਵੇ ਤਾਂ ਮਨੁੱਖ ਨੂੰ ਹਲਤ-ਪਲਤ ਕਦੇ ਹਾਰ ਨਹੀਂ ਮਿਲਦੀ ਹੈ। ਲੋਕ ਸੁਖੀਆ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਇਸ ਤਰ੍ਹਾਂ ਚਾਰੋਂ ਨੇ ਸੱਚੇ ਪਾਤਸ਼ਾਹ ਧੰਨ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਧੰਨ ਕਹਿ ਕੇ ਹਿਰਦੇ ਵਿਚ ਵਸਾਇਆ ਤੇ ਗੁਰੂ ਦੇ ਸਿੱਖ ਬਣੇ। ਇਸ ਤਰ੍ਹਾਂ ਉਹ ਰੋਜ਼ ਚਾਰ ਘੜੀਆਂ ਨਿਰੰਕਾਰ ਦਾ ਸਿਮਰਨ ਕਰਦੇ, ਗੁਰ-ਸ਼ਬਦ ਦੀ ਵੀਚਾਰ ਕਰਦੇ। ਉਨ੍ਹਾਂ ਨੇ ਗੁਰੂ ਦੇ ਉਪਦੇਸ਼ ਨੂੰ ਮੰਨ ਕੇ ਆਪਣਾ ਜਨਮ ਸੁਹੇਲਾ ਕਰ ਲਿਆ। ਭਾਈ ਗੁਰਦਾਸ ਜੀ ਇਨ੍ਹਾਂ ਪ੍ਰਥਾਇ ਉਲੇਖ ਕਰਦੇ ਹਨ:

*ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ।* *(ਵਾਰ ੧੧;੧੯)* ■

** ਇੰਚਾਰਜ ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ।*

# ਕਿਹੜੀ ਕਮੀ ਰਹਿ ਗਈ ਸਿੰਘੋ?

*-ਸ. ਮਹਿੰਦਰ ਸਿੰਘ ਚੁਹਾਣਕੇ**

ਕਿਹੜੀ ਕਮੀ ਰਹਿ ਗਈ ਸਿੰਘੋ, ਦੱਸੋ ਮੇਰੇ ਪਿਆਰ 'ਚ?
ਕੀ ਨਾ ਕਰ ਸਕਿਆ ਮੈਂ, ਥੋਡੇ ਸਤਿਕਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ, ਦੱਸੋ ਮੇਰੇ ਪਿਆਰ 'ਚ?

ਗਿੱਦੜਾਂ ਤੋਂ ਸਿੰਘੋ ਥੋਨੂੰ ਸ਼ੇਰ ਸੀ ਬਣਾਇਆ ਮੈਂ।
ਸਵਾ ਸਵਾ ਲੱਖ ਨਾਲ ਕੱਲੇ ਨੂੰ ਲੜਾਇਆ ਮੈਂ।
ਨੱਚਣਾ ਸਿਖਾਇਆ ਥੋਨੂੰ ਖੰਡੇ ਵਾਲੀ ਧਾਰ ਚੋਂ,
ਕਿਹੜੀ ਕਮੀ ਰਹਿ ਗਈ ਸਿੰਘੋ... ....

ਕਿਹੜੀ ਗੱਲੋਂ ਸਿੱਖੀ ਤੋਂ ਬੇਮੁਖ ਹੋਏ ਫਿਰਦੇ,
ਕਿਹੜੀ ਗੱਲੋਂ ਹੋ ਗਏ ਪੱਥਰ ਥੋਡੇ ਹਿਰਦੇ।
ਹੰਸ ਕਾਹਤੋਂ ਰਲ ਗਏ ਨੇ ਕਾਂਵਾਂ ਵਾਲੀ ਡਾਰ 'ਚ,
ਕਿਹੜੀ ਕਮੀ ਰਹਿ ਗਈ ਸਿੰਘੋ... ....

ਸਿੱਖੀ ਦੇ ਮਹਿਲ ਦੀਆਂ ਗੱਲਾਂ ਦੱਸਾਂ ਵੱਡੀਆਂ,
ਰੋੜੀ ਦੀ ਥਾਂ ਕੁੱਟ ਕੁੱਟ ਪਾਈਆਂ ਸੀ ਮੈਂ ਹੱਡੀਆਂ।
ਪਾਣੀ ਦੀ ਥਾਂ ਖ਼ੂਨ ਪਾਇਆ ਚਮੜੀ ਦੀ ਗਾਰ 'ਚ,
ਕਿਹੜੀ ਕਮੀ ਰਹਿ ਗਈ ਸਿੰਘੋ... ....

ਬਣਾਇਆ ਸਰਦਾਰ ਸੀ ਮੈਂ ਸ਼ਾਨ ਰਹੂ ਵੱਖਰੀ,
ਭੇਡਾਂ ਤੋਂ ਵੀ ਗਿਰ ਗਿਉਂ ਬਣ ਗਿਉਂ ਬੱਕਰੀ।
ਕਿਹੜੀ ਗੱਲੋਂ ਖੁੱਭ ਗਿਉਂ ਨਸ਼ਿਆਂ ਦੀ ਗਾਰ 'ਚ,
ਕਿਹੜੀ ਕਮੀ ਰਹਿ ਗਈ ਸਿੰਘੋ... ....

ਸੋਨੇ ਜਿਹੇ ਕੇਸਾਂ ਨੂੰ ਕਿਉਂ ਨਾਲੀਆਂ 'ਚ ਰੋਲ'ਤਾ,
ਹੀਰਿਆਂ ਨੂੰ ਕਾਹਤੋਂ ਸੰਗ ਕੌਡੀਆਂ ਦੇ ਤੋਲ'ਤਾ?
ਡੁੱਬਦੀ ਕਿਉਂ ਜਾਂਦੀ ਇਹ ਬੇੜੀ ਮੰਝਧਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

** ਇੰਸਪੈਕਟਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੪੧-੧੨੩੫੧*

ਪੁੱਤਰ ਬਣਾਇਆ ਥੋਨੂੰ ਚਾਰੇ ਪੁੱਤ ਵਾਰ ਕੇ,
ਕਿਹੜੀ ਗੱਲੋਂ ਬੈਠ ਗਿਉਂ ਪੁੱਤਰੋ ਵਿਸਾਰ ਕੇ?
ਡੁੱਬ ਗਿਉਂ ਦੱਸੋ ਅੱਜ ਕਿਹੜੇ ਹੰਕਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਮੰਨਿਆ ਹੁਕਮ ਕਿਹੜਾ ਕਿਹੜੇ ਅਹਿਸਾਨਾਂ ਨੂੰ,
ਛੱਡ ਗੁਰੂ ਗ੍ਰੰਥ ਸਾਹਿਬ ਪੂਜਦੇ ਸ਼ੈਤਾਨਾਂ ਨੂੰ।
ਦੇਹਧਾਰੀਆਂ ਦੇ ਕਾਹਤੋਂ ਫਸਗੇ ਜੰਜਾਲ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਬਿਖ ਖਾਣੇ ਨਾਲੇ ਸਾਰੇ ਨਸ਼ੇ ਵਰਜ ਗਿਆ ਸੀ ਮੈਂ,
ਪੰਜ ਸੀਸ ਲੈ ਕੇ ਜਿਹੜਾ ਕਰਜ਼ ਲਿਆ ਸੀ ਮੈਂ।
ਸਮੇਤ ਸੂਦ ਮੋੜਿਆ ਮੈਂ ਵੰਡ ਪਰਵਾਰ 'ਚ,
ਕਿਹੜੀ ਕਮੀ ਰਹਿ ਗਈ ਸਿੰਘੋ... ....

ਜਾਤ-ਗੋਤ ਵਾਲਾ ਕੋਹੜ ਥੋਡੇ ਵਿੱਚੋਂ ਕੱਢਿਆ,
ਛੂਤ-ਛਾਤ, ਊਚ-ਨੀਚ ਦਾ ਕੁੱਲ ਫਾਹਾ ਵੱਢਿਆ,
ਜਿੱਥੋਂ ਸੀਗਾ ਕੱਢਿਆ ਕਿਉਂ ਫਸੇ ਉਸੇ ਗਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਕਿਹਾ ਸੀ ਕੁਰਹਿਤਾਂ ਚਾਰ ਇਨ੍ਹਾਂ ਕੋਲੋਂ ਬਚਿਓ!
ਕੇਸ ਨਾ ਕਟਾਇਓ ਕਦੇ ਮੇਰੇ ਪੁੱਤਰੋ ਸੱਚਿਓ!
ਕਾਹਨੂੰ ਫੇਰ ਉਤਰੇ ਜੇ ਫੈਸ਼ਨ ਬਜ਼ਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਦੂਜਾ ਕੁੜੀ-ਮਾਰ ਲੋਕਾਂ ਨਾਲ ਰੱਖਿਓ ਸੰਬੰਧ ਨਾ,
ਤਨਖਾਹੀਏ ਤੇ ਕੁਰਹਿਤੀਏ ਨੂੰ ਕਰਿਓ ਪਸੰਦ ਨਾ।
ਦੱਸੋ ਕਿੱਥੇ ਪੂਰੇ ਉਤਰੇ ਕਰਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਪਰ-ਨਾਰੀ ਸੇਜ ਕਦੇ ਸੁਪਨੇ ਭੀ ਜਾਣਾ ਨਾ,
ਪੰਜਾਂ ਹੀ ਕਕਾਰਾਂ ਦਾ ਵਿਸਾਹ ਭੀ ਕਦੇ ਖਾਣਾ ਨਾ।
ਢਿੱਲ-ਮੱਠ ਕਾਸ ਨੂੰ ਹੈ ਫੇਰ ਇਹ ਵਿਹਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਨਿਮਾਣਿਆਂ ਨਿਤਾਣਿਆਂ ਨੂੰ ਗਲੇ ਨਾਲ ਲਾਇਆ ਮੈਂ,
ਜਿਨ੍ਹਾਂ ਲਈ ਰਾਜਿਆਂ ਨੂੰ ਦਰ ਤੋਂ ਭਜਾਇਆ ਮੈਂ।
ਉਹ ਵੀ ਕਾਹਤੋਂ ਖੜ੍ਹ ਗਏ ਗਦਾਰਾਂ ਦੀ ਕਤਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਕਾਹਨੂੰ ਤੈਨੂੰ ਘੇਰ ਲਿਆ ਸਾਧਾਂ ਦਿਆਂ ਟੋਲਿਆਂ,
ਬੜੀ ਦੇਰ ਬਾਅਦ ਬੜਾ ਦੁਖੀ ਹੋ ਕੇ ਬੋਲਿਆਂ।
ਜੁਰਅਤ ਨਾ ਰਹੀ ਕਾਹਤੋਂ ਥੋਡੀ ਲਲਕਾਰ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਕੁਰਬਾਨੀਆਂ ਦਾ ਮੁੱਲ ਕਾਹਤੋਂ ਤੁਸੀਂ ਭੁੱਲਗੇ?
ਛੱਡ ਕੇ ਅਸੂਲਾਂ ਨੂੰ ਕਿਉਂ ਰਈਅਤਾਂ ਵਿਚ ਰੁਲਗੇ।
ਘਾਟ ਕੀ ਏ ਦੱਸੋ ਮੈਨੂੰ ਸਤਿ ਸ੍ਰੀ ਅਕਾਲ 'ਚ?
ਕਿਹੜੀ ਕਮੀ ਰਹਿ ਗਈ ਸਿੰਘੋ... ....

ਰਹੂਗਾ ਜੇ ਜੱਗ ਤੋਂ ਨਿਆਰਾ ਮੇਰਾ ਖਾਲਸਾ,
ਜਿੰਦ-ਜਾਨ ਨਾਲੋਂ ਵੱਧ ਪਿਆਰਾ ਮੇਰਾ ਖਾਲਸਾ।
'ਚੁਹਾਣਕੇ' ਹਲੂਣਾ ਦੇ ਦੇ ਸਾਰੇ ਸੰਸਾਰ 'ਚ!
ਕਿਹੜੀ ਕਮੀ ਰਹਿ ਗਈ ਸਿੰਘੋ ਦੱਸੋ ਮੇਰੇ ਪਿਆਰ 'ਚ?

■

## ਗੁਰਦੁਆਰਾ ਸ੍ਰੀ ਭੱਠਾ ਸਾਹਿਬ ਪਾਤਸ਼ਾਹੀ ੧੦ਵੀਂ ਕੋਟਲਾ ਨਿਹੰਗ (ਰੋਪੜ) ਵਿਖੇ ਅੰਮ੍ਰਿਤ-ਸੰਚਾਰ

ਗੁਰਦੁਆਰਾ ਸ੍ਰੀ ਭੱਠਾ ਸਾਹਿਬ ਪਾਤਸ਼ਾਹੀ ਦਸਵੀਂ ਕੋਟਲਾ ਨਿਹੰਗ (ਰੋਪੜ) ਤੋਂ ਮੈਨੇਜਰ ਸ. ਜਗੀਰ ਸਿੰਘ ਦੀ ਪੁੱਜੀ ਰੀਪੋਰਟ ਅਨੁਸਾਰ ਮਿਤੀ ੧੫ ਮਈ ੨੦੦੭ ਅਤੇ ੧੫ ਜੂਨ ੨੦੦੭ ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਮਈ ਮਹੀਨੇ ਵਿਚ ੫੨ ਪ੍ਰਾਣੀ ਅਤੇ ਜੂਨ ਮਹੀਨੇ ਵਿਚ ੩੫ ਪ੍ਰਾਣੀ ਅਤੇ ਜੁਲਾਈ ਮਹੀਨੇ ਵਿਚ ੧੧੯ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਾਇਆ ਗਿਆ ਜਿਸ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਸਮਾਗਮ ਵਿਚ ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਬੀਬੀ ਦਲਜੀਤ ਕੌਰ ਜੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇ. ਸ. ਗੁਰਿੰਦਰ ਸਿੰਘ ਜੀ ਗੋਗੀ ਵੀ ਹਾਜ਼ਰ ਹੋਏ।

# ਸਿੰਘ ਸਜੀਏ

*-ਭਾਈ ਹਰਪਾਲ ਸਿੰਘ**

ਸਿੰਘ ਸੱਜੀਏ, ਪਤਿਤਪੁਣੇ ਰੋਕ ਲਉ!

ਖੁੱਲ੍ਹੇ ਦਾੜ੍ਹੇ ਕਿੰਨੇ ਮੁੱਖ ਉੱਤੇ ਸੱਜਦੇ!
ਬੰਨ੍ਹੀ ਸਿਰ ਦਸਤਾਰ ਸਿੰਘ ਫੱਬਦੇ,
ਅਸੀਂ ਛੱਡਿਆ ਧਰਮ, ਕੁਝ ਸੋਚ ਲਓ,
ਸਿੰਘ ਸੱਜੀਏ ਪਤਿਤਪੁਣੇ ਰੋਕ ਲਓ!

ਭੀੜ ਬਣੇ ਸਿੰਘ ਤੁਰ ਪੈਂਦੇ ਅੱਗ 'ਤੇ,
ਤਾਂ ਹੀ ਵੱਖਰੀ ਪਛਾਣ ਇਸ ਜੱਗ 'ਤੇ,
ਭਾਵੇਂ ਕਰ ਇਤਿਹਾਸ ਉੱਤੇ ਖੋਜ ਲਓ,
ਸਿੰਘ ਸੱਜੀਏ ਪਤਿਤਪੁਣੇ ਰੋਕ ਲਓ।

ਸਵਾ ਲੱਖ ਨਾਲ ਇਕ ਤੂੰ ਲੜਾਇਆ ਸੀ,
ਨਾਲੇ ਚਿੜੀਆਂ ਤੋਂ ਬਾਜਾਂ ਨੂੰ ਤੁੜਾਇਆ ਸੀ,
ਕਿੰਨੀ ਸ਼ਕਤੀ ਗੁਰਾਂ ਦੇ ਵਿਚ ਸੋਚ ਲਓ,
ਸਿੰਘ ਸੱਜੀਏ ਪਤਿਤਪੁਣੇ ਰੋਕ ਲਓ।

ਸਾਡੇ ਵਾਸਤੇ ਸੀ ਹੋਈਆਂ ਕੁਰਬਾਨੀਆਂ,
ਅਸੀਂ ਫੈਸ਼ਨਾਂ 'ਚ ਰੋਲੀਆਂ ਜਵਾਨੀਆਂ।
ਤੁਹਾਡੀ ਕਿੱਥੇ ਹੈ ਜ਼ਮੀਰ? ਕੁਝ ਸੋਚ ਲਓ,
ਸਿੰਘ ਸੱਜੀਏ ਪਤਿਤਪੁਣੇ ਰੋਕ ਲਓ!

* *ਪਿੰਡ ਬੱਦੋਵਾਲ, ਡਾਕ. ਚੌਧਰੀਵਾਲ, ਤਹਿਸੀਲ ਬਟਾਲਾ (ਗੁਰਦਾਸਪੁਰ)। ਮੋ: ੯੮੫੫੮-੪੨੧੫੨*

## ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਤੋਂ ਮੈਨੇਜਰ ਸ. ਗੁਰਮੀਤ ਸਿੰਘ ਦੀ ਪੁੱਜੀ ਰਿਪੋਰਟ ਅਨੁਸਾਰ ਮਿਤੀ ੨-੧੧-੦੫ ਤੋਂ ੧੫-੬-੦੭ ਤੱਕ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ੭੯੬ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

# ਪੁਸਤਕ ਰੀਵਿਊ

**ਪੁਸਤਕ :** ਭੁੱਲੇ ਵਿਸਰੇ ਵੀਰਾਂ ਦੀ ਦਰਦ ਭਰੀ ਦਾਸਤਾਂ
**ਸਫੇ :** ੮੮
**ਸੰਪਾਦਕ :** ਸ. ਸੁਖਦੇਵ ਸਿੰਘ 'ਲਾਜ'
**ਭੇਟਾ ਰਹਿਤ**
**ਪ੍ਰਕਾਸ਼ਕ :** ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਸੰਸਥਾ, ਕੌਂਸਲ (ਰਜਿ.) ਲੁਧਿਆਣਾ
**ਮੰਗਵਾਉਣ ਦਾ ਪਤਾ :** ਪ੍ਰਧਾਨ, ਗੁਰੂ ਅੰਗਦ ਦੇਵ ਵਿਦਿਅਕ ਅਤੇ ਭਲਾਈ ਸੰਸਥਾ ਕੌਂਸਲ (ਰਜਿ.), ੨੪੧੨, ਪ੍ਰੀਤ ਨਗਰ, ਗਲੀ ਨੰ: ੧, ਧੂਰੀ ਫਾਟਕ, ਲੁਧਿਆਣਾ (ਪੰਜਾਬ) ਫੋਨ: ੦੧੬੧-੨੪੫੦੪੩੮, ਮੋ: ੯੮੫੫੧੭੩੭੩੨

ਇਹ ਬੜੇ ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਨਾਮ-ਲੇਵਾ ਦੇਸ਼ ਦੇ ਕੋਨੇ-ਕੋਨੇ ਵਿਚ ਫੈਲੇ ਹੋਏ ਹਨ ਪਰੰਤੂ ਇਹ ਗੱਲ ਕਾਫ਼ੀ ਚਿੰਤਾਜਨਕ ਵੀ ਹੈ ਕਿ ਉਹ ਮੁੱਖ ਪੰਥਕ ਧਾਰਾ ਤੋਂ ਲੱਗਭਗ ਵਿਛੁੰਨੇ ਹੋਏ ਹਨ। ਸਿਕਲੀਗਰਾਂ, ਵਣਜਾਰਿਆਂ ਅਤੇ ਸਤਿਨਾਮੀਆਂ ਆਦਿ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਨੂੰ ਮੁੱਖ ਪੰਥਕ ਧਾਰਾ ਨਾਲ ਦੋਬਾਰਾ ਜੋੜਨ ਤੇ ਸਿੱਖ-ਪੰਥ ਦਾ ਅਨਿੱਖੜ ਤੇ ਲਾਹੇਵੰਦਾ ਹਿੱਸਾ ਬਣਾਉਣ ਦੇ ਸੁਹਿਰਦ ਉਦੇਸ਼ ਅਧੀਨ ਲਿਖੀ ਗਈ ਇਹ ਹਥਲੀ ਪੁਸਤਕ ਇਕ ਬਹੁਤ ਹੀ ਪ੍ਰਸੰਸਾਜਨਕ ਉਪਰਾਲਾ ਹੈ। ਇਹ ਇਕ ਨਿਸ਼ਕਾਮ ਭਾਵਨਾ ਅਧੀਨ ਘਾਲੀ ਗਈ ਡੂੰਘੀ ਘਾਲਣਾ ਦੇ ਨਤੀਜੇ ਵਜੋਂ ਹੀ ਸਾਕਾਰ ਹੋਇਆ ਹੈ। ਹਥਲੀ ਪੁਸਤਕ ਵਿਚ ਵਿਭਿੰਨ ਲੇਖਕਾਂ/ਕਵੀਆਂ ਤੋਂ ਇਨ੍ਹਾਂ ਉਲੇਖ ਅਧੀਨ ਨਾਨਕ-ਪੰਥੀ ਪਰਵਾਰਾਂ ਬਾਰੇ ਵੱਖ-ਵੱਖ ਪੱਖਾਂ ਬਾਰੇ ਖੋਜ ਤੇ ਜਾਣਕਾਰੀ ਭਰਪੂਰ ਲੇਖ ਲਿਖਵਾ ਕੇ ਉਨ੍ਹਾਂ ਨੂੰ ਇਕ ਸੁਹਣੀ ਸੁਚੱਜੀ ਵਿਉਂਤਬੰਦੀ ਤੇ ਤਰਤੀਬ ਸਹਿਤ ਪ੍ਰਸਤੁਤ ਕੀਤਾ ਗਿਆ ਹੈ ਜੋ ਕੁੱਲ ਮਿਲਾ ਕੇ ਪਾਠਕਾਂ ਨੂੰ ਇਨ੍ਹਾਂ ਕਬੀਲਿਆਂ ਦੀ ਇਤਿਹਾਸਕ, ਧਾਰਮਿਕ, ਸਮਾਜਕ, ਆਰਥਕ, ਰਾਜਨੀਤਿਕ, ਸਭਿਆਚਾਰਕ ਹਾਲਤ ਦੀ ਯਥਾਰਥਕ ਜਾਣਕਾਰੀ ਦਿੰਦੇ ਹਨ। ਵਿਭਿੰਨ ਸਿੱਖ ਕਬੀਲਿਆਂ ਦੇ ਗੁਰੂ ਸਾਹਿਬਾਨ ਨਾਲ ਸੰਬੰਧ ਸੰਪਰਕ 'ਚ ਆਉਣ ਅਤੇ ਵਿਭਿੰਨ ਅਹਿਮ ਤੇ ਯਾਦਗਾਰੀ ਸੇਵਾਵਾਂ ਨਿਭਾਉਣ ਦਾ ਇਤਿਹਾਸਕ ਬਿਰਤਾਂਤ ਇਸ ਪੁਸਤਕ ਦੇ ਕੁਝ ਲੇਖਾਂ ਦਾ ਮਾਣਮੱਤਾ ਹਾਸਲ/ਪ੍ਰਾਪਤੀ ਹੈ ਜੋ ਦਿਲ ਨੂੰ ਝੰਜੋੜਦਾ ਤੇ ਵਿਸਮਾਦ ਵੀ ਪ੍ਰਦਾਨ ਕਰਦਾ ਹੈ। ਕਈ ਲੇਖ ਕੀਤੇ ਗਏ ਸਰਵੇਖਣ ਦਾ ਸਿੱਟਾ ਹਨ ਅਤੇ ਕੁਝ ਉਪਲਬਧ ਠੋਸ ਤੇ ਭਰੋਸੇਯੋਗ ਸ੍ਰੋਤਾਂ ਤੋਂ ਜਾਣਕਾਰੀ ਲੈ ਕੇ ਉਸ ਨੂੰ ਢੁਕਵੇਂ ਤੇ ਪ੍ਰਭਾਵਸ਼ਾਲੀ ਰੂਪ 'ਚ ਪੇਸ਼

ਕਰਦੇ ਹਨ। ਕੁਝ ਕਵਿਤਾਵਾਂ ਵੀ ਇਸ ਪੁਸਤਕ ਦਾ ਅਨਿੱਖੜ ਹਿੱਸਾ ਹਨ। ਪੁਸਤਕ ਅਨੁਕੂਲ ਤਸਵੀਰਾਂ, ਸਕੈਚਾਂ ਅਤੇ ਨਕਸ਼ਿਆਂ ਨਾਲ ਵਧੇਰੇ ਖ਼ੂਬਸੂਰਤ ਤੇ ਕਲਾਤਮਿਕ ਸਰੂਪ ਧਾਰਨ ਕਰ ਸਕੀ ਹੈ। ਪੁਸਤਕ ਦੇ ਸੰਪਾਦਕ ਸ. ਸੁਖਦੇਵ ਸਿੰਘ ਲਾਜ ਨੇ ਵਿਭਿੰਨ ਖੇਤਰਾਂ ਤੇ ਖਿੱਤਿਆਂ ਦੇ ਲੇਖਕਾਂ ਨੂੰ ਇਕ ਥਾਂ ਪੇਸ਼ ਕਰਨ ਵਾਸਤੇ ਕਾਫ਼ੀ ਡੂੰਘੀ ਘਾਲਣਾ ਘਾਲੀ ਹੈ। ਕੁਝ ਲੇਖਾਂ 'ਚ ਲੇਖਕ ਵੀਰਾਂ ਦਾ ਉਪਭਾਵਕ ਅਤੇ ਜਜ਼ਬਾਤੀ ਹੋਣਾ ਸ਼ਾਇਦ ਸੁਭਾਵਕ ਸੀ। ਕੁਝ ਲੇਖਕਾਂ ਨੇ ਸਿੱਖ-ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਦਿਸ਼ਾ 'ਚ ਵਧੇਰੇ ਯਾਦਗਾਰੀ ਹਿੱਸਾ ਪਾਉਣ ਲਈ ਟੁੰਬਣ ਦੀ ਕੋਸ਼ਿਸ਼ ਕੀਤੀ ਹੈ। ਪਰੰਤੂ ਇਸੇ ਹੀ ਸੰਸਥਾ ਦੇ ਸਾਕਾਰਾਤਮਕ ਕਾਰਜਾਂ ਦਾ ਵੀ ਇਸ 'ਚ ਪ੍ਰਤੱਖ ਅਤੇ ਅਪ੍ਰਤੱਖ ਵਿਵਰਣ ਆਇਆ ਹੈ। ਉਲੇਖ ਅਧੀਨ ਨਾਨਕ ਨਾਮ-ਲੇਵਾ ਦੀ ਗਿਣਤੀ ਲੱਖਾਂ 'ਚ ਨਹੀਂ ਸਗੋਂ ਕਰੋੜਾਂ 'ਚ ਹੈ ਲੇਕਿਨ ਪੰਥ ਦੀ ਮੁੱਖ ਧਾਰਾ 'ਚ ਉਨ੍ਹਾਂ ਦੀ ਭਰਪੂਰ ਤੇ ਮੁਕੰਮਲ ਸ਼ਮੂਲੀਅਤ ਨਾ ਹੋ ਸਕਣਾ ਉਨ੍ਹਾਂ ਦੀ ਆਰਥਕ ਦੀਨ-ਦਸ਼ਾ, ਸਿੱਖੀ ਚੇਤਨਾ ਦੀ ਘਾਟ ਆਦਿ ਸਮੱਸਿਆਵਾਂ ਅਤੇ ਕਠਿਨਾਈਆਂ ਹਨ ਜਿਨ੍ਹਾਂ ਨੂੰ ਸਭ ਪ੍ਰਕਾਰ ਦੇ ਵਿਅਕਤੀਗਤ ਅਤੇ ਸਮੂਹਿਕ ਦੋਨਾਂ ਤਰ੍ਹਾਂ ਦੇ ਯਤਨਾਂ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਇਹ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਪੁਸਤਕ ਦੋਨਾਂ ਪ੍ਰਕਾਰਾਂ ਦੇ ਯਤਨ ਕਰਨ ਵਾਲਿਆਂ ਉੱਦਮੀਆਂ ਨੂੰ ਇਸ ਖੇਤਰ 'ਚ ਕਮਰਕੱਸਾ ਕਰ ਕੇ ਉਤਰਨ ਅਤੇ ਵਿੱਛੜਿਆਂ ਨੂੰ ਮਿਲਾਉਣ ਵਿਚ ਇਕ ਪ੍ਰੇਰਕ ਸਿੱਧ ਹੋਵੇਗੀ।

ਰੀਵਿਊਕਾਰ

**ਸੁਰਿੰਦਰ ਸਿੰਘ ਨਿਮਾਣਾ**

■

## ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਕਟਾਣਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ ਕਟਾਣਾ ਸਾਹਿਬ ਤੋਂ ਮੈਨੇਜਰ ਸ. ਸੁਖਮਿੰਦਰ ਸਿੰਘ ਦੀ ਪੁੱਜੀ ਰੀਪੋਰਟ ਅਨੁਸਾਰ ਮਿਤੀ ੧੬-੭-੦੭ ਨੂੰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸਿੰਘ ਸਜੋ ਲਹਿਰ ਤਹਿਤ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸ਼ੁਭ ਅਵਸਰ 'ਤੇ ੨੨੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਲੈ ਕੇ ਗੁਰੂ ਵਾਲੇ ਬਣੇ।

ਖ਼ਬਰਨਾਮਾ

# ਭਾਈ ਜਸਬੀਰ ਸਿੰਘ ਖਾਲਸਾ ਨੂੰ 'ਪੰਥ ਰਤਨ' ਦਾ ਖਿਤਾਬ

ਅੰਮ੍ਰਿਤਸਰ: ੫ ਅਗਸਤ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ, ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਦੀ ਵਡਮੁੱਲੀ ਸੇਵਾ ਕਰਨ ਵਾਲੇ ਗੁਰਪੁਰਵਾਸੀ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਨੂੰ ੪ ਅਗਸਤ ਦਿਨ ਸ਼ਨੀਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕ ਵਿਸ਼ੇਸ਼ ਸਮਾਗਮ ਦੌਰਾਨ 'ਪੰਥ ਰਤਨ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਗੁਰਪੁਰਵਾਸੀ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਨੂੰ ਆਪਣੇ ਜੀਵਨ ਦੌਰਾਨ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਮਨੁੱਖਤਾ ਦੇ ਭਲੇ ਲਈ ਕੀਤੀਆਂ ਨਿਸ਼ਕਾਮ ਤੇ ਸ਼ਾਨਦਾਰ ਸੇਵਾਵਾਂ ਬਦਲੇ ਅਕਾਲ ਚਲਾਣੇ ਉਪਰੰਤ ਸਿੱਖ ਜਗਤ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਪੰਥ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਈ ਖੰਨੇਵਾਲਿਆਂ ਨੇ ਸਮੁੱਚਾ ਜੀਵਨ ਮਨੁੱਖਤਾ ਦੇ ਲੇਖੇ ਲਗਾ ਦਿੱਤਾ। ਉਨ੍ਹਾਂ ਸਿੱਖੀ ਦੇ ਪ੍ਰਚਾਰ ਦੇ ਨਾਲ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਨੌਜੁਆਨਾਂ 'ਚ ਵਧ ਰਿਹਾ ਪਤਿਤਪੁਣਾ, ਨਸ਼ੇ, ਏਡਜ਼ ਤੇ ਭਰੂਣ ਹੱਤਿਆ ਵਰਗੀਆਂ ਨਾ-ਮੁਰਾਦ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਲਈ ਵੱਡੇ ਉਪਰਾਲੇ ਕੀਤੇ। ਉਨ੍ਹਾਂ ਰੋਗਾਂ ਤੋਂ ਪੀੜਤ ਮਨੁੱਖਤਾ ਦੇ ਇਲਾਜ ਲਈ ਇਕ ਚੈਰੀਟੇਬਲ ਹਸਪਤਾਲ ਅਤੇ ਬੱਚਿਆਂ ਨੂੰ ਸਿੱਖੀ ਸਰੂਪ 'ਚ ਰਹਿਣ ਦੀ ਪ੍ਰੇਰਨਾ ਲਈ ਸੁਹਾਵਾ ਵਿਖੇ ਭਾਈ ਵੀਰ ਸਿੰਘ ਅਕੈਡਮੀ ਦੀ ਵੀ ਸਥਾਪਨਾ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਹਰ ਸਾਲ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਲਈ 'ਭਾਈ ਗੁਰਦਾਸ ਐਵਾਰਡ' ਅਤੇ ਚੰਗੇ ਕੀਰਤਨੀਏ ਲਈ 'ਭਾਈ ਮਰਦਾਨਾ ਐਵਾਰਡ' ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਇਸ ਸਮਾਗਮ ਵਿਚ ਪੰਜਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਮੈਂਬਰ ਸ਼੍ਰੋਮਣੀ ਕਮੇਟੀ, ਮੈਂਬਰ ਧਰਮ ਪ੍ਰਚਾਰ ਕਮੇਟੀ ਅਤੇ ਹੋਰ ਪੰਥ-ਪ੍ਰਸਿੱਧ ਸ਼ਖ਼ਸੀਅਤਾਂ ਹਾਜ਼ਰ ਸਨ।

# ਪੰਜਾਬੀ ਯੂਨੀਵਰਸਿਟੀ 'ਚ ਸਥਾਪਤ ਸਿੱਖ ਧਰਮ ਨਾਲ ਸਬੰਧਤ ਵਿਭਾਗਾਂ ਨੂੰ ਬੰਦ ਕਰਨ ਦੀ ਕੋਸ਼ਿਸ਼ 'ਤੇ ਪ੍ਰਤੀਕਰਮ

ਜਲੰਧਰ: ੫ ਅਗਸਤ-ਪੰਜਾਬੀ ਯੂਨੀਵਰਸਿਟੀ ਪਟਿਆਲਾ ਆਪਣੇ ਮਿਸ਼ਨ ਤੋਂ ਥਿੜਕਦੀ ਜਾ ਰਹੀ ਹੈ। ਯੂਨੀਵਰਸਿਟੀਆਂ ਦਾ ਵਿੱਦਿਆ ਦੇ ਪ੍ਰਸਾਰ ਲਈ ਸੂਬਾਈ ਤੌਰ 'ਤੇ ਅਹਿਮ ਯੋਗਦਾਨ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਭਾਸ਼ਾ ਦੇ ਵਿਕਾਸ ਵਾਲੀ ਯੂਨੀਵਰਸਿਟੀ ਮੰਨਿਆਂ ਜਾਂਦਾ ਹੈ। ਪਰ ਇਸ ਯੂਨੀਵਰਸਿਟੀ ਵਲੋਂ ਪੰਜਾਬੀ

ਭਾਸ਼ਾ ਦਾ ਵਿਕਾਸ ਕਰਨਾ ਤਾਂ ਕਿਧਰੇ ਰਿਹਾ ਸਗੋਂ ਇਸ ਦੇ ਉਲਟ ਯੂਨੀਵਰਸਿਟੀ ਵਿਚ ਸਥਾਪਤ ਸਿੱਖ ਧਰਮ ਨਾਲ ਸਬੰਧਤ ਵਿਭਾਗਾਂ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ, ਮੈਂਬਰ ਅੰਤ੍ਰਿੰਗ ਕਮੇਟੀ ਸ. ਰਾਜਿੰਦਰ ਸਿੰਘ ਮਹਿਤਾ, ਮੈਂਬਰ ਸ਼੍ਰੋਮਣੀ ਕਮੇਟੀ ਸ. ਗੁਰਿੰਦਰਪਾਲ ਸਿੰਘ ਗੋਰਾ ਤੇ ਸ. ਜਸਵੰਤ ਸਿੰਘ ਐਡਵੋਕੇਟ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਸਥਾਪਤ ਸਿੱਖਇਜ਼ਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗਾਂ ਨੂੰ ਵੀ.ਸੀ. ਵਲੋਂ ਬੰਦ ਕੀਤੇ ਜਾਣ ਸਬੰਧੀ ਅਖ਼ਬਾਰਾਂ 'ਚ ਛਪੀਆਂ ਖਬਰਾਂ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕੀਤਾ।

ਸਿੱਖ ਆਗੂਆਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਅਜਿਹੇ ਵਿਭਾਗਾਂ ਨੂੰ ਬੰਦ ਕੀਤੇ ਜਾਣ ਦੀ ਚਰਚਾ ਨਾਲ ਸੰਗਤਾਂ ਦੇ ਮਨਾਂ ਵਿਚ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਅਧਾਰਤ ਅਤੇ ਗੌਰਵਮਈ ਵਿਰਸੇ ਤੇ ਸ਼ਾਨਾਮੱਤੇ ਇਤਿਹਾਸ ਵਾਲਾ ਸਿੱਖ ਧਰਮ ਸਮੁੱਚੀ ਲੋਕਾਈ ਦਾ ਭਲਾ ਲੋਚਦਾ ਹੈ। ਸੰਸਾਰ ਭਰ ਦੇ ਲੋਕਾਂ ਵਲੋਂ ਸਿੱਖ ਫ਼ਲਸਫ਼ੇ ਵਿਚ ਵੱਡੀ ਦਿਲਚਸਪੀ ਦਿਖਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸੰਸਾਰ ਪੱਧਰ 'ਤੇ ਲੋਕਾਂ ਦਾ ਸਿੱਖ ਧਰਮ ਪ੍ਰਤੀ ਅਜਿਹਾ ਯਕੀਨ ਬਣ ਰਿਹਾ ਹੋਵੇ ਤਾਂ ਯੂਨੀਵਰਸਿਟੀ ਦੇ ਮੁਖੀ ਵਲੋਂ ਸਿੱਖ ਧਰਮਾਂ ਨਾਲ ਸਬੰਧਤ ਵਿਭਾਗਾਂ ਨੂੰ ਬੰਦ ਕਰ ਦੇਣ ਦੀਆਂ ਕੋਸ਼ਿਸ਼ਾਂ ਬਹੁਤ ਦੁਖਦਾਈ ਹਨ।ਅਜਿਹਾ ਹੋਣ ਨਾਲ ਵੱਡੀ ਗਿਣਤੀ 'ਚ ਵਿਦਿਆਰਥੀ ਧਰਮ ਅਧਿਐਨ ਤੇ ਸਿੱਖ ਧਰਮ ਪ੍ਰਤੀ ਖੋਜ ਦੇ ਕਾਰਜਾਂ ਤੋਂ ਵਾਂਝੇ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਕੌਮਾਂਤਰੀ ਪੱਧਰ 'ਤੇ ਚੜ੍ਹਤ ਵੇਖ ਕੇ ਸਿੱਖ ਵਿਰੋਧੀ ਸ਼ਕਤੀਆਂ ਯੋਜਨਾਬੱਧ ਤਰੀਕੇ ਨਾਲ ਇਸ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਬਣਾ ਰਹੀਆਂ ਹਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਸਿੱਖਇਜ਼ਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗਾਂ ਨੂੰ ਬੰਦ ਕੀਤੇ ਜਾਣ ਦੀ ਕੋਸ਼ਿਸ਼ ਵੀ ਇਨ੍ਹਾਂ ਸਿੱਖ ਵਿਰੋਧੀ ਸ਼ਕਤੀਆਂ ਦੀ ਸਾਜ਼ਿਸ਼ ਦੀ ਇਕ ਕੜੀ ਹੈ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਵੀ.ਸੀ. ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਵਿਭਾਗਾਂ ਦੀ ਸ਼ਾਖ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਿੱਖ ਸੰਗਤਾਂ ਦੇ ਰੋਹ ਨੂੰ ਸਾਂਭਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਵੀ.ਸੀ. ਇਨ੍ਹਾਂ ਵਿਭਾਗਾਂ ਦੀ ਹੋਂਦ ਤੇ ਕਾਰਗੁਜ਼ਾਰੀ ਬਾਰੇ ਸਪੱਸ਼ਟ ਕਰੇ ਕਿ ਇਨ੍ਹਾਂ ਨੂੰ ਬੰਦ ਕੀਤੇ ਜਾਣ ਦੀ ਸਾਜ਼ਿਸ਼ ਦੇ ਪਿਛੇ ਕਿਸ ਸ਼ਰਾਰਤੀ ਦਿਮਾਗ ਦੀ ਕਾਢ ਹੈ? ਉਨ੍ਹਾਂ ਸਿੱਖ ਵਿਦਵਾਨਾਂ ਨੂੰ ਅਪੀਲ ਕੀਤੀ ਕਿ ਵੀ.ਸੀ. ਦੀ ਕਾਰਗੁਜ਼ਾਰੀ ਪੁਰ ਬਾਜ ਨਜ਼ਰ ਰੱਖਣ ਤਾਂ ਜੋ ਉਸ ਦੀ ਸਿੱਖ ਵਿਰੋਧੀ ਸੋਚ ਨੂੰ ਬੂਰ ਨਾ ਪੈ ਸਕੇ। ਉਨ੍ਹਾਂ ਪੰਜਾਬ ਦੇ ਮਾਨਯੋਗ ਗਵਰਨਰ ਨੂੰ ਵੀ ਅਪੀਲ ਕੀਤੀ ਕਿ ਯੂਨੀਵਰਸਿਟੀ 'ਚ ਸਿੱਖ ਧਰਮ ਨਾਲ ਸਬੰਧਤ ਵਿਭਾਗਾਂ ਪ੍ਰਤੀ ਪੱਖਪਾਤੀ ਤੇ ਵਿਤਕਰੇ ਦੀ ਸੋਚ ਰੱਖਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤਿ ਕੈਂਪ ਜਾਰੀ

ਅਨੰਦਪੁਰ ਸਾਹਿਬ: ੫ ਅਗਸਤ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਤੇ ਹੋਰ ਮਿਸ਼ਨਰੀਆਂ ਦੇ ਸ਼ੁਰੂ ਕੀਤੇ ਇਕ ਮਹੀਨਾ ਕੈਂਪ ਦੇ ਚੌਥੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੨੦੦ ਪੰਨਿਆਂ ਦਾ ਸ਼ੁੱਧ ਉਚਾਰਨ ਕਰਾਇਆ ਗਿਆ, ਔਖੇ ਸ਼ਬਦਾਂ ਦੇ ਅਰਥ ਜਥੇਦਾਰ ਗਿਆਨੀ ਤਰਲੋਚਨ ਸਿੰਘ ਜੀ ਨੇ ਸਮਝਾਏ ਜਦੋਂ ਕਿ ਗੁਰਬਾਣੀ ਸੰਥਿਆ ਪ੍ਰਿੰ. ਭਰਪੂਰ ਸਿੰਘ ਜੀ ਨੇ ਕਰਾਈ। ਕੈਂਪ ਵਿਚ ਲਗਭਗ ੩੫੦ ਗ੍ਰੰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰਬਪੱਖੀ ਗਿਆਨ ਪ੍ਰਾਪਤ ਕਰ ਰਹੇ ਹਨ। ਇਸ ਕੈਂਪ ਵਿਚ ਹਿਮਾਚਲ ਪ੍ਰਦੇਸ਼ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਮਾ. ਜਾਗੀਰ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਜਵਾਹਰ ਸਿੰਘ ਜੀ ਤੋਂ ਇਲਾਵਾ ਗਿਆਨੀ ਸ਼ੇਰ ਸਿੰਘ, ਸ. ਗੁਰਦੇਵ ਸਿੰਘ ਕੋਟਲੀ, ਪ੍ਰੋ. ਨਰਿੰਜਣ ਸਿੰਘ, ਪ੍ਰੋ. ਪਰਮਜੀਤ ਸਿੰਘ, ਪ੍ਰੋ. ਜਸਬੀਰ ਸਿੰਘ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਗ੍ਰੰਥੀ ਸਿੰਘਾਂ ਦਾ ਇਹ ਕੈਂਪ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਵਰਿਆਮ ਸਿੰਘ ਜੀ ਦੀ ਸਮੁੱਚੀ ਅਗਵਾਈ ਹੇਠ ਲਗਾਇਆ ਜਾ ਰਿਹਾ ਹੈ। ਗ੍ਰੰਥੀ ਸਿੰਘਾਂ ਨੇ ਦੱਸਿਆ ਕਿ ਇਹ ਕੈਂਪ ਉਨ੍ਹਾਂ ਲਈ ਕਾਫੀ ਲਾਹੇਵੰਦਾ ਹੈ ਕਿਉਂਕਿ ਸੰਥਿਆ ਦੌਰਾਨ ਜਿਸ ਤਰ੍ਹਾਂ ਉਚਾਰਨ ਕਰਾਇਆ ਜਾਂਦਾ ਹੈ ਜਾਂ ਔਖੇ ਸ਼ਬਦਾਂ ਦੇ ਅਰਥ ਕਰਾਏ ਜਾਂਦੇ ਹਨ, ਇਸ ਨਾਲ ਉਹ ਗੁਰਬਾਣੀ ਨੂੰ ਬੜੀ ਬਰੀਕੀ ਨਾਲ ਸਮਝਣ ਦੇ ਸਮਰੱਥ ਹੋ ਜਾਣਗੇ। ਇਸ ਕੈਂਪ ਨੂੰ ਪੂਰਨ ਨਿਯਮ-ਬੱਧ ਕਰਨ ਲਈ ਕਈ ਵਾਰ ਹਾਜ਼ਰੀ ਲਗਾਉਣ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ ਤਾਂ ਕਿ ਕੋਈ ਵੀ ਗ੍ਰੰਥੀ ੬ ਘੰਟੇ (ਦੋਹਾ ਸੋਧਨ) ਦੇ ਸਮੇਂ ਗੈਰ-ਹਾਜ਼ਰ ਨਾ ਹੋਵੇ। ਗ੍ਰੰਥੀ ਸਿੰਘਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਦਿੱਤੇ ਜਾਂਦੇ ਲੰਗਰ ਤੇ ਰਿਹਾਇਸ਼ 'ਤੇ ਪੂਰਨ ਤਸੱਲੀ 'ਤੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ ਹੈ।

# ਉੱਚ ਅਦਾਲਤਾਂ ਸਿੱਖ ਸਾਇਕੀ ਨੂੰ ਧਿਆਨ ਵਿਚ ਰੱਖਦਿਆਂ ਫ਼ੈਸਲੇ ਕਰਨ

ਅਨੰਦਪੁਰ ਸਾਹਿਬ: ੫ ਅਗਸਤ– ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਤੇ ਹੋਰ ਸਾਥੀਆਂ ਵਿਰੁੱਧ ਸ. ਬੇਅੰਤ ਸਿੰਘ ਹੱਤਿਆ ਕਾਂਡ ਦੇ ਸਬੰਧ ਵਿਚ ਅਦਾਲਤ ਵੱਲੋਂ ਦਿੱਤੇ ਫੈਸਲੇ 'ਤੇ ਪ੍ਰਤੀਕਰਮ ਜ਼ਾਹਰ ਕਰਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਜੀ ਨੇ ਕਿਹਾ ਕਿ ਸਿੱਖਾਂ ਦਾ ਦੇਸ਼ ਦੀ ਆਜ਼ਾਦੀ ਦੁਆਉਣ ਵਿਚ ਵਡਮੁੱਲਾ ਹਿੱਸਾ ਹੈ। ਉੱਚ ਅਦਾਲਤਾਂ ਫੈਸਲਾ ਕਰਨ ਤੋਂ ਪਹਿਲਾਂ ਸਿੱਖ ਸਾਇਕੀ ਨੂੰ ਦ੍ਰਿਸ਼ਟੀਗੋਚਰ ਜ਼ਰੂਰ ਕਰਿਆ ਕਰਨ। ਜਥੇਦਾਰ ਗਿਆਨੀ ਤਰਲੋਚਨ ਸਿੰਘ ਜੀ ਅਨੰਦਪੁਰ ਸਾਹਿਬ ਦੀ ਧਾਰਮਿਕ, ਸਮਾਜਕ, ਇਸਤਰੀ ਜਥੇਬੰਦੀਆਂ ਵੱਲੋਂ ਹਵਾਰਾ ਕੇਸ ਆਦਿ ਸਬੰਧ ਵਿਚ ਦਿੱਤੇ ਗਏ ਫੈਸਲੇ ਦੇ ਸਬੰਧ ਵਿਚ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਰੱਖੀ ਮੀਟਿੰਗ ਵਿਚ ਖਾਸ ਰੁਝੇਵਿਆਂ ਕਾਰਨ ਸ਼ਮੂਲੀਅਤ ਨਹੀਂ ਸਨ ਕਰ ਸਕੇ। ਉਕਤ ਪ੍ਰਭਾਵ ਜਥੇਦਾਰ ਗਿਆਨੀ ਤਰਲੋਚਨ ਸਿੰਘ ਜੀ ਨੇ ਪੱਤਰਕਾਰਾਂ ਨਾਲ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਪ੍ਰਗਟ ਕੀਤੇ। ਇਸ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਮਾ. ਜਾਗੀਰ ਸਿੰਘ ਜੀ, ਮੈਨੇਜਰ ਸ. ਜਵਾਹਰ ਸਿੰਘ ਜੀ ਆਦਿ ਵੀ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਰਵੇਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਮਹੀਨਾ ਜੂਨ ੨੦੦੭ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵੱਖ-ਵੱਖ ਥਾਵਾਂ 'ਤੇ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੩-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੨੦੦ |
| ੫-੬-੦੭ | ਗੁਰਦੁਆਰਾ ਪਾਤਸ਼ਾਹੀ ੯ਵੀਂ ਬਾਬਾ ਬਕਾਲਾ | ੮੫ |
| ੬-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੭੬ |
| ੮-੬-੦੭ | ਗੁਰਦੁਆਰਾ ਸਾਹਿਬ ਪੰਡੋਰੀ ਵੜੈਚ | ੨੧੦ |
| ੧੦-੬-੦੭ | ਭਾਈ ਮੇਲਾ ਸਿੰਘ ਬੀ.ਐਡ. ਕਾਲਜ ਜੰਮੂ | ੧੧੦੦੦ |
| ੧੦-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੮ |
| ੧੩-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੫ |
| ੧੫-੬-੦੭ | ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ | ੭੫ |
| ੧੫-੬-੦੭ | ਗੁਰਦੁਆਰਾ ਮੰਜੀ ਸਾਹਿਬ ਪਾ: ੬ ਵੱਡਾ ਘਰ ਮੋਗਾ | ੨੬੦ |
| ੧੭-੬-੦੭ | ਗੁਰਦੁਆਰਾ ਸਾਹਿਬ ਪਿੰਡ ਕੰਦੂਖੇੜਾ ਮੁਕਤਸਰ | ੧੪੫੦ |
| ੧੭-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੨੭੬ |
| ੨੦-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੨੧੩ |
| ੨੪-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੨੩੧ |
| ੨੭-੬-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੯ |
| ੨੭-੬-੦੭ | ਗੁ: ਸਾਹਿਬ ਪਿੰਡ ਬਾਜਵਾ ਕਲਾਂ ਸ਼ਾਹਕੋਟ ਜਲੰਧਰ | ੨੧ |
| ੧-੭-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੬੫ |
| ੨-੭-੦੭ | ਗੁ: ਸਾਹਿਬ ਪਿੰਡ ਰਾਣੀਵਾਲਾ ਮੁਕਤਸਰ ਸਾਹਿਬ | ੮੦੦ |
| ੪-੭-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੯੫ |
| ੪-੭-੦੭ | ਗੁਰਦੁਆਰਾ ਸਾਹਿਬ ਪਾ: ਛੇਵੀਂ ਜਲੰਧਰ | ੧੦੭ |
| ੪-੭-੦੭ | ਗੁਰਦੁਆਰਾ ਸਾਹਿਬ ਬਡਗਾਮ ਸ੍ਰੀਨਗਰ | ੭੦੦ |
| ੫-੭-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਪਟਿਆਲਾ | ੨੭ |
| ੫-੭-੦੭ | ਗੁਰਦੁਆਰਾ ਸਾਹਿਬ ਪਿੰਡ ਚਾਹਲ ਤਰਨਤਾਰਨ | ੧੨੫ |
| ੮-੭-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੮੯ |
| ੧੧-੭-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੬੨ |
| ੧੪-੭-੦੭ | ਗੁਰਦੁਆਰਾ ਸਾਹਿਬ ਕਰਤਾਰਪੁਰ ਜਲੰਧਰ | ੨੨੦ |
| ੧੪-੭-੦੭ | ਗੁਰਦੁਆਰਾ ਬਾਬਾ ਬੁੱਢਾ ਸਾਹਿਬ, ਕੱਥੂਨੰਗਲ | ੧੧੦੦ |

| | | |
|---|---|---|
| ੧੫-੭-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੩੨੦ |
| ੧੫-੭-੦੭ | ਗੁਰਦੁਆਰਾ ਸਾਹਿਬ ਬੀਬੀ ਦਾਨ ਕੌਰ ਮੋਗਾ | ੬੦੦ |

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵੱਲੋਂ ਮਿਤੀ ੧-੪-੨੦੦੭ ਤੋਂ ੧੫-੭-੨੦੦੭ ਤੱਕ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਸਮੇਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਪ੍ਰਾਣੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਮਿਤੀ | ਸਥਾਨ | ਪ੍ਰਾਣੀ |
|---|---|---|
| ੧-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੮੪ |
| ੪-੪-੦੭ | ,, ,, ,, ,, ,, | ੯੫ |
| ੮-੪-੦੭ | ,, ,, ,, ,, ,, | ੨੨੮ |
| ੮-੪-੦੭ | ਪਿੰਡ ਬੂਥਗੜ੍ਹ ਲੁਧਿਆਣਾ | ੧੮੫ |
| ੧੧-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੨੦੭ |
| ੧੧-੪-੦੭ | ਰਣਜੀਤ ਐਵੀਨਿਊ, ਅੰਮ੍ਰਿਤਸਰ | ੧੫੦ |
| ੧੫-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੯੦ |
| ੧੫-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਸਾਖੀ ਸਮੇਂ | ੨੧੦੦ |
| ੧੫-੪-੦੭ | ਗੁ: ਸਿੰਘ ਸਭਾ ਸ਼ਿਮਲਾ ਹਿ: ਪ੍ਰ: | ੩੦ |
| ੧੮-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੨੦੦ |
| ੨੫-੪-੦੭ | ,, ,, ,, ,, ,, | ੫੮ |
| ੨੫-੪-੦੭ | ਪਿੰਡ ਜੋਹਲਾਂ ਜਲੰਧਰ | ੧੨ |
| ੨੯-੪-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੧੨੪ |
| ੨-੫-੦੭ | ,, ,, ,, ,, ,, | ੬੪ |
| ੬-੫-੦੭ | ,, ,, ,, ,, ,, | ੮੬ |
| ੯-੫-੦੭ | ,, ,, ,, ,, ,, | ੨੭ |
| ੧੩-੫-੦੭ | ,, ,, ,, ,, ,, | ੯੪ |
| ੧੫-੫-੦੭ | ,, ,, ,, ,, ,, | ੩੨ |
| ੧੬-੫-੦੭ | ,, ,, ,, ,, ,, | ੪੭ |
| ੧੯-੫-੦੭ | ਪਿੰਡ ਗਡਾਵਾ ਮੁਹਾਲੀ | ੪੦ |
| ੨੦-੫-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੮੩ |
| ੨੭-੫-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੮੮ |
| ੩੦-੫-੦੭ | ,, ,, ,, ,, ,, | ੩੮ |
| ੧-੬-੦੭ | ਬੇਗੋਵਾਲ ਜ਼ਿਲ੍ਹਾ ਕਪੂਰਥਲਾ | ੯੫ |
| ੩-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੬੭ |
| ੬-੬-੦੭ | ,, ,, ,, ,, ,, | ੬੨ |
| ੧੦-੬-੦੭ | ਜੰਮੂ-ਕਸ਼ਮੀਰ | ੧੦੦੦੦ |

| | | |
|---|---|---|
| ੧੦-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੮੧ |
| ੧੦-੬-੦੭ | ਜਲੰਧਰ ਕੈਂਟ | ੨੫ |
| ੧੩-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੪੯ |
| ੧੬-੬-੦੭ | ਪਿੰਡ ਜੋਧੇਵਾਲ ਰਾਮਪੁਰ ਯੂ.ਪੀ. | ੮੦ |
| ੧੭-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੮੯ |
| ੨੦-੬-੦੭ | " " " " " | ੪੧ |
| ੨੧-੬-੦੭ | ਪਿੰਡ ਲੱਖਪੁਰ ਕਪੂਰਥਲਾ | ੨੩ |
| ੨੪-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੭੬ |
| ੨੪-੬-੦੭ | ਪਿੰਡ ਜਠੇਰਾ ਗੁਰਾਇਆਂ ਜਲੰਧਰ | ੨੨ |
| ੨੭-੬-੦੭ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ | ੫੦ |
| ੧-੭-੦੬ | " " " " " | ੬੩ |
| ੪-੭-੦੬ | " " " " " | ੩੧ |
| ੮-੭-੦੬ | " " " " " | ੫੨ |
| ੧੧-੭-੦੬ | " " " " " | ੨੪ |
| ੧੫-੭-੦੬ | " " " " " | ੮੨ |

## ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਖੋਲ੍ਹੇ ਸਬ-ਆਫਿਸ ਰਾਹੀਂ 'ਦੇਗ ਤੇਗ ਫਤਹਿ ਸਿੰਘ ਸਜੋ ਲਹਿਰ' ਦੌਰਾਨ ਤਖ਼ਤ ਸਾਹਿਬ ਦੇ ਸਤਿਕਾਰਯੋਗ ਪੰਜ ਪਿਆਰੇ ਸਾਹਿਬਾਨ ਅਤੇ ਸਤਿਕਾਰ ਯੋਗ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਦੇ ਉਚੇਚੇ ਯਤਨਾਂ ਸਦਕਾ ਸ. ਭਰਪੂਰ ਸਿੰਘ ਜੀ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਨਾਲ ਵੱਖੋ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿਚ ਵਹੀਰ ਦੇ ਪ੍ਰਚਾਰਕਾਂ, ਢਾਡੀ ਸਿੰਘਾਂ ਅਤੇ ਧਾਰਮਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਧਾਰਮਿਕ ਪ੍ਰੋਗਰਾਮ ਸਮੇਂ ਅੰਮ੍ਰਿਤ-ਸੰਚਾਰ ਸਮਾਗਮਾਂ ਦੌਰਾਨ ਅੰਮ੍ਰਿਤ-ਪਾਨ ਕਰਨ ਵਾਲੇ ਪ੍ਰਾਣੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਮਿਤੀ | ਸਥਾਨ | ਪ੍ਰਾਣੀ |
|---|---|---|
| ੧-੪-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੪੮ |
| ੧-੪-੦੭ | ਗੁ: ਭਾਈ ਜਗਤ ਸਿੰਘ ਜੀ ਧਨੌਲਾ (ਬਰਨਾਲਾ) | ੩੫੦ |
| ੧-੪-੦੭ | ਗੁ: ਸਾਹਿਬ ਪਿੰਡ ਤਖਾਣਬੱਧ ਜ਼ਿਲ੍ਹਾ ਮੋਗਾ | ੨੬ |
| ੧-੪-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਜ਼ੀਰਾ (ਫਿਰੋਜ਼ਪੁਰ) | ੨੩ |
| ੨-੪-੦੭ | ਗੁ: ਸਾਹਿਬ ਪਿੰਡ ਜੋਧਪੁਰ ਪਾਖਰ (ਬਠਿੰਡਾ) | ੪੭ |
| ੩-੪-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਫ਼ਾਜ਼ਿਲਕਾ (ਫਿਰੋਜ਼ਪੁਰ) | ੪੪ |
| ੩-੪-੦੭ | ਗੁ: ਸਾਹਿਬ ਕਾਲਾਂਵਾਲੀ ਮੰਡੀ ਜ਼ਿਲ੍ਹਾ ਸਿਰਸਾ (ਹਰਿਆਣਾ) | ੫੦ |
| ੮-੪-੦੭ | ਗੁ: ਸਿੰਘ ਸਭਾ ਐਨ.ਐਫ.ਐਲ. ਕਾਲੋਨੀ, ਬਠਿੰਡਾ | ੨੯ |
| ੮-੪-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੧੯ |

| | | |
|---|---|---|
| ੯-੪-੦੭ | ਗੁ: ਸਾਹਿਬ ਪਿੰਡ ਹੀਰੋਂ ਕਲਾਂ ਜ਼ਿਲ੍ਹਾ ਮਾਨਸਾ | ੭੦ |
| ੧੨-੪-੦੭ | ਵਿਸਾਖੀ ਜੋੜ ਮੇਲਾ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੨੧ |
| ੧੩-੪-੦੭ | ” ” ” ” ” | ੧੮੦ |
| ੧੪-੪-੦੭ | ” ” ” ” ” | ੧੦੦੦ |
| ੧੫-੪-੦੭ | ” ” ” ” ” | ੧੦੯ |
| ੧੭-੪-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਮੱਸਿਆ) | ੭੯ |
| ੨੧-੪-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਮਲੇਰਕੋਟਲਾ (ਸੰਗਰੂਰ) | ੩੮ |
| ੨੧-੪-੦੭ | ਗੁ: ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ (ਬਠਿੰਡਾ) | ੨੩ |
| ੨੨-੪-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੩੩ |
| ੨੯-੪-੦੭ | ” ” ” ” ” | ੪੭ |
| ੬-੫-੦੭ | ” ” ” ” ” | ੬੦੦ |
| ੧੩-੫-੦੭ | ” ” ” ” ” | ੨੫ |
| ੧੬-੫-੦੭ | ” ” ” ” ” | ੯੧ |
| ੨੦-੫-੦੭ | ” ” ” ” ” | ੨੧ |
| ੨੧-੫-੦੭ | ਗੁ: ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਢਿੱਲਵਾਂ (ਬਰਨਾਲਾ) | ੧੬੦ |
| ੨੭-੫-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ | ੬੪ |
| ੩੦-੫-੦੭ | ਗੁ: ਗੁਰੂਸਰ ਸਾਹਿਬ ਪਾ: ਛੇਵੀਂ, ਪਿੰਡ ਗੁਰੂਸਰ (ਬਠਿੰਡਾ) | ੨੦੦ |
| ੧-੬-੦੭ | ਗੁ: ਸਾਹਿਬ ਨਾਨਕਸਰ ਸੰਤਪੁਰਾ, ਹਨੂੰਮਾਨਗੜ੍ਹ (ਰਾਜਸਥਾਨ) | ੬੦ |
| ੩-੬-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ | ੧੦੦ |
| ੧੦-੬-੦੭ | ” ” ” ” ” | ੮੦ |
| ੧੨-੬-੦੭ | ਗੁਰਦੁਆਰਾ ਸਾਹਿਬ,ਪਿੰਡ ਗੋਬਿੰਦਪੁਰਾ (ਬਠਿੰਡਾ) | ੧੩੦ |
| ੧੪-੬-੦੭ | ਗੁ: ਗੁਰੂਸਰ ਪਾ: ਛੇਵੀਂ ਪਿੰਡ ਗੁਰੂਸਰ ਮਹਿਰਾਜ (ਬਠਿੰਡਾ) | ੮੦ |
| ੧੫-੬-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੧੫੦ |
| ੧੫-੬-੦੭ | ਗੁ: ਸਾਹਿਬ ਬੁੱਢਾ ਜੋਹੜ, ਸ੍ਰੀ ਗੰਗਾਨਗਰ (ਰਾਜਸਥਾਨ) | ੩੦ |
| ੧੭-੬-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ | ੬੫ |
| ੧੭-੬-੦੭ | ਗੁ: ਸ੍ਰੀ ਟਾਹਲੀਆਣਾ ਸਾਹਿਬ ਪਾ: ੧੦ਵੀਂ, ਰਾਏਕੋਟ (ਲੁਧਿਆਣਾ) | ੨੦੦ |
| ੧੮-੬-੦੭ | ਗੁ: ਸਾਹਿਬ ਪਿੰਡ ਨੀਲੋਵਾਲ, ਜ਼ਿਲ੍ਹਾ ਸੰਗਰੂਰ | ੧੮੦ |
| ੨੦-੬-੦੭ | ਗੁ: ਸਾਹਿਬ ਹਾਜੀਰਤਨ ਪਾ: ੧੦ਵੀਂ, ਬਠਿੰਡਾ | ੨੨੫ |
| ੨੪-੬-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) | ੬੪ |
| ੨੯-੬-੦੭ | ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਂਤੜਾ (ਸੰਗਰੂਰ) | ੪੫੦ |
| ੩੦-੬-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਮੋਰ ਜੰਡ ਜ਼ਿਲ੍ਹਾ ਹਨੂੰਮਾਨਗੜ੍ਹ (ਰਾਜਸਥਾਨ) | ੫੦ |
| ੧-੭-੦੭ | ਗੁ: ਸ੍ਰੀ ਗੁਰੂ ਸਿੰਘ ਸਭਾ ਰਾਏ ਸਿੰਘ ਨਗਰ (ਸ੍ਰੀ ਗੰਗਾ ਨਗਰ) | ੪੨੫ |
| ੧-੭-੦੭ | ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) | ੬੫ |
| | **ਕੁੱਲ** | **੫੭੫੫** |

# ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ ਛਕੋ-ਸਿੰਘ ਸਜੋ ਲਹਿਰ ਤਹਿਤ ਜੁਲਾਈ ਮਹੀਨੇ ਵੱਖ-ਵੱਖ ਥਾਵਾਂ 'ਤੇ ਅੰਮ੍ਰਿਤ-ਸੰਚਾਰ ਸਮਾਗਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਮਾਨਯੋਗ ਪ੍ਰਧਾਨ ਸਾਹਿਬ ਜਥੇ. ਅਵਤਾਰ ਸਿੰਘ ਜੀ ਦੀ ਦਿਸ਼ਾ-ਨਿਰਦੇਸ਼ਨਾ ਹੇਠ ਧਰਮ ਪ੍ਰਚਾਰ ਲਹਿਰ ਚਲਾਈ ਗਈ। ਇਸ ਲਹਿਰ ਅਧੀਨ ਅਲੱਗ-ਅਲੱਗ ਥਾਵਾਂ 'ਤੇ ਗੁਰਮਤਿ ਸਮਾਗਮਾਂ ਦੌਰਾਨ ਹੇਠ ਲਿਖੇ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ:

| ਮਿਤੀ | ਸਥਾਨ | ਪ੍ਰਾਣੀ |
|---|---|---|
| ੧੯-੬-੦੭ | ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ | ੬੮ |
| ੪-੭-੦੭ | ਗੁਰਦੁਆਰਾ ਬਸਤੀ ਸ਼ੇਖ, ਜਲੰਧਰ | ੧੦੫ |
| ੮-੭-੦੭ | ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ, ਫਗਵਾੜਾ | ੫੦ |
| ੧੪-੭-੦੭ | ਗੁਰਦੁਆਰਾ ਸ੍ਰੀ ਗੰਗਸਰ ਸਾਹਿਬ, ਕਰਤਾਰਪੁਰ | ੨੧੮ |
| ੧੫-੭-੦੭ | ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਮੁਕਤਸਰ | ੯੪ |
| ੧੫-੭-੦੭ | ਗੁਰਦੁਆਰਾ ਪਾਤਸ਼ਾਹੀ ਛੇਵੀਂ, ਮੰਜੀ ਸਾਹਿਬ, ਕੋਟਾਂ | ੨੩੭ |
| ੧੫-੭-੦੭ | ਗੁਰਦੁਆਰਾ ਮੰਜੀ ਸਾਹਿਬ, ਆਲਮਗੀਰ | ੧੧੩ |
| ੧੫-੭-੦੭ | ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ, ਗੁੱਜਰਵਾਲ | ੧੦੦ |
| ੧੫-੭-੦੭ | ਗੁਰਦੁਆਰਾ ਗਊਘਾਟ, ਪਾਤਸ਼ਾਹੀ ਪਹਿਲੀ, ਲੁਧਿਆਣਾ | ੬੧ |
| ੧੫-੭-੦੭ | ਗੁਰਦੁਆਰਾ ਟਾਹਲੀਆਣਾ ਸਾਹਿਬ, ਰਾਏਕੋਟ | ੧੬੦ |
| ੧੫-੭-੦੭ | ਗੁਰਦੁਆਰਾ ਨਾਨਕਿਆਣਾ ਸਾਹਿਬ, ਸੰਗਰੂਰ | ੬੬੦ |
| ੧੫-੭-੦੭ | ਗੁਰਦੁਆਰਾ ਗੁਰੂਸਰ ਪਾ: ੯ਵੀਂ ਧਨੌਲਾ, ਬਰਨਾਲਾ | ੩੩੫ |
| ੧੫-੭-੦੭ | ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਫਤਹਿਗੜ੍ਹ ਸਾਹਿਬ | ੧੯੫ |
| ੧੯-੭-੦੭ | ਗੁਰਦੁਆਰਾ ਭੱਠਾ ਸਾਹਿਬ, ਪਾਤਸ਼ਾਹੀ ਦਸਵੀਂ, ਰੋਪੜ | ੧੧੯ |

## ਬਾਘਾ ਪੁਰਾਣਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਧਰਮ ਪ੍ਰਚਾਰ ਲਹਿਰ ਦੇ ਤਹਿਤ ਬਲਾਕ ਬਾਘਾ ਪੁਰਾਣਾ ਦੇ ਪਿੰਡ ਵੱਡਾਘਰ ਦੇ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਧਰਮ ਪ੍ਰਚਾਰ ਤੇ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਮੁੱਖ ਤੌਰ 'ਤੇ ਪਹੁੰਚੇ। ਜਥੇਦਾਰ ਤੋਤਾ ਸਿੰਘ ਜੀ ਸਾਬਕਾ ਸਿੱਖਿਆ ਮੰਤਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ਼੍ਰੋਮਣੀ ਕਮੇਟੀ ਵੱਲੋਂ ਜ਼ਿਲ੍ਹੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਨ ਦੇ ਸਹਿਯੋਗ ਨਾਲ ਕਰਵਾਏ ਧਰਮ ਪ੍ਰਚਾਰ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਪੁੱਜੇ ਪੰਜ ਪਿਆਰਿਆਂ ਨੇ ੨੫੦ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ ਤੇ ਇਨ੍ਹਾਂ ਸਿੰਘਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ। ਭਾਈ ਸੁਖਵੰਤ ਸਿੰਘ ਤੇ ਭਾਈ ਤੇਜਿੰਦਰ ਸਿੰਘ ਨੇ ਕਥਾ ਰਾਹੀਂ ਤੇ ਢਾਡੀ ਜਥਾ ਭਾਈ ਹਾਕਮ ਸਿੰਘ ਤੇ ਕਵੀਸ਼ਰੀ ਜਥਾ ਭਾਈ ਨਿਰੰਜਣ ਸਿੰਘ ਨੇ ਸੰਗਤਾਂ ਨੂੰ ਕਵੀਸ਼ਰੀ ਰਾਹੀਂ ਨਿਹਾਲ ਕੀਤਾ। ਧਰਮ ਪ੍ਰਚਾਰ ਸੰਮੇਲਨ ਦੌਰਾਨ ਭਾਰੀ ਗਿਣਤੀ ਵਿਚ ਇਕੱਤਰ ਸੰਗਤਾਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ ਨੇ ਅਪੀਲ ਕੀਤੀ ਕਿ ਜ਼ਿੰਦਗੀ ਨੂੰ ਸਫ਼ਲ

ਬਣਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਮਾਰਗ ’ਤੇ ਚੱਲਦੇ ਹੋਏ ਬਾਣੀ ਤੇ ਬਾਣੇ ਨਾਲ ਜੁੜ ਅਤੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ। ਇਸ ਸਮੇਂ ਸਾਬਕਾ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਜੀ, ਸ. ਵਰਿਆਮ ਸਿੰਘ ਜੀ ਸਕੱਤਰ, ਧਰਮ ਪ੍ਰਚਾਰ ਕਮੇਟੀ, ਜ਼ਿਲ੍ਹਾ ਸਕੱਤਰ ਜਨਰਲ ਜਥੇਦਾਰ ਲਾਭ ਸਿੰਘ ਜੀ ਲੰਗੇਆਣਾ, ਜਥੇਦਾਰ ਤੀਰਥ ਸਿੰਘ ਜੀ ਮਾਹਲਾ, ਜਥੇਦਾਰ ਗੁਰਮੇਲ ਸਿੰਘ ਜੀ, ਜਥੇਦਾਰ ਰਣਧੀਰ ਸਿੰਘ ਜੀ ਰੋਡੇ, ਬੀਬੀ ਕੁਲਵਿੰਦਰ ਕੌਰ ਜੀ ਲੰਗੇਆਣਾ, ਜਥੇਦਾਰ ਹਰਬੰਸ ਸਿੰਘ ਜੀ ਮੈਂਬਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਗੁਰਮਤਿ-ਵਿਚਾਰਾਂ ਕੀਤੀਆਂ। ਅੰਤ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਨ ਵੱਲੋਂ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ, ਜਥੇਦਾਰ ਤੋਤਾ ਸਿੰਘ ਜੀ, ਸ. ਵਰਿਆਮ ਸਿੰਘ ਜੀ ਅਤੇ ਧਰਮ ਪ੍ਰਚਾਰਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਕਪੂਰਥਲਾ ਪ੍ਰਚਾਰ ਵਹੀਰ ਵੱਲੋਂ ਲਖੂਪੁਰ ਵਿਖੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਭਾਈ ਆਤਮਾ ਸਿੰਘ ਪ੍ਰਚਾਰਕ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਦੁਆਬਾ ਖੇਤਰ ਦੇ ਜ਼ਿਲ੍ਹਾ ਕਪੂਰਥਲਾ ਦੀ ਪ੍ਰਚਾਰ ਵਹੀਰ ਵੱਲੋਂ ਹੈੱਡ ਕੁਆਰਟਰ ਗੁਰਦੁਆਰਾ ਸੁਖਚੈਨਆਣਾ ਸਾਹਿਬ ਤੋਂ ੧ ਜੂਨ ਤੋਂ ਪ੍ਰਚਾਰ ਵਹੀਰ ਵੱਖ-ਵੱਖ ਨਗਰਾਂ ਵਿਚ ਸ਼ੁਰੂ ਕੀਤੀ ਗਈ ਜਿਸ ਵਿਚ ਭਾਈ ਕੇਵਲ ਸਿੰਘ (ਕਵੀਸ਼ਰੀ ਜਥਾ), ਭਾਈ ਬਘੇਲ ਸਿੰਘ ਪ੍ਰਚਾਰਕ (ਤਖ਼ਤ ਸ੍ਰੀ ਕੇਸਗੜ੍ਹ ਸਾਹਿਬ) ਅਤੇ ਭਾਈ ਆਤਮਾ ਸਿੰਘ ਪ੍ਰਚਾਰਕ ਨੇ ਸੇਵਾ ਨਿਭਾਈ। ਸ. ਗੁਰਦਿਆਲ ਸਿੰਘ ਇੰਟਰਨੈਸ਼ਨਲ ਮੀਰੀ-ਪੀਰੀ ਢਾਡੀ ਜਥਾ ਅਤੇ ਉਸ ਦੇ ਸਾਥੀਆਂ ਨੇ ਸਹਿਯੋਗ ਦਿੱਤਾ। ੨੧ ਜੂਨ ਨੂੰ ਲੱਖਪੁਰ ਦੇ ੩ ਪ੍ਰਾਣੀ, ਵਿਰਕਾਂ ਦੇ ੨, ਸ਼ੇਖੂਪੁਰ ਦੇ ੨, ਬਘਾਣਾਂ ਦੇ ੪, ਪਾਂਸਟਾ ਦੇ ੪, ਗੁਰਮਪੁਰ ਦੇ ੨ ਤੇ ਕੋਟਲੀ ਦੇ ੨, ਕੁੱਲ ੨੩ ਪ੍ਰਾਣੀ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ੨੨, ੨੩ ਅਤੇ ੨੪ ਜੂਨ ਨੂੰ ਗੁਰਦੁਆਰਾ ਜਠੇਰਾ ਸਾਹਿਬ ਗੁਰਾਇਆਂ ਵਿਖੇ ਅੰਮ੍ਰਿਤ-ਸੰਚਾਰ ਹੋਇਆ ਜਿਸ ਵਿਚ ਗੁਰਾਇਆਂ ਦੇ ੧੫ ਪ੍ਰਾਣੀ, ਮਾਲ੍ਹਾ ਦੇ ੨, ਢੰਡਿਆਂ ਦੇ ੨, ਬਿਲਗਾ ਦੇ ੨, ਸਰਗੁੰਦੀ ਦਾ ੧ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਪੰਜਾਂ ਪਿਆਰਿਆਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆ ਕੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ। ਇਨਾਂ ਪ੍ਰੋਗਰਾਮਾਂ ਵਿਚ ਸ. ਸੁਰਜੀਤ ਸਿੰਘ ਜੀ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਪੂਰਾ ਸਹਿਯੋਗ ਦਿੱਤਾ।

## ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀਆਂ ਪ੍ਰਚਾਰ ਸਰਗਰਮੀਆਂ

ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਤੋਂ ਸ. ਕਿਰਪਾਲ ਸਿੰਘ ਦੀ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰੂ ਨਾਨਕ ਸਤਿਸੰਗ ਸਭਾ ਵਿਖੇ ੧੧ ਤੋਂ ੧੩ ਮਈ ਤੱਕ, ਗੁਰਦੁਆਰਾ ਸੁਜਾਨ ਸਿੰਘ ਪਾਰਕ ਜੀਵਨ ਨਗਰ, ਗੁਰਦੁਆਰਾ ਕਲਗੀਧਰ ਮਾਡਲ ਟਾਊਨ, ਗੁਰਦੁਆਰਾ ਹੇਮ ਨਗਰ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ ੧੫, ਗੁਰਦੁਆਰਾ ਮਾਤਾ ਨਾਨਕੀ ਜੀ, ਸਿੱਖ ਯੂਥ ਫੈਡਰੇਸ਼ਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਗੁ: ਸਿੱਕਾ ਕਾਲੋਨੀ, ਗੁਰੂ ਤੇਗ ਬਹਾਦਰ ਸੇਵਾ ਦਲ ਅਤੇ ਹੋਰ ਪਤਵੰਤੇ ਸੱਜਣਾਂ— ਸ. ਹਰਬੰਸ ਸਿੰਘ, ਸ. ਸਵਰਨਜੀਤ ਸਿੰਘ, ਸ. ਨਿਰਮਲ ਸਿੰਘ, ਸ. ਮਨਜੀਤ ਸਿੰਘ, ਸ. ਮਨਦਮਨ ਸਿੰਘ, ਸ. ਸੁਰਿੰਦਰ ਸਿੰਘ, ਸ. ਹਰਜੀਤ ਸਿੰਘ ਖਾਲਸਾ, ਸ. ਸਰਦਾਰਾ ਸਿੰਘ ਅਤੇ ਹੋਰ ਪ੍ਰਬੰਧਕਾਂ ਦੇ ਸੁਚੱਜੇ ਸਹਿਯੋਗ ਨਾਲ ਗੁਰਮਤਿ ਸਿਖਲਾਈ ਕੈਂਪ ਤਿੰਨ ਦਿਨ ਚਲਾਇਆ ਗਿਆ। ਇਸ ਵਿਚ ਗ੍ਰੰਥੀ ਸਿੰਘ ਅਤੇ ਪ੍ਰਬੰਧਕ ਸੱਜਣਾਂ ਨਾਲ ਗੁਰਬਾਣੀ, ਰਹਿਤ ਮਰਯਾਦਾ ਸੰਬੰਧੀ ਵਿਚਾਰਾਂ

ਕੀਤੀਆਂ ਗਈਆਂ। ੧੩ ਮਈ ਨੂੰ ਧਾਰਮਿਕ ਨਾਟਕ 'ਸਿੰਘ ਸੂਰਮੇ' ਦਾ ਪ੍ਰਦਰਸ਼ਨ ਵੀ ਕੀਤਾ ਗਿਆ। ਮਿਸ਼ਨ ਵੱਲੋਂ ਪਿੰਡ ਸ਼ੇਖਨਪੁਰ, ਪਖਾਣਾ, ਸੌਂਕੜਾ, ਰਾਜਗੜ੍ਹ, ਬੀੜ ਮਾਜਰਾ, ਟਾਟਰਾਂ, ਨੜਾਣਾ, ਰਾਮੜੀ, ਨੀਲੋਖੇੜਾ, ਸੰਧੀਰ, ਚੌਪੜੀ, ਕੁੜਕ ਜਗੀਰ, ਰਮਾਣਾ, ਸਾਂਭੀ, ਜਲਮਾਣਾ, ਠਰਵਾ, ਸ਼ੇਖੂਪੁਰਾ, ਧਾਂਸਾ, ਭੈਣੀ ਖੁਰਦ, ਸ਼ਾਮਗੜ੍ਹ, ਰੰਬਾ, ਲਲਿਆਪਾਣਾ, ਪਯੋਲ ਅਤੇ ਜੰਡਲਾ ਵਿਖੇ ਧਾਰਮਿਕ ਫਿਲਮਾਂ ਵੀ ਵਿਖਾਈਆਂ ਗਈਆਂ।

ਮਿਸ਼ਨ ਵੱਲੋਂ ਹਰਿਆਣਾ ਅਤੇ ਕੁਰੂਕਸ਼ੇਤਰ ਦੀਆਂ ਸਿੱਖ ਸੰਗਤਾਂ ਦੇ ਆਪਸੀ ਮਿਲਵਰਤਨ ਨਾਲ ਗਰਮੀ ਦੀਆਂ ਛੁੱਟੀਆਂ ਵਿਚ ਬੱਚਿਆਂ ਲਈ ਪੰਜਾਬੀ ਭਾਸ਼ਾ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਇਸ ਮਕਸਦ ਲਈ ਜ਼ਿਲ੍ਹੇ ਵਿਚ ਤਕਰੀਬਨ ੧੦ ਸੈਂਟਰ ਬਣਾ ਕੇ ਬੱਚਿਆਂ ਦੀਆਂ ਕਲਾਸਾਂ ਲਾਈਆਂ ਗਈਆਂ। ਇਨ੍ਹਾਂ ਕਲਾਸਾਂ ਵਿਚ ਸਿੱਖ ਬੱਚਿਆਂ ਦੇ ਨਾਲ-ਨਾਲ ਦੂਜੇ ਧਰਮਾਂ ਨਾਲ ਸੰਬੰਧਤ ਬੱਚਿਆਂ ਨੇ ਵੀ ਹਿੱਸਾ ਲਿਆ। ਇਨ੍ਹਾਂ ਸੈਂਟਰਾਂ ਵਿਚ ੪੦੦ ਤੋਂ ਵੱਧ ਬੱਚਿਆਂ ਨੇ ਪੰਜਾਬੀ ਦੀ ਸਿਖਲਾਈ ਪ੍ਰਾਪਤ ਕੀਤੀ। ਕੈਂਪ ਦੀ ਸਮਾਪਤੀ 'ਤੇ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਦੀਵਾਨ ਸਜਾਇਆ ਗਿਆ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਦਾ ਵਿਸ਼ੇਸ਼ ਸੰਦੇਸ਼ ਸ. ਕਿਰਪਾਲ ਸਿੰਘ ਇੰਚਾਰਜ ਸਿੱਖ ਮਿਸ਼ਨ ਨੇ ਪੜ੍ਹ ਕੇ ਸੁਣਾਇਆ। ਇਸ ਮੌਕੇ 'ਤੇ ਸੇਵਾ ਭਾਵਨਾ ਤਹਿਤ ਸੇਵਾ ਨਿਭਾਉਣ ਵਾਲੇ ੨੦ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਗੁਰਦੁਆਰਾ ਅੱਚਲ ਸਾਹਿਬ ਪਿੰਡ ਸਲ੍ਹੋ ਚਾਹਲ, ਬਟਾਲਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਮੈਨੇਜਰ ਸ. ਸਤਨਾਮ ਸਿੰਘ ਦੀ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਚਲਾਈ ਗਈ ਸਿੰਘ ਸਜੋ ਲਹਿਰ ਅਤੇ ਜਥੇ. ਗੁਰਿੰਦਰਪਾਲ ਸਿੰਘ ਜੀ ਗੋਰਾ ਹਲਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮ ਸਦਕਾ ਮਿਤੀ ੧੫-੭-੦੭ ਨੂੰ ਗੁਰਦੁਆਰਾ ਸ੍ਰੀ ਅੱਚਲ ਸਾਹਿਬ ਵਿਖੇ ਅੰਮ੍ਰਿਤਪਾਨ ਕਰਵਾਇਆ ਗਿਆ ਸੀ ਜਿਸ ਵਿਚ ੫੦੦ ਪ੍ਰਾਣੀਆਂ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਇਸ ਮੌਕੇ 'ਤੇ ਜਥੇਦਾਰ ਗੁਰਿੰਦਰਪਾਲ ਸਿੰਘ ਜੀ ਗੋਰਾ ਹਲਕਾ ਮੈਂਬਰ ਸ਼੍ਰੋਮਣੀ ਕਮੇਟੀ, ਜਥੇ. ਰਤਨ ਸਿੰਘ ਜੀ ਜ਼ਫਰਵਾਲ ਮੈਂਬਰ ਧਰਮ ਪ੍ਰਚਾਰ ਕਮੇਟੀ, ਜਥੇ. ਅਮਰਜੀਤ ਸਿੰਘ ਜੀ ਸਰਕਲ ਪ੍ਰਧਾਨ ਅਕਾਲੀ ਦਲ, ਸ. ਰਜਿੰਦਰ ਸਿੰਘ ਜੀ ਪ੍ਰਧਾਨ ਗੁਰਦੁਆਰਾ ਸਤਕਰਤਾਰੀਆਂ ਬਟਾਲਾ, ਸ. ਕੁਲਵੰਤ ਸਿੰਘ ਜੀ ਮੈਨੇਜਰ ਗੁਰਦੁਆਰਾ ਕੰਧ ਸਾਹਿਬ ਬਟਾਲਾ, ਸ. ਦਰਸ਼ਨ ਸਿੰਘ ਜੀ ਸੁਪਰਵਾਈਜ਼ਰ ਸ਼੍ਰੋਮਣੀ ਕਮੇਟੀ, ਸ. ਗੁਤਿੰਦਰਪਾਲ ਸਿੰਘ ਜੀ ਮਾਂਟੂ, ਭਾਈ ਬਲਵੰਤ ਸਿੰਘ ਪ੍ਰਚਾਰਕ, ਭਾਈ ਅਮਰਜੀਤ ਸਿੰਘ, ਭਾਈ ਮਲਕੀਅਤ ਸਿੰਘ ਹੈਪੀ, ਭਾਈ ਗੁਰਸ਼ਰਨ ਸਿੰਘ ਪ੍ਰਚਾਰਕ ਅਤੇ ਭਾਈ ਰਣਜੀਤ ਸਿੰਘ ਪ੍ਰਚਾਰਕ, ਭਾਈ ਹਰਪਾਲ ਸਿੰਘ ਢੰਡ ਢਾਡੀ ਜਥਾ, ਭਾਈ ਜਗਦੀਸ਼ ਸਿੰਘ ਕਵੀਸ਼ਰੀ ਜਥਾ, ਭਾਈ ਕਵਲਜੀਤ ਸਿੰਘ ਕਵੀਸ਼ਰੀ ਜਥਾ ਆਦਿ ਪ੍ਰਮੁੱਖ ਸ਼ਖ਼ਸੀਅਤਾਂ ਨੇ ਇਸ ਮੌਕੇ ਗੁਰੂ-ਲੜ ਲੱਗੇ ਪ੍ਰਾਣੀਆਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਮੁਕਤਸਰ ਵਿਖੇ ਸਿੱਖ-ਵਿਰਸਾ ਸੰਭਾਲ ਲਹਿਰ ਅਧੀਨ ਧਰਮ ਪ੍ਰਚਾਰ ਸਰਗਰਮੀਆਂ

ਮਿਤੀ ੨੭-੬-੨੦੦੭ ਨੂੰ ਧਰਮ ਪ੍ਰਚਾਰ ਲਹਿਰ ਦਾ ਕਾਫਲਾ ਨਗਰ ਅਸਪਾਲਾਂ (ਜ਼ਿਲ੍ਹਾ ਮੁਕਤਸਰ) ਦੇ ਮੁੱਖ ਦੁਆਰ 'ਤੇ ਸ਼ਬਦ ਪੜ੍ਹਦਿਆਂ ਤੇ ਨਗਰ ਦੀ ਪ੍ਰਕਰਮਾ ਕਰ ਕੇ

ਗੁਰਦੁਆਰਾ ਸਾਹਿਬ ਦੀਵਾਨ ਸਜਾਏ ਗਏ। ਸਜੇ ਹੋਏ ਦੀਵਾਨਾਂ ਵਿਚ ਭਾਈ ਲਖਵਿੰਦਰ ਸਿੰਘ ਜੀ ਅਤੇ ਭਾਈ ਹਰਪਾਲ ਸਿੰਘ ਜੀ ਹਜ਼ੂਰੀ ਰਾਗੀ ਜਥੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਨਗਰ ਦੇ ਮੁੱਖ ਦੁਆਰ 'ਤੇ ਸਮੂਹ ਸੰਗਤਾਂ ਅਤੇ ਮੁਖੀ ਪਤਵੰਤਿਆਂ ਨੇ ਪ੍ਰਚਾਰ-ਵਹੀਰ ਦਾ ਸੁਆਗਤ ਕੀਤਾ।

ਭਾਈ ਪਰਮਿੰਦਰ ਸਿੰਘ ਮਿਸ਼ਨਰੀ ਨੇ ਸਟੇਜ ਦੀ ਸੇਵਾ ਸੰਭਾਲੀ ਅਤੇ ਪ੍ਰਚਾਰ ਮੁਹਿੰਮ ਦੇ ਮੁੱਖ ਮੁੱਦਿਆਂ 'ਤੇ ਖੁੱਲ੍ਹ ਕੇ ਵੀਚਾਰਾਂ ਕੀਤੀਆਂ। ਭਾਈ ਸਰਵਣ ਸਿੰਘ ਮਿਸ਼ਨਰੀ, ਭਾਈ ਸਰਬਜੀਤ ਸਿੰਘ ਸੋਹੀਆਂ ਅਤੇ ਭਾਈ ਕੁਲਰਾਜ ਸਿੰਘ ਵੱਲਾ ਪ੍ਰਚਾਰਕਾਂ ਨੇ ਪਤਿਤਪੁਣੇ, ਨਸ਼ਿਆਂ ਦੀ ਰੋਕਥਾਮ ਅਤੇ ਭਰੂਣ-ਹੱਤਿਆ ਸਬੰਧੀ ਗੁਰਮਤਿ ਦੀਆਂ ਵੀਚਾਰਾਂ ਸਾਂਝੀਆਂ ਕੀਤੀਆਂ। ਬੀਬੀ ਚੰਚਲਦੀਪ ਕੌਰ, ਭਾਈ ਤਰਸੇਮ ਸਿੰਘ ਅਤੇ ਭਾਈ ਬਲਦੇਵ ਸਿੰਘ ਲੌਂਗੋਵਾਲ ਦੇ ਢਾਡੀ ਜਥਿਆਂ ਨੇ ਢਾਡੀ-ਵਾਰਾਂ ਰਾਹੀਂ ਨੌਜੁਆਨਾਂ ਨੂੰ ਸਿੱਖ-ਵਿਰਸੇ ਦੀ ਭਰਪੂਰ ਜਾਣਕਾਰੀ ਦਿੱਤੀ।

ਭਾਈ ਬਲਦੇਵ ਸਿੰਘ ਜੀ ਇੰਚਾਰਜ ਧਰਮ ਪ੍ਰਚਾਰ ਲਹਿਰ ਨੇ ਇਸ ਧਰਮ ਪ੍ਰਚਾਰ ਲਹਿਰ ਦਾ ਮੁੱਖ ਨਿਸ਼ਾਨਾ ਦਰਸਾਉਂਦਿਆਂ ਹੋਇਆਂ ਕਿਹਾ ਕਿ ਸਮੂਹ ਸੰਗਤਾਂ ਨੂੰ ਸਿੱਖ ਵਿਰਸੇ ਤੋਂ ਜਾਣੂ ਕਰਾ ਕੇ, ਨੌਜੁਆਨਾਂ ਨੂੰ ਆਪਣੇ ਸਿੱਖ ਵਿਰਸੇ ਨਾਲ ਜੋੜਿਆ ਜਾਵੇ। ਪਤਿਤਪੁਣੇ ਦੀ ਬਹੁਤਾਤ ਵਿਚ ਪ੍ਰਚਾਰ ਦੀ ਘਾਟ ਦੇ ਨਾਲ-ਨਾਲ ਮਾਤਾ-ਪਿਤਾ ਵੀ ਦੋਸ਼ੀ ਹਨ ਜਿਨ੍ਹਾਂ ਨੇ ਨਾ ਆਪ ਸਿੱਖੀ ਨੂੰ ਅਪਣਾਇਆ ਹੈ ਅਤੇ ਨਾ ਹੀ ਆਪਣੇ ਬੱਚਿਆਂ ਨੂੰ ਇਸ ਪਾਸੇ ਤੋਰਿਆ ਹੈ ਸਗੋਂ ਉਨ੍ਹਾਂ ਨੂੰ ਸਿੱਖੀ ਤੋਂ ਦੂਰ ਕਰਨ ਵਿਚ ਉਹ ਮੋਹਰੀ ਹਨ। ਅਸੀਂ ਪ੍ਰੇਮ ਨਾਲ ਇਨ੍ਹਾਂ ਬੱਚਿਆਂ ਨੂੰ ਸਮਝਾ ਕੇ ਸਿੱਖ-ਵਿਰਸੇ ਨਾਲ ਜੋੜਨਾ ਹੈ ਤੇ ਸਮੂਹ ਸੰਗਤ ਦੇ ਸਹਿਯੋਗ ਦੀ ਮੰਗ ਕਰਦੇ ਹਾਂ।

ਭਾਈ ਮੇਜਰ ਸਿੰਘ ਜੀ ਮੀਤ ਸਕੱਤਰ, ਭਾਈ ਰਘਬੀਰ ਸਿੰਘ ਜੀ ਅਤੇ ਭਾਈ ਸਰਵਣ ਸਿੰਘ ਜੀ ਮਿਸ਼ਨਰੀ ਨੇ ਨੌਜੁਆਨਾਂ ਨਾਲ ਪ੍ਰੇਮ-ਮਿਲਣੀ ਕੀਤੀ ਅਤੇ ੬੦ ਦੇ ਕਰੀਬ ਨੌਜੁਆਨਾਂ ਨੂੰ ਕੇਸ ਰੱਖਣ, ਅੰਮ੍ਰਿਤਪਾਨ ਕਰਨ ਅਤੇ ਨਸ਼ਿਆਂ ਤੋਂ ਬਚਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪ੍ਰਣ ਕਰਵਾ ਕੇ, ਸਿਰੋਪਾਉ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸੰਗਤਾਂ ਨੂੰ ਮਿਥੀਆਂ ਤਰੀਕਾਂ ਤੋਂ ਪਹਿਲਾਂ ਧਾਰਮਿਕ ਫ਼ਿਲਮਾਂ ਵੀ ਦਿਖਾਈਆਂ ਜਾਂਦੀਆਂ ਹਨ ਅਤੇ ਫ੍ਰੀ ਮੈਡੀਕਲ ਕੈਂਪ ਵੀ ਰੋਜ਼ਾਨਾ ਲਗਾਇਆ ਜਾਂਦਾ ਹੈ।

ਇਸੇ ਲਹਿਰ ਤਹਿਤ ਸਿੱਖ-ਵਿਰਸਾ ਸੰਭਾਲ ਮੁਹਿੰਮ, ਪਿੰਡ ਕੱਟਿਆਂਵਾਲੀ ਜ਼ਿਲ੍ਹਾ ਮੁਕਤਸਰ ਦੇ ਮੁੱਖ ਦੁਆਰ 'ਤੇ ਪਹੁੰਚੀ। ਨਗਰ ਦੇ ਮੁੱਖ ਪ੍ਰਬੰਧਕ ਸ. ਭਜਨ ਸਿੰਘ ਜੀ, ਸ. ਇਕਬਾਲ ਸਿੰਘ, ਸ. ਮੁਖਤਿਆਰ ਸਿੰਘ, ਸ. ਜੋਗਿੰਦਰ ਸਿੰਘ, ਸ. ਚਰਨਜੀਤ ਸਿੰਘ ਨੰਬਰਦਾਰ ਅਤੇ ਹੋਰ ਸਮੂਹ ਸੰਗਤਾਂ ਧਰਮ ਪ੍ਰਚਾਰ ਲਹਿਰ ਦੇ ਸੁਆਗਤ ਲਈ ਪਹੁੰਚੇ ਹੋਏ ਸਨ। ਪ੍ਰਚਾਰ ਵਹੀਰ ਵੱਲੋਂ ਸ਼ਬਦ ਕੀਰਤਨ ਕਰਦੇ ਹੋਏ, ਨਗਰ ਦੀ ਪ੍ਰਕਰਮਾ ਕਰਦੇ ਹੋਏ ਗੁਰਦੁਆਰਾ ਸਾਹਿਬ ਪਹੁੰਚੇ ਤੇ ਦੀਵਾਨ ਸਜਾਏ ਗਏ।

ਦੀਵਾਨ ਦੀ ਆਰੰਭਤਾ ਵਿਚ ਭਾਈ ਅਰਜਨ ਸਿੰਘ ਜੀ ਅਤੇ ਭਾਈ ਲਖਬੀਰ ਸਿੰਘ ਜੀ ਹਜ਼ੂਰੀ ਰਾਗੀ ਜਥਿਆਂ ਨੇ ਸ਼ਬਦ-ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਜਸਪਾਲ ਸਿੰਘ ਮਾਹਣੀ ਖੇੜਾ ਕਵੀਸ਼ਰੀ ਜਥੇ ਨੇ ਪੰਜਾ ਸਾਹਿਬ ਦਾ ਸਾਕਾ ਸ੍ਰਵਣ ਕਰਾਇਆ। ਭਾਈ ਸਰਬਜੀਤ ਸਿੰਘ ਸੋਹੀਆਂ ਪ੍ਰਚਾਰਕ ਨੇ ਗੁਰੂ ਨਾਨਕ ਮਿਸ਼ਨ ਦੀ ਭਾਵਪੂਰਤ ਢੰਗ ਨਾਲ

ਗੱਲ ਕਰ ਕੇ ਨੌਜੁਆਨਾਂ ਨੂੰ ਸਿੱਖ ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਭਾਈ ਸੁਖਦੇਵ ਸਿੰਘ ਮਿੱਠੜੀ ਅਤੇ ਢਾਡੀ ਜਥੇ ਨੇ ਢਾਡੀ-ਵਾਰਾਂ ਰਾਹੀਂ ਗੁਰ-ਇਤਿਹਾਸ ਦੀ ਸਾਂਝ ਪਾਈ।

ਭਾਈ ਮੇਜਰ ਸਿੰਘ ਜੀ, ਭਾਈ ਰਘਬੀਰ ਸਿੰਘ ਜੀ, ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਭਾਈ ਸਰਵਣ ਸਿੰਘ ਮਿਸ਼ਨਰੀ ਪ੍ਰਚਾਰਕ ਹੁਰਾਂ ਨੌਜੁਆਨਾਂ ਨੂੰ ਇਕੱਤਰ ਕਰਕੇ, ਕੇਸ ਰੱਖਣ, ਨਸ਼ਾ ਛੱਡਣ ਅਤੇ ਅੰਮ੍ਰਿਤ ਪਾਨ ਕਰਨ ਦੀ ਪ੍ਰੇਰਨਾ ਕੀਤੀ। ਅਰਦਾਸ ਤੋਂ ਉਪਰੰਤ ਇਨ੍ਹਾਂ ਨੌਜੁਆਨਾਂ ਨੂੰ ਗੁਰੂ-ਘਰ ਦੀ ਬਖ਼ਸ਼ਿਸ਼ ਸਿਰੋਪਾਉ ਭਾਈ ਬਲਦੇਵ ਸਿੰਘ ਜੀ ਹੁਰਾਂ ਵੱਲੋਂ ਦੇ ਕੇ ਪ੍ਰਣ ਕਰਵਾਇਆ ਗਿਆ। ਤਕਰੀਬਨ ੧੦੦ ਨੌਜੁਆਨਾਂ ਨੇ ਅਤੇ ਬੱਚਿਆਂ ਨੇ ਕੇਸ ਰੱਖਣ ਅਤੇ ਅੰਮ੍ਰਿਤ ਪਾਨ ਕਰਨ ਦਾ ਪ੍ਰਣ ਕੀਤਾ।

ਭਾਈ ਬਲਦੇਵ ਸਿੰਘ ਜੀ ਮੁਖੀ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਇੰਚਾਰਜ ਧਰਮ ਪ੍ਰਚਾਰ ਵਹੀਰ ਹੁਰਾਂ ਇਸ ਵਹੀਰ ਦੇ ਮੁੱਖ ਮਕਸਦ ਨੂੰ ਭਾਵਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਫ਼ੈਸਲਿਆਂ ਮੁਤਾਬਿਕ ਆਪਣੇ ਸਿੱਖ ਵਿਰਸੇ ਨਾਲ ਜੁੜੀਏ, ਇਸ ਵਿਚ ਸਾਦਾ ਢੰਗ ਨਾਲ ਅਨੰਦ ਕਾਰਜ, ਨਸ਼ਿਆਂ ਨੂੰ ਤਿਆਗਣ ਲਈ ਫ੍ਰੀ ਇਲਾਜ ਅਤੇ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਇਤਿਹਾਸਕ ਯਾਤਰਾ ਫ੍ਰੀ ਰੂਪ ਵਿਚ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਧਰਮ ਪ੍ਰਚਾਰ ਲਹਿਰ ਨੂੰ ਚੱਲਦਾ ਰੱਖਣ ਲਈ ਸੇਵਾਦਾਰ ਬਣਾ ਕੇ ਉਨ੍ਹਾਂ ਨੂੰ ਸਿਰੋਪਾਉ ਅਤੇ ਨਾਮਜ਼ਦਗੀ ਪੱਤਰ ਦਿੱਤੇ ਗਏ। ਅੰਤ੍ਰਿੰਗ ਕਮੇਟੀ ਮੈਂਬਰ ਸ. ਦਿਆਲ ਸਿੰਘ ਜੀ ਕੋਲਿਆਂ ਵਾਲੀ ਉਚੇਚੇ ਤੌਰ ’ਤੇ ਪਹੁੰਚੇ ਅਤੇ ਸੰਗਤਾਂ ਦਾ ਧੰਨਵਾਦ ਕੀਤਾ।ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਅਰਦਾਸ ਉਪਰੰਤ ਗੁਰੂ ਕਾ ਲੰਗਰ ਵਰਤਿਆ। ਨਗਰ ਵੱਲੋਂ ਸਮੂਹ ਪ੍ਰਚਾਰ ਵਹੀਰ ਦੇ ਮੈਂਬਰਾਂ ਦਾ ਸਿਰੋਪਾਉ ਦੇ ਕੇ ਧੰਨਵਾਦ ਕੀਤਾ ਗਿਆ।

ਭਾਈ ਸਰਬਜੀਤ ਸਿੰਘ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ ੧੫-੭-੨੦੦੭ ਨੂੰ ਧਰਮ ਪ੍ਰਚਾਰ ਲਹਿਰ ਅਤੇ ਸਿੱਖ-ਵਿਰਸਾ ਸੰਭਾਲ ਮੁਹਿੰਮ ਵੱਲੋਂ ਮੁਕਤਸਰ ਜ਼ਿਲ੍ਹੇ ਦੇ ਪਿੰਡ ਛਾਪਿਆਂਵਾਲੀ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਦੌਰਾਨ ਭਾਈ ਕੁਲਦੀਪ ਸਿੰਘ ਜੀ ਅਤੇ ਭਾਈ ਗੁਰਵਿੰਦਰਪਾਲ ਸਿੰਘ ਜੀ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ. ਮੇਜਰ ਸਿੰਘ ਜੀ ਰਟੌਲ, ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ ਵਿਸ਼ੇਸ਼ ਤੌਰ ’ਤੇ ਸਮਾਗਮਾਂ ਵਿਚ ਸ਼ਾਮਲ ਹੋਏ ਅਤੇ ਕੇਸ ਰੱਖਣ ਵਾਲੇ ਅਤੇ ਅੰਮ੍ਰਿਤ ਪਾਨ ਕਰਨ ਵਾਲੇ ਤਕਰੀਬਨ ੧੫੦ ਪ੍ਰਾਣੀਆਂ/ਨੌਜੁਆਨਾਂ ਨੂੰ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਉ ਦੇ ਕੇ ਉਤਸ਼ਾਹਿਤ ਕੀਤਾ ਅਤੇ ਮੁੱਖ ਸੇਵਾਦਾਰਾਂ ਨੂੰ ਨਾਮਜ਼ਦਗੀ ਪੱਤਰ ਵੀ ਦਿੱਤੇ ਗਏ। ਭਾਈ ਜਸਪਾਲ ਸਿੰਘ ਮਾਹਣੀ ਖੇੜਾ ਕਵੀਸ਼ਰੀ ਜਥੇ ਨੇ ਗੁਰ-ਇਤਿਹਾਸ ਦੀ ਸਾਂਝ ਪਾਈ। ਭਾਈ ਸੁਖਦੇਵ ਸਿੰਘ ਮਿਸ਼ਨਰੀ ਅਤੇ ਬੀਬੀ ਚੰਚਲਦੀਪ ਕੌਰ ਦੇ ਢਾਡੀ ਜਥਿਆਂ ਨੇ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਸਰਵਣ ਸਿੰਘ ਮਿਸ਼ਨਰੀ, ਭਾਈ ਪਰਮਿੰਦਰ ਸਿੰਘ ਮਿਸ਼ਨਰੀ, ਭਾਈ ਸਰਬਜੀਤ ਸਿੰਘ ਸੋਹੀਆਂ ਅਤੇ ਭਾਈ ਕੁਲਰਾਜ ਸਿੰਘ ਵੱਲਾ ਪ੍ਰਚਾਰਕ ਸਾਹਿਬਾਨ ਨੇ ਗੁਰਮਤਿ ਵਿਚਾਰਾਂ ਸਰਵਣ ਕਰਵਾਈਆਂ।

ਭਾਈ ਬਲਦੇਵ ਸਿੰਘ ਜੀ ਨੇ ਸੰਗਤਾਂ ਨੂੰ ਧਰਮ ਪ੍ਰਚਾਰ ਲਹਿਰ ਦਾ ਮੁੱਖ ਨਿਸ਼ਾਨਾ ਦਰਸਾਇਆ ਕਿ ਆਪਣੇ ਸਿੱਖ ਵਿਰਸੇ ਨਾਲ ਜੁੜ ਕੇ ਗੁਰੂ-ਡੰਮ੍ਹ ਤੋਂ ਬਚਣਾ ਹੈ ਅਤੇ ਅੰਮ੍ਰਿਤ-

ਪਾਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਇਸ ਦੌਰਾਨ ਭਾਈ ਉੱਤਮ ਸਿੰਘ ਜੀ ਨੇ ਵੀ ਆਪਣੇ ਵਿਚਾਰ ਰੱਖੇ।

ਮਿਤੀ ੧੯-੭-੨੦੦੭ ਨੂੰ ਧਰਮ ਪ੍ਰਚਾਰ ਲਹਿਰ ਅਤੇ ਸਿੱਖ-ਵਿਰਸਾ ਸੰਭਾਲ ਮੁਹਿੰਮ ਤਹਿਤ ਮੁਕਤਸਰ ਜ਼ਿਲ੍ਹੇ ਦੇ ਪਿੰਡ ਸਰਾਵਾਂ ਬੋਦਲ ਵਿਖੇ ਸਿੱਖ-ਵਿਰਸਾ ਸੰਭਾਲ ਪ੍ਰੋਗਰਾਮ ਆਯੋਜਿਤ ਹੋਇਆ। ਦੀਵਾਨ ਦੀ ਆਰੰਭਤਾ ਵਿਚ ਭਾਈ ਕੁਲਦੀਪ ਸਿੰਘ ਜੀ ਅਤੇ ਭਾਈ ਗੁਰਵਿੰਦਰ ਸਿੰਘ ਜੀ ਦੇ ਹਜ਼ੂਰੀ ਰਾਗੀ ਜਥਿਆਂ ਨੇ ਸ਼ਬਦ-ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਭਾਈ ਸਰਵਣ ਸਿੰਘ ਮਿਸ਼ਨਰੀ ਪ੍ਰਚਾਰਕ ਹੁਰਾਂ ਸਾਵਣ ਦੇ ਮਹੀਨੇ ਦੀ ਕਥਾ-ਵਿਚਾਰ ਸੰਗਤਾਂ ਨੂੰ ਸ੍ਰਵਣ ਕਰਵਾਈ। ਉਪਰੰਤ ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਗੁਰ-ਇਤਿਹਾਸ ਰਾਹੀਂ ਸਿੱਖ ਵਿਰਸੇ ਦੀ ਜਾਣਕਾਰੀ ਦਿੱਤੀ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਅਤੇ ਇਸ ਧਰਮ ਪ੍ਰਚਾਰ ਲਹਿਰ ਦੇ ਮੁਖੀ ਭਾਈ ਬਲਦੇਵ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਪਿਛਲੇ ਸਮੇਂ 'ਚ ਪ੍ਰਚਾਰ ਦੀ ਘਾਟ ਨੂੰ ਸਵੀਕਾਰਦਿਆਂ ਕਿਹਾ ਕਿ ਦੇਰ ਹੋਈ ਹੈ ਪਰ ਅਸੀਂ ਫਿਰ ਵੀ ਸਮੂਹ ਮਾਲਵੇ ਦੀ ਸੰਗਤ ਦੇ ਧੰਨਵਾਦੀ ਹਾਂ ਜੋ ਕਿ ਭਰਵਾਂ ਹੁੰਗਾਰਾ ਦੇ ਰਹੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸਾਰੂ ਫ਼ੈਸਲਿਆਂ 'ਤੇ ਚੱਲਣ ਦਾ ਅਤੇ ਇਸ ਅਨੁਸਾਰੀ ਹੋਣ ਦਾ ਮਾਣ ਪ੍ਰਾਪਤ ਕਰ ਰਹੇ ਹਨ। ਭਾਈ ਸਰਬਜੀਤ ਸਿੰਘ ਸੋਹੀਆਂ, ਭਾਈ ਪਰਮਿੰਦਰ ਸਿੰਘ ਮਿਸ਼ਨਰੀ ਅਤੇ ਭਾਈ ਕੁਲਰਾਜ ਸਿੰਘ ਵੱਲਾ ਪ੍ਰਚਾਰਕਾਂ ਨੇ ਸਾਵਣ ਮਹੀਨੇ ਦੇ ਉਪਦੇਸ਼ ਰਾਹੀਂ ਸੰਗਤਾਂ ਨੂੰ ਗੁਰਸਿੱਖੀ ਜੀਵਨ ਬਸਰ ਕਰਨ ਦੀ ਪ੍ਰੇਰਨਾ ਕੀਤੀ। ਸ. ਮੇਜਰ ਸਿੰਘ ਜੀ ਰਟੌਲ, ਸਕੱਤਰ ਸਾਹਿਬ ਧਰਮ ਪ੍ਰਚਾਰ ਕਮੇਟੀ ਉਚੇਚੇ ਤੌਰ 'ਤੇ ਪਹੁੰਚੇ ਜੋ ਸਾਰੇ ਹੀ ਪ੍ਰਬੰਧ ਅਤੇ ਪ੍ਰਚਾਰ ਵਹੀਰ ਨੂੰ ਸਫਲ ਕਰਨ ਲਈ ਯੋਗਦਾਨ ਪਾ ਰਹੇ ਹਨ। ਭਾਈ ਰਘਬੀਰ ਸਿੰਘ ਜੀ ਅਤੇ ਭਾਈ ਮੇਜਰ ਸਿੰਘ ਜੀ, ਪੰਜ ਪਿਆਰੇ ਸ੍ਰੀ ਅਕਾਲ ਤਖ਼ਤ ਸਾਹਿਬ ਹੁਰਾਂ ਨੌਜੁਆਨਾਂ ਨੂੰ ਕੇਸ ਰੱਖਣ ਅਤੇ ਅੰਮ੍ਰਿਤ-ਪਾਨ ਕਰਨ ਲਈ ਪ੍ਰੇਰਿਆ। ਪ੍ਰੇਰਨਾ ਸਦਕਾ ੮੦ ਨੌਜੁਆਨਾਂ ਨੇ ਕੇਸ ਰੱਖ ਕੇ ਅੰਮ੍ਰਿਤਪਾਨ ਕਰਨ ਦਾ ਪ੍ਰਣ ਕੀਤਾ। ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਅਤੇ ਸਕੱਤਰ ਸ. ਮੇਜਰ ਸਿੰਘ ਜੀ ਰਟੌਲ ਹੁਰਾਂ ਵੱਲੋਂ ਉਨ੍ਹਾਂ ਨੌਜੁਆਨਾਂ ਨੂੰ ਸਿਰੋਪਾਉ ਦੇ ਕੇ ਉਤਸ਼ਾਹਿਤ ਕੀਤਾ। ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਰੱਖਣ ਲਈ ਨਗਰ ਵਿਚੋਂ ਮੁੱਖ ਸੇਵਾਦਾਰ ਬਣਾ ਕੇ ਉਨ੍ਹਾਂ ਨੂੰ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਉ ਅਤੇ ਨਾਮਜ਼ਦਗੀ ਪੱਤਰ ਦੇ ਕੇ ਇਹ ਸੇਵਾ ਸੌਂਪੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਜੀ ਦੀ ਦਿਸ਼ਾ-ਨਿਰਦੇਸ਼ਨਾ ਤੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖ ਸੇਵਾਦਾਰ ਅਤੇ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਦੇ ਥਾਪੇ ਗਏ ਮੁਖੀ ਭਾਈ ਬਲਦੇਵ ਸਿੰਘ ਜੀ ਦੀ ਅਗਵਾਈ ਹੇਠ ਆਰੰਭ ਕੀਤੀ ਗਈ ਧਰਮ ਪ੍ਰਚਾਰ ਲਹਿਰ ਜਿਸਦਾ ਨਿਸ਼ਾਨਾ ਹਰ ਪਿੰਡ, ਹਰ ਘਰ ਤਕ ਪਹੁੰਚ ਕਰਕੇ ਧਰਮ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕਰਨਾ ਹੈ, ਦਾ ਅੱਠਵਾਂ ਪੜਾਅ ਜ਼ਿਲ੍ਹਾ ਮੁਕਤਸਰ ਦੇ ਸ਼੍ਰੋਮਣੀ ਹਲਕਾ ਲੰਬੀ ਦੇ ਨਗਰ ਮਿਡੂਖੇੜਾ ਵਿਖੇ ੨੦ ਮਈ ੨੦੦੭ ਨੂੰ ਇਕ ਮੁੱਖ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਮਾਗਮ ਨਾਲ ਸੰਪੂਰਨ ਹੋਇਆ।

ਸ਼ੁਰੂ ਕੀਤੀ ਗਈ ਧਰਮ ਪ੍ਰਚਾਰ ਲਹਿਰ ਦੇ ਮੁੱਖ ਨਿਸ਼ਾਨੇ ਨੂੰ ਪਿੰਡ-ਪਿੰਡ ਅਤੇ ਘਰ-ਘਰ ਪਹੁੰਚਾਉਣ ਲਈ ਮਿਤੀ ੧੦-੫-੨੦੦੭ ਤੋਂ ੧੯-੫-੨੦੦੭ ਤਕ ਲੰਬੀ ਹਲਕੇ ਦੇ ਨਗਰ ਸਿੰਘੇਵਾਲਾ, ਫਤੂਹੀਵਾਲਾ, ਕਿਲ੍ਹਿਆਂਵਾਲੀ, ਵੜਿੰਗ-ਖੇੜਾ, ਲੋਹਾਰਾ, ਘੁਮਿਆਰਾ,

ਮਿਡੂਖੇੜਾ, ਕੱਖਾਂਵਾਲੀ, ਸਿੱਖਵਾਲਾ, ਪੰਜਾਣਾ ਆਦਿ ਪਿੰਡਾਂ ਵਿਚ ਧਾਰਮਿਕ ਸਮਾਗਮ ਕੀਤੇ ਗਏ। ਨਗਰ ਦੀ ਪ੍ਰਕਰਮਾਂ ਮੁਖ ਦੁਆਰ ਤੋਂ ਗੁਰਦੁਆਰਾ ਸਾਹਿਬ ਤੱਕ ਸ਼ਬਦ ਪੜ੍ਹਦਿਆਂ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਪਹੁੰਚ ਕੇ ਦੀਵਾਨ ਕੀਤੇ ਗਏ। ਭਾਈ ਤਾਰਬਲਬੀਰ ਸਿੰਘ ਜੀ, ਭਾਈ ਅਵਤਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ ਅਤੇ ਭਾਈ ਹਰਮਿੰਦਰ ਸਿੰਘ ਜੀ ਹਜ਼ੂਰੀ ਰਾਗੀ ਜਥੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸੰਗਤਾਂ ਨੂੰ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਭਾਈ ਸਰਵਣ ਸਿੰਘ ਮਿਸ਼ਨਰੀ, ਭਾਈ ਸਰਬਜੀਤ ਸਿੰਘ ਸੋਹੀਆਂ, ਭਾਈ ਪਰਮਿੰਦਰ ਸਿੰਘ ਮਿਸ਼ਨਰੀ, ਭਾਈ ਜੱਜ ਸਿੰਘ ਮਿਸ਼ਨਰੀ ਅਤੇ ਭਾਈ ਕੁਲਰਾਜ ਸਿੰਘ ਵੱਲਾ ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਸਰਵਣ ਕਰਾਉਂਦੇ ਰਹੇ। ਭਾਈ ਸੁਖਦੇਵ ਸਿੰਘ ਮਿਠੜੀ, ਭਾਈ ਸੁਖਰਾਜ ਸਿੰਘ ਪ੍ਰਚਾਰਕ, ਭਾਈ ਤਰਸੇਮ ਸਿੰਘ ਢਾਡੀ, ਭਾਈ ਬਲਦੇਵ ਸਿੰਘ ਲੌਂਗੋਵਾਲ ਢਾਡੀ, ਬੀਬੀ ਚੰਚਲਦੀਪ ਕੌਰ ਢਾਡੀ ਜਥੇ ਅਤੇ ਭਾਈ ਜਸਪਾਲ ਸਿੰਘ ਮਾਹਣੀਖੇੜਾ ਅਤੇ ਭਾਈ ਜੀਵਨ ਸਿੰਘ ਘਰਾਂਚੋ ਕਵੀਸ਼ਰ ਸੰਗਤਾਂ ਨੂੰ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਤੋਂ ਅਗਾਊਂ ਪ੍ਰਚਾਰ ਵਹੀਰ ਅਤੇ ਗੁਰਮਤਿ ਸਮਾਗਮਾਂ ਦੌਰਾਨ ਜਾਣੂ ਕਰਾਉਂਦੇ ਰਹੇ। ਧਾਰਮਿਕ ਫਿਲਮਾਂ ਦੀ ਲੜੀ ਇਕ ਨਗਰ ਤੋਂ ਦੂਜੇ ਨਗਰ ਤੱਕ ਸਾਰੇ ਸਮਾਗਮਾਂ ਤੋਂ ਇਕ ਦਿਨ ਪਹਿਲਾਂ ਦਿਖਾਈ ਜਾਂਦੀ ਸੀ। ਗੁਰੂ ਰਾਮਦਾਸ ਇੰਸਟੀਚਿਊਟ ਵੱਲਾ ਵੱਲੋਂ ਡਾਕਟਰਾਂ ਦੀ ਟੀਮ ਰੋਜ਼ਾਨਾ ਫ੍ਰੀ ਦਵਾਈਆਂ ਅਤੇ ਫ੍ਰੀ ਚੈਕਅੱਪ ਕਰਕੇ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਰਹੇ, ਜਿਸ ਦੀ ਹਰ ਨਗਰ ਵਿਚ ਸ਼ਲਾਘਾ ਹੋਈ। ਭਾਈ ਰਘਬੀਰ ਸਿੰਘ ਜੀ ਅਤੇ ਭਾਈ ਮੇਜਰ ਸਿੰਘ ਜੀ, ਡਿਊਟੀ ਪੰਜ ਪਿਆਰੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਬੱਚਿਆਂ ਅਤੇ ਨੌਜੁਆਨਾਂ ਨਾਲ ਪਿਆਰ-ਮਿਲਣੀ ਕਰਕੇ, ਉਨ੍ਹਾਂ ਨੂੰ ਕੇਸ ਰੱਖਣ, ਨਸ਼ੇ ਛੱਡਣ ਅਤੇ ਅੰਮ੍ਰਿਤ ਪਾਨ ਕਰਨ ਲਈ ਪ੍ਰੇਰਦੇ ਰਹੇ। ਜਿਸ ਦੌਰਾਨ ਤਕਰੀਬਨ ੧੩੦੦ ਬੱਚੇ-ਬੱਚੀਆਂ, ਨੌਜੁਆਨਾਂ ਅਤੇ ਮਾਈਆਂ-ਭਾਈਆਂ ਨੂੰ ਅੰਮ੍ਰਿਤਪਾਨ ਕਰਨ ਦੀ ਪ੍ਰੇਰਨਾ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪ੍ਰਣ ਕਰਵਾਇਆ ਜਾਂਦਾ ਰਿਹਾ ਅਤੇ ਭਾਈ ਬਲਦੇਵ ਸਿੰਘ ਜੀ ਮੁਖੀ ਪ੍ਰਚਾਰ ਵਹੀਰ ਹੁਰਾਂ ਵੱਲੋਂ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਉ ਦੇ ਕੇ, ਕੇਸ ਰੱਖਣ, ਅੰਮ੍ਰਿਤਪਾਨ ਕਰਨ ਅਤੇ ਨਸ਼ੇ ਛੱਡਣ ਲਈ ਉਤਸ਼ਾਹਿਤ ਕੀਤਾ ਜਾਂਦਾ ਰਿਹਾ।

ਭਾਈ ਸੁਖਰਾਜ ਸਿੰਘ ਵੇਰਕਾ ਸਾਬਕਾ ਚੇਅਰਮੈਨ ਅਤੇ ਭਾਈ ਨਰਿੰਜਣ ਸਿੰਘ ਸੋਹੀਆਂ ਰੋਜ਼ਾਨਾ ਹਾਜ਼ਰੀ ਭਰਦੇ ਰਹੇ। ਮੁੱਖ ਸਮਾਗਮ ਨਗਰ ਮਿਡੂਖੇੜਾ ਵਿਖੇ ਕਰੀਬ ੯-੩੦ ਸਵੇਰੇ ਮਿਤੀ ੨੦-੫-੨੦੦੭ ਐਤਵਾਰ ਨੂੰ ਹੋਇਆ। ਅੰਮ੍ਰਿਤ-ਸੰਚਾਰ ਕਰਾਉਣ ਲਈ ਪੰਜ ਪਿਆਰੇ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ ਅਤੇ ੯੫੦ ਪ੍ਰਾਣੀ ਗੁਰੂ ਦੇ ਜਹਾਜ਼ੇ ਚੜ੍ਹੇ। ਕਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ। ਫ੍ਰੀ ਮੈਡੀਕਲ ਚੈੱਕਅੱਪ ਅਤੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਨਸ਼ਾ ਛੱਡਣ ਵਾਲੇ ਬਹੁਤ ਸਾਰੇ ਨੌਜੁਆਨ ਅੱਗੇ ਆਏ ਅਤੇ ਭਾਈ ਬਲਦੇਵ ਸਿੰਘ ਜੀ ਮੁਖੀ ਪ੍ਰਚਾਰ ਲਹਿਰ ਹੁਰਾਂ ਵੱਲੋਂ ਚਿੱਠੀ ਦੇ ਕੇ ਗੁਰੂ ਰਾਮਦਾਸ ਹਸਪਤਾਲ ਵਿਖੇ ਰੈਫਰ ਕੀਤਾ ਗਿਆ। ਸਾਰੇ ਸਮਾਗਮਾਂ ਦੌਰਾਨ ਤਕਰੀਬਨ ੨੦੦ ਵਿਅਕਤੀ ਨਸ਼ਾ ਮੁਕਤ ਹੋਣ ਲਈ ਅੱਗੇ ਆਏ।

ਗੁਰਮਤਿ ਸਮਾਗਮਾਂ ਵਿਚ ਭਾਈ ਮਾਨ ਸਿੰਘ ਜੀ ਹੈੱਡ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ, ਸ. ਗੁਰਪਾਲ ਸਿੰਘ ਜੀ ਗੋਰਾ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰ ਹਲਕਾ ਲੰਬੀ ਵਿਸ਼ੇਸ਼ ਤੌਰ 'ਤੇ ਸਮਾਗਮਾਂ ਵਿਚ ਪਹੁੰਚੇ।

ਭਾਈ ਬਲਦੇਵ ਸਿੰਘ ਜੀ ਸੰਗਤਾਂ ਨੂੰ ਸੰਬੋਧਨ ਹੋਏ ਅਤੇ ਉਨ੍ਹਾਂ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਜੋ ਨਿਸ਼ਾਨਾ ਹੈ, ਸਿਰਫ ਤੇ ਸਿਰਫ ਇਕੋ ਇਕ ਹੈ ਕਿ ਸਾਡੇ ਨੌਜੁਆਨ ਬੱਚੇ ਨਸ਼ਿਆਂ ਤੋਂ ਰਹਿਤ ਹੋਣ ਅਤੇ ਕੇਸਾਧਾਰੀ ਬਣ ਅਤੇ ਅੰਮ੍ਰਿਤ ਪਾਨ ਕਰਕੇ ਸਿੱਖ ਵਿਰਸੇ ਨਾਲ ਜੁੜਨ, ਕਿਉਂਕਿ ਇਨ੍ਹਾਂ ਬੱਚਿਆਂ ਦਾ ਕੋਈ ਕਸੂਰ ਨਹੀਂ ਹੈ, ਜਿਸ ਲਈ ਇਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾਵੇ। ਇਨ੍ਹਾਂ ਤਕ ਪਹੁੰਚ ਕਰਨ ਵਿਚ ਦੇਰੀ ਲਈ ਧਾਰਮਿਕ ਜਥੇਬੰਦੀਆਂ ਦੇ ਆਗੂ ਦੋਸ਼ੀ ਹਨ ਅਤੇ ਦੂਸਰੇ ਨੰਬਰ 'ਤੇ ਮਾਂ-ਪਿਉ ਦੋਸ਼ੀ ਹਨ ਜਿਨ੍ਹਾਂ ਨੇ ਅਵੇਸਲੇਪਣ ਵਿਚ ਆਪਣੇ ਬੱਚਿਆਂ ਨੂੰ ਸਿੱਖੀ ਤੋਂ ਦੂਰ ਕਰ ਦਿੱਤਾ ਹੈ, ਜਿਸ ਕਰਕੇ ਇਹ ਭੋਲੇ-ਭਾਲੇ ਬੱਚੇ ਕਿਸੇ ਵੀ ਐਰੇ-ਗੈਰੇ ਦੀ ਈਨ ਮੰਨਣ ਲਈ ਤਿਆਰ ਹੋ ਜਾਂਦੇ ਹਨ। ਅੱਜ ਇਹ ਬੱਚੇ ਬੜੀ ਖੁਸ਼ੀ-ਖੁਸ਼ੀ ਕੇਸ ਰੱਖਣ ਲਈ ਅੱਗੇ ਆ ਰਹੇ ਹਨ, ਵੱਡੀ ਗਿਣਤੀ ਵਿਚ ਅੰਮ੍ਰਿਤਪਾਨ ਕਰ ਰਹੇ ਹਨ। ਕਿਉਂਕਿ ਇਸ ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮੁਹਿੰਮ ਦੀ ਸਮੁੱਚੀ ਵਹੀਰ ਸਮਰਪਿਤ ਭਾਵਨਾ ਨਾਲ ਕੰਮ ਕਰ ਰਹੀ ਹੈ ਅਤੇ ਦਿਨ-ਰਾਤ ਇਕ ਕਰਕੇ ਨੌਜੁਆਨਾਂ ਨੂੰ, ਬੱਚਿਆਂ ਨੂੰ ਆਪਣੇ ਸਿੱਖ-ਵਿਰਸੇ ਨਾਲ ਜੁੜਨ ਦੀ ਪ੍ਰੇਰਨਾ ਕਰ ਰਹੇ ਹਨ।

ਗਿ. ਮਾਨ ਸਿੰਘ ਜੀ ਹੈੱਡ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ ਹੁਰਾਂ ਜਿਥੇ ਸਮੂਹ ਅੰਮ੍ਰਿਤਪਾਨ ਕਰਨ ਵਾਲੇ ਪ੍ਰਾਣੀਆਂ ਨੂੰ ਵਧਾਈ ਦਿੱਤੀ, ਉਥੇ ਉਨ੍ਹਾਂ ਨੇ ਸਮੂਹ ਪ੍ਰਚਾਰ ਵਹੀਰ ਅਤੇ ਭਾਈ ਬਲਦੇਵ ਸਿੰਘ ਜੀ ਦਾ ਮਾਲਵੇ ਖੇਤਰ ਵਿਚ ਧਰਮ ਪ੍ਰਚਾਰ ਲਹਿਰ ਚਲਾਉਣ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਬਹੁਤ ਹੀ ਜ਼ਰੂਰਤ ਸੀ, ਇਸ ਇਲਾਕੇ ਵਿਚ ਧਰਮ ਪ੍ਰਚਾਰ ਦੀ। ਗੁਰੂ-ਡੰਮ੍ਹ ਦਾ ਬੋਲਬਾਲਾ ਸਾਡੇ ਅਵੇਸਲੇਪਣ ਕਰਕੇ ਹੀ ਵਧਿਆ ਹੈ ਤੇ ਅੱਜ ਸਿੱਖ ਕੌਮ ਨੂੰ ਵੱਡੀ ਤੋਂ ਵੱਡੀ ਚੁਣੌਤੀ ਵੀ ਦੇ ਰਿਹਾ ਹੈ। ਜਿਸ ਵਾਸਤੇ ਸਾਨੂੰ ਹੋਰ ਵੀ ਸੁਚੇਤ ਹੋਣ ਦੀ ਲੋੜ ਹੈ ਅਤੇ ਕਮਰਕੱਸੇ ਕਰਕੇ, ਗੁਰੂ ਨਾਨਕ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਦੀ ਲੋੜ ਹੈ।

ਸ. ਗੁਰਪਾਲ ਸਿੰਘ ਜੀ ਗੋਰਾ ਸਾਬਕਾ ਸੀਨੀਅਰ ਮੀਤ ਪ੍ਰਧਾਨ ਹੁਰਾਂ ਸੰਗਤਾਂ ਨੂੰ ਸੰਬੋਧਨ ਕੀਤਾ। ਆਪਣੇ ਹਲਕੇ ਲੰਬੀ ਵਿਚ ਧਰਮ ਪ੍ਰਚਾਰ ਲਹਿਰ ਦਾ ਭਰਪੂਰ ਸੁਆਗਤ ਕਰਦਿਆਂ, ਉਨ੍ਹਾਂ ਵਿਸ਼ਵਾਸ ਦੁਆਇਆ ਕਿ ਉਹ ਇਸ ਪ੍ਰਚਾਰ ਵਹੀਰ ਨੂੰ ਪੂਰਾ ਸਹਿਯੋਗ ਦੇਣਗੇ ਅਤੇ ਜੋ ਪ੍ਰਾਪਤੀਆਂ ਹੋ ਰਹੀਆਂ ਹਨ, ਇਸ ਦਾ ਸਿਹਰਾ ਭਾਈ ਬਲਦੇਵ ਸਿੰਘ ਜੀ ਮੁਖੀ ਅਖੰਡ ਕੀਰਤਨੀ ਜਥਾ ਨੂੰ ਜਾਂਦਾ ਹੈ, ਜਿਨ੍ਹਾਂ ਦੇ ਇਸ ਉੱਦਮ ਅਤੇ ਉਪਰਾਲੇ ਦੇ ਉਹ ਹਮੇਸ਼ਾ ਰਿਣੀ ਰਹਿਣਗੇ।

ਇਸ ਧਰਮ ਪ੍ਰਚਾਰ ਲਹਿਰ ਨੂੰ ਜਿੱਥੇ ਮਾਲਵੇ ਦੀਆਂ ਸੰਗਤਾਂ, ਉੱਦਮੀਆਂ ਅਤੇ ਨੌਜੁਆਨਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਹਰ ਨਗਰ ਵਿੱਚੋਂ ਧਰਮ ਪ੍ਰਚਾਰ ਲਹਿਰ ਨੂੰ ਸ਼ੁਰੂ ਰੱਖਣ ਲਈ ਮੁੱਖ ਸੇਵਾਦਾਰ ਥਾਪੇ ਗਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਹੁਰਾਂ ਦੀ ਮੋਹਰ ਹੇਠ, ਭਾਈ ਬਲਦੇਵ ਸਿੰਘ ਜੀ ਮੁਖੀ ਧਰਮ ਪ੍ਰਚਾਰ ਲਹਿਰ ਵੱਲੋਂ ਨਾਮਜ਼ਦਗੀ ਪੱਤਰ ਅਤੇ ਸਿਰੋਪਾਉ ਦੇ ਕੇ ਉਨ੍ਹਾਂ ਮੁੱਖ ਸੇਵਾਦਾਰਾਂ ਨੂੰ ਉਤਸ਼ਾਹਿਤ ਕੀਤਾ

ਜਾਂਦਾ ਰਿਹਾ।

ਸ. ਮੇਜਰ ਸਿੰਘ ਜੀ ਰਟੌਲ, ਸਕੱਤਰ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਇਨ੍ਹਾਂ ਸਾਰੇ ਸਮਾਗਮਾਂ ਦੀ ਦੇਖ-ਰੇਖ ਬਾਖੂਬੀ ਨਿਭਾਉਂਦੇ ਰਹੇ। ਨਗਰ ਮਿਡੂਖੇੜਾ ਦੇ ਗ੍ਰੰਥੀ ਭਾਈ ਆਤਮਾ ਸਿੰਘ, ਸ. ਗੁਰਬਖਸ਼ੀਸ਼ ਸਿੰਘ ਸਰਪੰਚ, ਜਥੇ. ਹਰਰਾਜ ਸਿੰਘ, ਸ. ਤੇਜਿੰਦਰ ਸਿੰਘ ਜੀ ਚੇਅਰਮੈਨ, ਸ. ਰਘੁਬੀਰ ਸਿੰਘ ਜੀ ਪ੍ਰਧਾਨ ਗੁਰਦੁਆਰਾ ਸਾਹਿਬ ਹੁਰਾਂ ਦਾ ਮੁਖ ਸਹਿਯੋਗ ਪ੍ਰਾਪਤ ਹੋਇਆ। ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

## ਤਲਵੰਡੀ ਸਾਬੋ ਇਲਾਕੇ ਵਿਚ ਸਿੱਖ-ਵਿਰਸਾ ਸੰਭਾਲ ਮੁਹਿੰਮ ਤਹਿਤ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ

ਧਰਮ ਪ੍ਰਚਾਰ ਕਮੇਟੀ ਦੇ ਸਬ-ਆਫਿਸ ਤਲਵੰਡੀ ਸਾਬੋ ਵੱਲੋਂ ੧੨ ਅਪ੍ਰੈਲ ਤੋਂ ੩੦ ਮਈ ੨੦੦੭ ਤਕ ਵੱਖ-ਵੱਖ ਪਿੰਡਾਂ ਵਿਚ ੨੪੧੯ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਮਾਲਵੇ ਦੀ ਇਸ ਮੁਹਿੰਮ ਵੱਲੋਂ ਮਿਤੀ ੧-੬-੨੦੦੭ ਤੋਂ ੧੨-੬-੨੦੦੭ ਤੱਕ ਪਿੰਡ ਗੋਬਿੰਦਪੁਰਾ ਜ਼ਿਲ੍ਹਾ ਬਠਿੰਡਾ ਦੇ ਨੇੜੇ ਪਿੰਡਾਂ ਵਿਚ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਫਿਲਮਾਂ, ਨਾਟਕ, ਢਾਡੀ ਅਤੇ ਪ੍ਰਚਾਰਕ ਸਿੰਘਾਂ ਨੇ ਸੰਗਤਾਂ ਵਿਚ ਧਾਰਮਿਕ ਪ੍ਰੋਗਰਾਮ ਰੱਖ ਕੇ ਅੰਮ੍ਰਿਤ ਛਕੋ, ਸਿੰਘ ਸਜੋ ਅਤੇ ਗੁਰੂ ਵਾਲੇ ਬਣਨ ਦਾ ਪ੍ਰਚਾਰ ਕੀਤਾ। ਨਸ਼ਿਆਂ, ਪਤਿਤਪੁਣੇ ਅਤੇ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਤੋਂ ਜਾਣੂੰ ਕਰਵਾਇਆ ਅਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਣ ਦੀ ਪ੍ਰੇਰਣਾ ਕੀਤੀ। ਇਸ ਮੁਹਿੰਮ ਸਮੇਂ ਮਾਣਯੋਗ ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਜੀ, ਭਾਈ ਮਾਨ ਸਿੰਘ ਜੀ ਹੈੱਡ ਗ੍ਰੰਥੀ, ਜਥੇਦਾਰ ਭਰਪੂਰ ਸਿੰਘ ਜੀ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ, ਹਲਕਾ ਮੈਂਬਰ ਡਾ. ਬਲਵੀਰ ਸਿੰਘ ਜੀ ਭਗਤਾ, ਸ. ਸੁਖਦੇਵ ਸਿੰਘ ਜੀ ਬਾਹੀਆ, ਸਮੁੱਚੀ ਲੋਕਲ ਕਮੇਟੀ ਗੁਰਦੁਆਰਾ ਸਾਹਿਬ ਗੋਬਿੰਦਪੁਰਾ, ਗੁਰਦੁਆਰਾ ਪੌਣਹਾਰੀ ਪਿੰਡ ਪੂਹਲੀ ਅਤੇ ਗੁਰਦੁਆਰਾ ਕਮੇਟੀ ਸੇਮਾ ਨੇ ਪੂਰਨ ਸਹਿਯੋਗ ਦਿੱਤਾ। ਲਗਾਤਾਰ ੧੦ ਦਿਨ ਦੇ ਪ੍ਰਚਾਰ ਤੋਂ ਬਾਅਦ ਮਿਤੀ ੧੧-੬-੦੭ ਨੂੰ ਗੁਰਦੁਆਰਾ ਗੋਬਿੰਦਪੁਰਾ ਸਾਹਿਬ ਵਿਖੇ ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਅਮਰਜੀਤ ਸਿੰਘ ਜੀ ਵੱਲੋਂ ਤਿਆਰ ਕੀਤੇ ਵਿਦਿਆਰਥੀਆਂ ਨੇ ਧਾਰਮਿਕ ਨਾਟਕ 'ਸਿੰਘ ਸੂਰਮੇ' ਅਤੇ 'ਹਾਲ ਪੰਜਾਬ ਦਾ' ਨਸ਼ਿਆਂ ਦੇ ਵਿਰੁੱਧ ਨਾਟਕ ਖੇਡੇ, ਇਨ੍ਹਾਂ ਨਾਟਕਾਂ ਦੀ ਸੰਗਤਾਂ ਨੇ ਖੂਬ ਸਰਾਹਣਾ ਕੀਤੀ ਜਿਸ ਦੇ ਅਸਰ ਨਾਲ ਪਿੰਡ ਗੋਬਿੰਦਪੁਰਾ ਵਿਖੇ ਮਿਤੀ ੧੨-੬-੦੭ ਨੂੰ ੧੩੦ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ, ਗੁਰੂ ਵਾਲੇ ਬਣੇ, ਨਾਲ ਹੀ ਝੂਠੇ ਸੌਦੇ ਵਾਲੇ ਨੂੰ ਛੱਡ ਕੇ ਇਲਾਕੇ ਵਿੱਚੋਂ ਕਾਫ਼ੀ ਲੋਕ ਸਿੱਖ ਧਰਮ ਵਿਚ ਸ਼ਾਮਲ ਹੋਏ। ਧਰਮ ਪ੍ਰਚਾਰ ਕਮੇਟੀ ਵੱਲੋਂ ਇਨ੍ਹਾਂ ਸੱਜਣਾਂ ਨੂੰ ਸਿਰੋਪਾਉ ਦੇ ਕੇ ਜੀ ਆਇਆਂ ਕਿਹਾ ਅਤੇ ਅੱਗੋਂ ਲਈ ਹੋਰ ਅਜਿਹੇ ਭੁੱਲੜ ਵੀਰਾਂ ਨੂੰ ਪਾਖੰਡੀ ਅਤੇ ਝੂਠੇ ਸਾਧਾਂ ਦਾ ਸਾਥ ਛੱਡ ਕੇ ਸੱਚੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦੀ ਅਪੀਲ ਕੀਤੀ। ਇਸ ਸਮੇਂ ਧਰਮ ਪ੍ਰਚਾਰ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ, ਲੋੜਵੰਦਾਂ ਨੂੰ ਕਕਾਰ ਅਤੇ ਧਾਰਮਿਕ ਲਿਟਰੇਚਰ, ਨਾਨਕਸ਼ਾਹੀ ਕੈਲੰਡਰ ਅਤੇ ਪਾਕਟ ਡਾਇਰੀਆਂ ਵੀ ਫ੍ਰੀ ਵੰਡੀਆਂ ਗਈਆਂ।

ਮਿਤੀ ੫-੬-੦੭ ਨੂੰ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਮੀਟਿੰਗ ਵਿਚ ਬਾਬਾ ਬੁੱਢਾ ਜੀ ਗੁਰਮਤਿ ਗ੍ਰੰਥੀ ਸਭਾ ਰਾਏਕੋਟ (ਸਹਿਬਾਜ਼ਪੁਰ), ਲੁਧਿਆਣਾ ਅਤੇ ਗੁਰਦੁਆਰਾ

ਟਾਹਲੀਆਣਾ ਸਾਹਿਬ ਦੇ ਮੈਨੇਜਰ ਸ. ਹਰਜੀਤ ਸਿੰਘ ਜੀ, ਬੀਬੀ ਹਰਬੰਸ ਕੌਰ ਜੀ ਸੁਖਾਣਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੇ ਰਾਏਕੋਟ ਇਲਾਕੇ ਦੀਆਂ ਧਾਰਮਿਕ ਜਥੇਬੰਦੀਆਂ, ਲੋਕਲ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕ ਅਤੇ ਰਾਗੀ, ਢਾਡੀ, ਗ੍ਰੰਥੀ ਸਾਹਿਬਾਨ ਅਤੇ ਸੰਗਤਾਂ ਦਾ ਭਰਵਾਂ ਇਕੱਠ ਹੋਇਆ। ਉਪਰੰਤ ਗੁਰਮਤਿ ਵਿਚਾਰਾਂ ਸਮੇਂ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਜੀ ਨੰਦਗੜ੍ਹ, ਭਾਈ ਮਾਨ ਸਿੰਘ ਜੀ ਹੈੱਡ ਗ੍ਰੰਥੀ, ਜਥੇਦਾਰ ਭਰਪੂਰ ਸਿੰਘ ਜੀ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, ਭਾਈ ਭਰਪੂਰ ਸਿੰਘ ਜੀ ਇੰਚਾਰਜ ਸਬ-ਆਫਿਸ, ਭਾਈ ਬਲਜਿੰਦਰ ਸਿੰਘ ਜੀ ਪ੍ਰਧਾਨ ਗ੍ਰੰਥੀ ਸਭਾ, ਗਿ. ਰਘਵੀਰ ਸਿੰਘ ਜੀ ਮੀਤ ਪ੍ਰਧਾਨ, ਸ. ਸਤਿੰਦਰ ਸਿੰਘ ਜੀ ਦਾਖਾ ਅਤੇ ਪਤਵੰਤੇ ਸੱਜਣਾਂ ਨੇ ਅੰਮ੍ਰਿਤ ਦੀ ਮਹਾਨਤਾ, ਗੁਰ-ਇਤਿਹਾਸ ਅਤੇ ਦੰਭੀ ਪਾਖੰਡੀ ਸਾਧਾਂ ਅਤੇ ਪਤਿਤਪੁਣੇ, ਨਸ਼ਿਆਂ ਤੋਂ ਸੰਗਤਾਂ ਨੂੰ ਦੂਰ ਰਹਿਣ ਲਈ ਸੁਚੇਤ ਕੀਤਾ। ਧਰਮ ਪ੍ਰਚਾਰ ਕਮੇਟੀ ਵੱਲੋਂ ਭੇਜੇ ਢਾਡੀ ਸਿੰਘਾਂ ਅਤੇ ਪ੍ਰਚਾਰਕਾਂ ਰਾਹੀਂ ਪੂਰੇ ਇਲਾਕੇ ਦੇ ਵੱਖੋ-ਵੱਖ ਪਿੰਡਾਂ ਵਿਚ ਪ੍ਰਚਾਰ ਕੀਤਾ, ਨਾਲ ਧਾਰਮਿਕ ਫਿਲਮਾਂ ਅਤੇ ਧਾਰਮਿਕ ਨਾਟਕ ਵੀ ਵਿਖਾਏ ਗਏ। ਇਸ ਸਾਰੀ ਮੁਹਿੰਮ ਦੀ ਲੋਕਲ ਤੌਰ 'ਪੁਰ ਜ਼ਿੰਮੇਵਾਰੀ ਅਤੇ ਰੂਪ-ਰੇਖਾ ਸ. ਹਰਜੀਤ ਸਿੰਘ ਜੀ ਮੈਨੇਜਰ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਅਤੇ ਭਾਈ ਬਲਜਿੰਦਰ ਸਿੰਘ ਜੀ ਪ੍ਰਧਾਨ ਗ੍ਰੰਥੀ ਸਭਾ ਰਾਏਕੋਟ ਨੇ ਪੂਰੀ ਮਿਹਨਤ ਨਾਲ ਤਿਆਰ ਕੀਤੀ ਅਤੇ ਪੂਰਾ ਪਹਿਰਾ ਦਿੱਤਾ। ਲਗਾਤਾਰ ਇਸ ਤਰ੍ਹਾਂ ਦਾ ਪ੍ਰਚਾਰ ਪੂਰੇ ੧੦ ਦਿਨ ਇਲਾਕੇ ਵਿਚ ਹੁੰਦਾ ਰਿਹਾ। ਉਪਰੰਤ ਪਿੰਡ ਹਠੂਰ ਅਤੇ ਰਾਏਕੋਟ ਵਿਖੇ ਧਾਰਮਿਕ ਨਾਟਕ 'ਸਿੰਘ ਸੂਰਮੇ' ਅਤੇ 'ਹਾਲ ਪੰਜਾਬ ਦਾ' ਖੇਡੇ ਗਏ, ਜਿਸ ਦਾ ਸੰਗਤਾਂ ਨੇ ਸੁਆਗਤ ਕੀਤਾ। ਮਿਤੀ ੧੭-੬-੦੭ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ, ਇਸ ਤੋਂ ਪਹਿਲਾਂ ਗੁਰਮਤਿ ਸਮਾਗਮਾਂ ਸਮੇਂ ਜਥੇਦਾਰ ਬਲਵੰਤ ਸਿੰਘ ਜੀ ਨੰਦਗੜ੍ਹ ਅਤੇ ਜਥੇਦਾਰ ਜਗਦੇਵ ਸਿੰਘ ਜੀ ਤਲਵੰਡੀ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਭਰਪੂਰ ਸਿੰਘ ਜੀ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ, ਬੀਬੀ ਹਰਬੰਸ ਕੌਰ ਜੀ ਸੁਖਾਣਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਭਰਪੂਰ ਸਿੰਘ ਜੀ ਇੰਚਾਰਜ ਸਬ-ਆਫਿਸ ਨੇ ਅੰਮ੍ਰਿਤ ਛਕਣ ਆਈਆਂ ਸੰਗਤਾਂ ਨੂੰ ਸਿੱਖ-ਇਤਿਹਾਸ ਅਤੇ ਧਾਰਮਿਕ ਪਰੰਪਰਾਵਾਂ, ਅੰਮ੍ਰਿਤ ਦੀ ਮਹਾਨਤਾ ਬਾਰੇ ਜਾਣੂੰ ਕਰਵਾਇਆ, ਇਸ ਸਮੇਂ ਅਨੇਕਾਂ ਪ੍ਰਾਣੀ ਝੂਠੇ ਸੌਦੇ ਨੂੰ ਤਿਲਾਂਜਲੀ ਦੇ ਕੇ ਮੁੜ ਸਿੱਖ ਧਰਮ ਵਿਚ ਸ਼ਾਮਲ ਹੋਏ। ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਕਕਾਰ, ਧਾਰਮਿਕ ਲਿਟਰੇਚਰ ਵੰਡਿਆ ਗਿਆ। ਅੰਤ ਵਿਚ ਪ੍ਰਬੰਧਕ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਸ. ਹਰਜੀਤ ਸਿੰਘ ਜੀ ਮੈਨੇਜਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ੨੦੦ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਹਰਬੇਅੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। *ਮਿਤੀ ੫-੯-੨੦੦੭*